


26 ਜਨਵਰੀ 2025, ਭਾਰਤ ਦੇ ਗਣਤੰਤਰ ਦਿਵਸ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। ਵਿਸ਼ੇਸ ਲੇਖ ਅੰਦਰ ਦੇਖੋ।

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 42
January 22, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 139ਵਾਂ ਜਨਮ ਦਿਨ ਉਨ੍ਹਾਂ ਦੇ ਜਨਮ ਸਥਾਨ ਪਿੰਡ ਮੁਗੋਵਾਲ ਵਿੱਚ ਗਰਾਮ ਪੰਚਾਇਤ ਦੀ ਅਗਵਾਈ ਵਿੱਚ ਮਨਾਇਆ ਗਿਆ।
*(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)*

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

## 20 ਹਜ਼ਾਰ ਭਾਰਤੀਆਂ ਨੂੰ ਅਮਰੀਕਾ ਤੋਂ ਕੱਢਣ ਦੀ ਤਿਆਰੀ

**ਵਾਸ਼ਿੰਗਟਨ (ਬਿਊਰੋ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਕਈ ਮਹੱਤਵਪੂਰਨ ਫੈਸਲੇ ਲਏ। ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਸਖ਼ਤ ਕਾਰਵਾਈ ਕਰਨ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਮੈਕਸੀਕੋ ਨਾਲ ਲੱਗਦੀ ਦੱਖਣੀ ਸਰਹੱਦ 'ਤੇ ਉਨ੍ਹਾਂ ਅਪਰਾਧੀਆਂ ਨੂੰ ਨਿਸ਼ਾਨਾ ਬਣਾ




ਰਿਹਾ ਹੈ ਜੋ ਬਿਨਾਂ ਦਸਤਾਵੇਜ਼ਾਂ ਦੇ ਦੇਸ਼ ਵਿੱਚ ਦਾਖਲ ਹੋਏ ਸਨ। ਅਮਰੀਕਾ ਵਿੱਚ 20,000 ਤੋਂ ਵੱਧ ਭਾਰਤੀ ਹਨ, ਜੋ ਬਿਨਾਂ ਕਿਸੇ ਦਸਤਾਵੇਜ਼ ਦੇ ਅਮਰੀਕਾ ਵਿੱਚ ਮੌਜੂਦ ਹਨ। ਰਿਪੋਰਟ ਦੇ ਅਨੁਸਾਰ, ਭਾਰਤ ਸਰਕਾਰ ਇਨ੍ਹਾਂ ਲੋਕਾਂ ਨੂੰ ਵਾਪਸ ਲਿਆਉਣ ਲਈ ਟਰੰਪ ਪ੍ਰਸ਼ਾਸਨ ਨਾਲ ਕੰਮ ਕਰਨ ਲਈ ਤਿਆਰ ਹੈ। ਭਾਰਤ ਨਹੀਂ ਚਾਹੁੰਦਾ ਕਿ ਗੈਰ-ਕਾਨੂੰਨੀ ਨਾਗਰਿਕਾਂ ਦਾ ਮੁੱਦਾ H-1B ਵੀਜ਼ਾ ਅਤੇ ਵਿਦਿਆਰਥੀ ਵੀਜ਼ਾ ਵਰਗੇ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕਰੇ।

ਅਮਰੀਕੀ ਸਰਕਾਰ ਦੇ ਅੰਕੜਿਆਂ ਅਨੁਸਾਰ, 2023 ਵਿੱਚ 3,86,000 ਲੋਕਾਂ ਨੂੰ H-1B ਵੀਜ਼ਾ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਲਗਭਗ ਤਿੰਨ-ਚੌਥਾਈ ਭਾਰਤੀ ਨਾਗਰਿਕ ਹਨ। ਅਮਰੀਕਾ ਵਿੱਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮਾਮਲੇ ਵਿੱਚ ਭਾਰਤ ਬਹੁਤ ਹੇਠਾਂ ਹੈ।

# ਅਹੁਦਾ ਸੰਭਾਲਦੇ ਹੀ ਰਾਸ਼ਟਰਪਤੀ ਟਰੰਪ ਨੇ ਲਏ ਤਾਬੜਤੋੜ ਫੈਸਲੇ

## ਜਨਮ ਸਿੱਧ ਨਾਗਰਿਕਤਾ ਕਾਨੂੰਨ ਖਤਮ ਹੋਵੇਗੀ, ਮੈਕਸੀਕੋ ਬਾਰਡਰ 'ਤੇ ਐਮਰਜੈਂਸੀ ਲਗਾਈ

**ਵਾਸ਼ਿੰਗਟਨ (ਬਿਊਰੋ)**- ਅਹੁਦੇ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਡੋਨਾਲਡ ਟਰੰਪ ਨੇ ਕਈ ਵੱਡੇ ਫੈਸਲੇ ਲਏ। ਉਹਨਾਂ ਬਿਡੇਨ ਸਰਕਾਰ ਦੇ 78 ਫੈਸਲਿਆਂ ਨੂੰ ਰੱਦ ਕਰ ਦਿੱਤਾ। 6 ਜਨਵਰੀ 2021 ਨੂੰ ਕੈਪੀਟਲ ਹਿੱਲ 'ਤੇ ਹੋਏ ਹਮਲੇ ਦੇ ਦੋਸ਼ੀ 1500 ਲੋਕਾਂ ਨੂੰ ਮਾਫ਼ੀ ਦੇਣ ਤੋਂ ਲੈ ਕੇ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ. .) ਤੋਂ ਅਮਰੀਕਾ ਨੂੰ ਬਾਹਰ ਕੱਢਣ ਤੱਕ ਕਈ ਫੈਸਲੇ ਲਏ। ਜ਼ਿਕਰਯੋਗ ਹੈ ਕਿ ਟਰੰਪ ਨੇ ਅਮਰੀਕਾ 'ਚ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕੀ ਇਮੀਗ੍ਰੇਸ਼ਨ ਨੀਤੀ 'ਚ ਵੱਡਾ ਬਦਲਾਅ ਹੋਵੇਗਾ। ਇਸ ਨਾਲ ਅਮਰੀਕਾ ਦੇ ਉਨ੍ਹਾਂ ਲੱਖਾਂ ਬੱਚਿਆਂ ਦੀ ਨਾਗਰਿਕਤਾ ਪ੍ਰਭਾਵਿਤ ਹੋਵੇਗੀ, ਜਿਨ੍ਹਾਂ ਦਾ ਜਨਮ ਭਾਵੇਂ ਅਮਰੀਕਾ ਵਿਚ ਹੋਇਆ ਹੋਵੇ, ਪਰ ਉਨ੍ਹਾਂ ਦੇ ਮਾਪੇ ਵਰਕ ਵੀਜ਼ੇ 'ਤੇ ਉਥੇ ਹਨ, ਨਾਗਰਿਕਤਾ ਨਹੀਂ ਮਿ-ਲੇਗੀ। ਦਰਅਸਲ, ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਅਨੁਸਾਰ ਉਸ ਧਰਤੀ 'ਤੇ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਹੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ। ਮਾਪਿਆਂ ਦੀ ਵਧਦੀ ਗਿਣਤੀ ਆਪਣੇ ਬੱਚਿਆਂ ਨੂੰ ਜਨਮ ਦੇਣ ਲਈ ਅਮਰੀਕਾ ਜਾ ਰਹੀ ਹੈ। ਇਸ ਨੂੰ ਬਰਥ ਟੂਰਿਜ਼ਮ ਕਿਹਾ ਜਾਂਦਾ ਹੈ। ਅਹਿਮ ਮੁੱਦਿਆਂ 'ਤੇ ਫੈਸਲੇ ਲਏ ਗਏ। ਹੁਕਮਾਂ 'ਚ ਕਿਹਾ ਗਿਆ ਹੈ ਕਿ ਅਮਰੀਕਾ 'ਚ ਪੈਦਾ ਹੋਏ ਬੱਚਿਆਂ ਨੂੰ ਹੀ ਅਮਰੀਕੀ ਨਾਗਰਿਕਤਾ ਦਿੱਤੀ ਜਾਵੇਗੀ, ਜਿਨ੍ਹਾਂ ਦੇ ਮਾਤਾ-ਪਿਤਾ ਅਮਰੀਕੀ ਨਾਗਰਿਕ ਹਨ ਜਾਂ ਉਨ੍ਹਾਂ 'ਚੋਂ ਕਿਸੇ ਇਕ ਕੋਲ ਗ੍ਰੀਨ ਕਾਰਡ ਹੈ। ਜਾਣਕਾਰੀ ਮੁਤਾਬਕ ਅਮਰੀਕਾ 'ਚ 48 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ, ਜਿਨ੍ਹਾਂ 'ਚੋਂ ਵੱਡਾ ਹਿੱਸਾ ਉਨ੍ਹਾਂ ਦਾ ਹੈ, ਜਿਨ੍ਹਾਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਹੋਈ ਹੈ। ਅਮਰੀਕਾ 'ਚ ਐਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਲੋਕਾਂ ਲਈ ਪਰਿਵਾਰ ਨਿਯੋਜਨ ਵੱਡੀ ਸਮੱਸਿਆ ਬਣਨ ਵਾਲਾ ਹੈ।



### 'ਬ੍ਰਿਕਸ' ਮੁਲਕਾਂ ਨੂੰ ਮੁੜ ਧਮਕਾਇਆ

ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਦੀ ਸ਼ਮੂਲੀਅਤ ਵਾਲੇ ਦਸ ਮੁਲਕੀ ਸਮੂਹ 'ਬ੍ਰਿਕਸ' ਨੂੰ ਮੁੜ ਚੇਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ ਤਾਂ ਉਹ ਇਨ੍ਹਾਂ ਮੁਲਕਾਂ 'ਤੇ 100 ਫੀਸਦੀ ਟੈਕਸ ਲਗਾਉਣਗੇ। ਟਰੰਪ, ਜਿਨ੍ਹਾਂ ਸੋਮਵਾਰ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਹਲਫ਼ ਲਿਆ ਹੈ, ਨੇ ਕਿਹਾ, "ਜੇ ਬ੍ਰਿਕਸ ਮੁਲਕ ਅਜਿਹਾ ਕਰਨਾ ਚਾਹੁੰਦੇ ਹਨ, ਤਾਂ ਫਿਰ ਕੋਈ ਗੱਲ ਨਹੀਂ, ਪਰ ਅਸੀਂ ਉਨ੍ਹਾਂ ਵੱਲੋਂ ਅਮਰੀਕਾ ਨਾਲ ਕੀਤੇ ਜਾਂਦੇ ਕਾਰੋਬਾਰਾਂ 'ਤੇ ਘੱਟੋ ਘੱਟ 100 ਫੀਸਦ ਟੈਕਸ ਲਾਵਾਂਗੇ।" ਬ੍ਰਿਕਸ ਦਸ ਮੁਲਕਾਂ- ਰੂਸ, ਭਾਰਤ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਇਥੋਪੀਆ, ਇੰਡੋਨੇਸ਼ੀਆ, ਇਰਾਨ ਤੇ ਸੰਯੁਕਤ ਅਰਬ ਅਮੀਰਾਤ ਦੀ ਸ਼ਮੂਲੀਅਤ ਵਾਲੀ ਅੰਤਰ-ਸਰਕਾਰੀ ਜਥੇਬੰਦੀ ਹੈ। ਇਸ ਤੋਂ ਪਹਿਲਾਂ ਦਸੰਬਰ ਵਿਚ ਵੀ ਟਰੰਪ ਨੇ ਬ੍ਰਿਕਸ ਸਮੂਹ ਨੂੰ ਅਜਿਹੀ ਚੇਤਾਵਨੀ ਦਿੱਤੀ ਸੀ।

### 78 ਫਾਈਲਾਂ ਰੱਦ

ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਿਹਾ ਕਿ ਅਮਰੀਕਾ ਦਾ ਸੁਨਹਿਰੀ ਦੌਰ ਸ਼ੁਰੂ ਹੋ ਗਿਆ ਹੈ। ਸਹੁੰ ਚੁੱਕਣ ਤੋਂ ਥੋੜ੍ਹੀ ਦੇਰ ਬਾਅਦ, ਰਾਸ਼ਟਰਪਤੀ ਟਰੰਪ ਨੇ ਕਈ ਆਦੇਸ਼ਾਂ 'ਤੇ ਦਸਤਖਤ ਕੀਤੇ। ਉਸ ਨੇ ਕਈ ਸਖ਼ਤ ਫੈਸਲੇ ਲਏ, ਜਿਨ੍ਹਾਂ ਦੀ ਉਮੀਦ ਸੀ। ਸਹੁੰ ਚੁੱਕ ਸਮਾਗਮ ਤੋਂ ਬਾਅਦ, ਟਰੰਪ ਓਵਲ ਦਫ਼ਤਰ ਪਹੁੰਚੇ। ਉਨ੍ਹਾ ਨੇ ਕਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ। ਇਸ ਦੇ ਨਾਲ ਹੀ, ਬਾਇਡਨ ਸਰਕਾਰ ਦੇ 78 ਫੈਸਲੇ ਰੱਦ ਕਰ ਦਿੱਤੇ ਗਏ। ਟਰੰਪ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਬਾਇਡਨ ਪ੍ਰਸ਼ਾਸਨ ਵਿੱਚ ਲਾਗੂ ਕੀਤੇ ਗਏ ਉਨ੍ਹਾਂ 80 ਫੈਸਲਿਆਂ ਨੂੰ ਰੱਦ ਕਰਾਂਗਾ ਜੋ ਅਮਰੀਕਾ ਦੇ ਵਿਕਾਸ ਵਿੱਚ ਰੁਕਾਵਟ ਪਾ ਰਹੇ ਹਨ।

## ਕੋਲਕਾਤਾ ਬਲਾਤਕਾਰ ਕਾਂਡ ਦੇ ਦੋਸ਼ੀ ਸੰਜੇ ਰਾਏ ਨੂੰ ਉਮਰ ਕੈਦ, 164 ਦਿਨਾਂ ਬਾਅਦ ਆਇਆ ਫੈਸਲਾ

**ਕੋਲਕਾਤਾ (ਬਿਊਰੋ)**- ਕੋਲਕਾਤਾ ਦੇ ਸਰਕਾਰੀ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇੱਕ ਮਹਿਲਾ ਡਾਕਟਰ ਨਾਲ ਬੇਰਹਿਮੀ ਦੇ ਮਾਮਲੇ ਵਿੱਚ ਮੁਲਜ਼ਮ ਸਿਵਲ ਵਲੰਟੀਅਰ ਸੰਜੇ ਰਾਏ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਿਆਲਦਾਹ ਅਦਾਲਤ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਨਿਰਬਾਨ ਦਾਸ ਨੇ ਇਹ ਸਜ਼ਾ ਸੁਣਾਈ। ਸੀਬੀਆਈ ਦੇ ਵਕੀਲ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਹੈ। ਸੀਬੀਆਈ ਨੇ ਕਿਹਾ ਕਿ ਸਜ਼ਾ ਨਾਲ ਸਮਾਜ ਵਿੱਚ ਭਰੋਸਾ ਬਹਾਲ ਹੋਵੇਗਾ, ਕਿਉਂਕਿ ਇਸ ਕੇਸ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਰਿਵਾਰ ਦੇ ਵਕੀਲ ਨੇ ਮੰਗ ਕੀਤੀ ਕਿ ਫਾਂਸੀ ਦੀ ਬਜਾਏ ਕੋਈ ਹੋਰ ਸਜ਼ਾ ਦਿੱਤੀ ਜਾਵੇ। ਸੰਜੇ ਰਾਏ ਨੂੰ ਭਾਰਤੀ ਨਿਆਂ ਸੰਹਿਤਾ ਦੀ ਧਾਰਾ 64 (ਜਬਰ-ਜਨਾਹ), 66 (ਜਬਰ-ਜਨਾਹ ਤੋਂ ਬਾਅਦ ਮੌਤ) ਤੇ 103 (1) (ਕਤਲ) ਦੇ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਸੰਜੇ ਜੋ ਕਿ ਇਸ ਕੇਸ ਦਾ ਇਕਲੌਤਾ ਮੁੱਖ ਦੋਸ਼ੀ ਸੀ ਉਸ ਨੂੰ ਘਟਨਾ ਦੇ 162 ਦਿਨਾਂ ਬਾਅਦ ਤੇ ਸਿਆਲਦਾਹ ਅਦਾਲਤ ਵਿਚ 59 ਦਿਨਾਂ ਦੀ ਨਿਆਂਇਕ ਪ੍ਰਕਿਰਿਆ ਤੋਂ ਬਾਅਦ ਮੁਲਜ਼ਮ ਠਹਿਰਾਇਆ ਗਿਆ। ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਸੀ। 9 ਅਗਸਤ 2024 ਨੂੰ ਹਸਪਤਾਲ ਦੇ ਸੈਮੀਨਾਰ ਹਾਲ 'ਚੋਂ ਇਕ ਮਹਿਲਾ ਡਾਕਟਰ ਦੀ ਲਾਸ਼ ਬਰਾਮਦ ਹੋਈ ਸੀ। ਅਗਲੇ ਦਿਨ ਸੰਜੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਾਮਲੇ 'ਚ 51 ਲੋਕਾਂ ਦੇ ਬਿਆਨ ਦਰਜ ਕੀਤੇ ਗਏ ਹਨ।

ਨਾਮ ਗੁਪਤ ਰੱਖਣ ਦੀ ਬੇਨਤੀ ਕਰਦੇ ਹੋਏ, ਸੰਜੇ ਦੀ ਵੱਡੀ ਭੈਣ ਨੇ ਕਿਹਾ ਕਿ ਪਰਿਵਾਰ ਵਲੋਂ ਕਿਸੇ ਵੀ ਅਦਾਲਤ ਵਿੱਚ ਆਦੇਸ਼ ਨੂੰ ਚੁਣੌਤੀ ਦੇਣ ਦੀ ਕੋਈ ਯੋਜਨਾ ਨਹੀਂ ਹੈ। ਪੱਤਰਕਾਰਾਂ ਦੁਆਰਾ ਪੁੱਛੇ ਜਾਣ 'ਤੇ ਕਿਹਾ ਕੀ ਉਹ ਸੋਚਦੀ ਹੈ ਕਿ ਉਸਦਾ ਭਰਾ ਸੱਚਮੁੱਚ ਦੋਸ਼ੀ ਹੈ, ਉਸਨੇ ਕਿਹਾ: 'ਕਿਰਪਾ ਕਰਕੇ ਮੈਨੂੰ ਇਕੱਲਾ ਛੱਡ ਦਿਓ।' ਅਸੀਂ ਟੁੱਟ ਗਏ ਹਾਂ।


















# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program

**Jai Gurdev – Dhan Gurdev**
**Guru Piyari Saadh Sangat Ji:**
**Waheguru Ji Ka Khalsa Waheguru Ji KI Fateh!**
**The following programs will be celebrated at the Gurdwara Sahib:**

**January 26, 2025**
**Barsi of Late Bhai Rattan Singh Bhatia and Mata Gurmit Kaur Bhatia**

Bhai Kashmiri Bhatia, Bibi Kamaljeet Kaur Bhatia and family will be hosting Sukhmani Sahib Path and Langar Sewa in the sweet memory of their parents, Late Bhai Rattan Singh Bhatia and Mata Gurmit Kaur, on Sunday, January 26, 2025. May Guru Sahib bless this dedicated Bhatia family.

**February 2, 2025**
**Barsi of Late Bhai Raj Mal and Bibi Raj Mati**

In the sweet memory of Late Bhai Raj Mal and Late Bibi Raj Mati, Roshni Mal and family will be hosting Sukhmani Sahib path and langar Sewa, on Sunday, February 2, 2025. Mal family is requesting everyone to come and join them in the ARDAS.

**February 7-8-9, 2025**
**Akhand Path by Bhai Benny Singh and family**

Bhai Benny Singh and family will be hosting Akhand Path and Langar Sewa starting on February 7, 2025 (FRIDAY) 9:30 AM and conclude on February 9, 2025 (SUNDAY) 9:30 for the CHRDIKALA of their family.

**February 14-15-16, 2025**
**Gurpurb Satguru Ravidass Ji**

Satguru Ravidass ji was born in 1377, in Kanshi, India. Satguru Ravidass Ji was a great religious and social reformer and Satguru Ji dedicated his whole life for the welfare of the humanity. Guru Ji preached social harmony among all and preached against caste discrimination.



Sri Guru Ravidass Sabha CA, Pittsburg is celebrating the 648th Parkash Utsav

ਤੇਰੀ ਮੋਰੀ ਮੋਰੀ ਤੇਰੀ ਅੰਤਰੁ ਕੈਸਾ ॥
ਕਨਕ ਕਿਟਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥

" Satguru Ravidass Ji "

of SATGURU RAVIDASS JI on Sunday, February 16, 2025 at the temple. GURU JI KI SANGAT will perform Langar, Path and Parshad Sewa for this program Akhand Path will start on February 14, 2025 (FRIDAY) 9:30 AM and conclude on February 16, 2025 (SUNDAY) 9:30 AM followed by KIRTAN DIWAN until 2:00 PM

Nishan Sahib Hoisting Ceremony will be held at 11:00 AM on February 15, 2025 (Saturday)

Prominent Kirtani Jatha of Bhai Onkar Singh ji, Una Wale and Bhai Balwinder Singh ji will enhance the Kirtan Diwan along with Katha by Sant Krishan Nath Ji Chaheru Wale. Entire Sangat is cordially invited to participate in the celebrations with family and friends and get blessings of Satguru Ravidass Ji

The Management Committee needs volunteers to prepare and serve Langar, keep Gurughar clean and organized, directing traffic/parking, kitchen Sewa, Jorha Sewa and other Sewas on all three days of Gurpurab Celebrations. or STALLS or any other SEWA, please contact President Sunita Singh at (415)233-3319 or Chairman Vinod Kumar at (408)718-2506. The Management Committee requests the help, support and co-operation from the entire sangat to celebrate 648th. Gurpurab of Guru Ravidass Ji.

**There will be a Health Camp on February 16, 25 from 10:00 AM to 2:00 PM.**

Your DONATIONS in CASH or KIND will be greatly appreciated.
Members are requested to renew their membership by January 31, 2025.

*Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.*

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru■ravidasstemple.com



**Chairman**
**Vinod Kumar**



**President**
**Sunita Bangar**



**Gen. Secretary**
**Upinder Pal Ricky**



**Treasurer**
**Shinder Pal Narabut**

# Lohri was celebrated in the Sri Guru Ravidass Gurughar Pittsburg (California)

## Sukhmani Sahib Path and Langar Sewa was hosted by Ramesh Suman, Gyan Suman and Suman family

The festival of Lohri was celebrated in the Pittsburg Gurughar on Monday, January 13, 2025. This festival has a special importance among Indian diasporas. This festival marks the end of coldest winter, the bonfire is lit to end the worries and ignite the new dreams, the name of Dulla Bhatti, the great warrior of Punjab who revolted against the tyranny of Mughal emperor Akbar, is chanted in gratitude. The Lohri festival is also the celebration of New beginnings for newlyweds and newly born, the sweetness of Rewari and Gachak symbolizes the sharing the joy of love and affection among family and friends and above all the festival marks the beginning of harvesting season of different crops.

On this day Sukhmani Sahib Path and Langar Sewa was hosted by Ramesh Suman, Gyan Suman and Suman family. The parents of newborn children came with their newborn babies to Gurughar and got blessings of Guru Granth Sahib Ji. May Guru Sahib Ji bless these newborn children with a very prosperous, happy and long life.

The Gurughar Management and the host family is thankful to Sangat and Sewadars, especially Vinod Kumar, Sunita Singh, Kulwant Banga, Vijay Paul, Roni Narabut, Jaswinder Kaur, Surjit Kaur, Gyan Rattu, Satya Mati Rattu, Kiran Banga, Soma Rani, Sohan Singh Dosanjh, Harbans Rattu. Gurnam Rattu, Naresh Kumar, Shashi Paul, Balwinder Kumar, Santokh Madhar, Salinder Bhatia, Giani Ji and their families who worked tirelessly to make this Lohri festival rememberable and remarkable. Almost 350 devotees celebrated and enjoyed the festival of Lohri in the Gurughar and got the blessings of Guru Ji.

Jatha of Giani Balwinder Singh and Bhai Harjinder Singh Rasia did very melodious Kirtan. Bonfire was started around 8:00 PM. The Devotee family of Gina and Major Bhatia brought peanuts and Rewari to share with Sangat, celebrating the first Lohri of their first grandchild (Dohta ).Sangat appreciated SAAG & MAKKI DI ROTI and sweet rice made with fresh sugarcane juice (GANE DA RAS).

**Report by Ramesh Suman**
















‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਨੇ ਸਹੁੰ ਚੁੱਕੀ

## ਸਾਬਕਾ ਰਾਸ਼ਟਰਪਤੀ ਜੋ ਬਾਈਡਨ ਤੇ ਅਰਬਪਤੀ ਮਾਰਕ ਜ਼ੁਕਰਬਰਗ, ਜੈਫ ਬੇਜੋਸ, ਟਿਮ ਕੁੱਕ ਅਤੇ ਸੁੰਦਰ ਪਿਚਾਈ ਵੀ ਹੋਏ ਸ਼ਾਮਿਲ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਡੋਨਾਲਡ ਟਰੰਪ ਨੇ ਸੋਮਵਾਰ ਨੂੰ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਉਸਨੇ ਵਾਸ਼ਿੰਗਟਨ ਦਾ ਸਮੂਹਕ ਕੰਟਰੋਲ ਸੰਭਾਲਣ ਅਤੇ ਦੇਸ਼ ਦੇ ਸੰਸਥਾਨਾਂ ਨੂੰ ਮੁੜ ਨਵੀਂ ਦਿਸ਼ਾ ਦੇਣ ਲਈ ਅਹੁਦਾ ਸੰਭਾਲਣ ਸਮੇ ਉਸਨੇ ਆਪਣੇ ਕੰਮਾਂ ਨੂੰ ਪੂਰੀ ਤਰ੍ਹਾਂ ਉਲਟਾਉਣ ਦਾ ਵੀ ਵਾਅਦਾ ਕੀਤਾ। ਟਰੰਪ, ਜਿਸਨੇ ਵ੍ਹਾਈਟ ਹਾਊਸ ਵਿੱਚ ਇੱਕ ਹੋਰ ਕਾਰਜਕਾਲ ਲਈ ਮਹਾਂਦੋਸ਼ਾਂ, ਅਪਰਾਧਿਕ ਦੋਸ਼ਾਂ ਅਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਕੇਸਾਂ ਤੇ ਚਲਦਿਆਂ ਇਹ ਚੋਣ ਜਿੱਤੀ ਸੀ। ਉਨਾਂ ਸੁਹੰ ਚੁੱਕ ਸਮਾਰੋਹ ਦੋਰਾਨ ਕਿਹਾ ਕਿ ਉਹ ਸਾਰੂ ਕੀਤੇ ਵਾਦਿਆਂ ਤੇ ਤੇਜ਼ੀ ਨਾਲ ਕਾਰਵਾਈ ਕਰੇਗਾ, ਜਿਸ ਵਿੱਚ ਸਰਹੱਦੀ ਕ੍ਰਾਸਿੰਗਾਂ 'ਤੇ ਰੋਕ ਲਗਾਉਣ, ਜੈਵਿਕ ਬਾਲਣ ਵਿਕਾਸ ਨੂੰ ਵਧਾਉਣ ਅਤੇ ਸੰਘੀ ਸਰਕਾਰ ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰੋਗਰਾਮਾਂ ਨੂੰ ਖਤਮ ਕਰਨ ਲਈ ਉਸਦੇ ਦਸਤਖਤ ਲਈ ਪਹਿਲਾਂ ਹੀ ਤਿਆਰ ਕਾਰਜਕਾਰੀ ਆਦੇਸ਼ ਹੋ ਚੁੱਕੇ ਹਨ। ਟਰੰਪ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਉਸਦੇ ਪ੍ਰਸ਼ਾਸਨ ਦੇ ਅਧੀਨ 'ਸਾਡੀ ਪ੍ਰਭੂਸੱਤਾ ਮੁੜ ਪ੍ਰਾਪਤ ਕੀਤੀ ਜਾਵੇਗੀ। ਸਾਡੀ ਸੁਰੱਖਿਆ ਬਹਾਲ ਕੀਤੀ ਜਾਵੇਗੀ। ਨਿਆਂ ਦੇ ਪੈਮਾਨੇ ਨੂੰ ਮੁੜ ਸੰਤੁਲਿਤ ਕੀਤਾ ਜਾਵੇਗਾ। 'ਉਸਨੇ ਅੱਗੇ ਕਿਹਾ: 'ਇਸ ਪਲ ਤੋਂ, ਅਮਰੀਕਾ ਦਾ ਪਤਨ ਖਤਮ ਹੋ ਗਿਆ ਹੈ। 'ਟਰੰਪ ਦਾ ਇਹ ਸਹੁੰ ਚੁੱਕ ਸਮਾਗਮ ਕੈਪੀਟਲ ਰੋਟੂੰਡਾ ਦੇ ਅੰਦਰ ਹੋਇਆ, ਇਹ 40 ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ । ਕੈਪੀਟਲ ਵਿਖੇ, ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਪਹਿਲਾਂ ਸਹੁੰ ਚੁਕਾਈ ਗਈ, ਸੁਪਰੀਮ ਕੋਰਟ ਦੇ ਜਸਟਿਸ ਬ੍ਰੇਟ ਕੈਵਾਨੌ ਦੁਆਰਾ ਉਸਦੀ ਪੜਦਾਦੀ ਦੁਆਰਾ ਦਿੱਤੀ ਗਈ ਬਾਈਬਲ 'ਤੇ ਸਹੁੰ ਚੁੱਕੀ ਗਈ। ਟਰੰਪ ਨੇ ਦੁਪਹਿਰ ਤੋਂ ਕੁਝ ਪਲਾਂ ਬਾਅਦ, ਇੱਕ ਪਰਿਵਾਰਕ ਬਾਈਬਲ ਅਤੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੁਆਰਾ 1861 ਦੇ ਉਦਘਾਟਨ ਸਮੇਂ ਵਰਤੇ ਗਏ ਇੱਕ ਬਾਈਬਲ ਦੀ ਵਰਤੋਂ ਕੀਤੀ ਜਦੋਂ ਚੀਫ ਜਸਟਿਸ ਜੌਨ ਰੌਬਰਟਸ ਨੇ ਆਪਣੀ ਸਹੁੰ ਚੁਕਾਈ। ਅਰਬਪਤੀਆਂ ਅਤੇ ਤਕਨੀਕੀ ਦਿੱਗਜਾਂ ਦੇ ਇੱਕ ਕੈਡਰ - ਜਿਸ ਵਿੱਚ ਮਾਰਕ ਜ਼ੁਕਰਬਰਗ, ਜੈਫ ਬੇਜੋਸ, ਟਿਮ ਕੁੱਕ ਅਤੇ ਸੁੰਦਰ ਪਿਚਾਈ ਸ਼ਾਮਲ ਹਨ - ਨੂੰ ਕੈਪੀਟਲ ਵਿੱਚ ਪ੍ਰਮੁੱਖ ਅਹੁਦੇ ਦਿੱਤੇ ਗਏ। ਰੋਟੂੰਡਾ, ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਦੀ ਆਉਣ ਵਾਲੀ ਟੀਮ ਨਾਲ ਰਲ ਗਿਆ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲੋਨ ਮਸਕ ਵੀ ਸਨ। ਟਰੰਪ ਨੇ ਦਿਨ ਦੀ ਸ਼ੁਰੂਆਤ ਸੇਂਟ ਜੌਹਨ ਐਪੀਸਕੋਪਲ ਚਰਚ ਵਿਖੇ ਪ੍ਰਾਰਥਨਾ ਸੇਵਾ ਨਾਲ ਕੀਤੀ। ਉਨ੍ਹਾਂ ਦਾ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਦਾ ਸਵਾਗਤ ਬਾਅਦ ਵਿੱਚ ਕਾਰਜਕਾਰੀ ਮਹਿਲ ਦੇ ਉੱਤਰੀ ਪੋਰਟੀਕੋ ਵਿਖੇ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਅਤੇ ਪਹਿਲੀ ਮਹਿਲਾ ਜਿਲ ਬਿਡੇਨ ਦੁਆਰਾ ਰਵਾਇਤੀ ਚਾਹ ਅਤੇ ਕੌਫੀ ਰਿਸੈਪਸ਼ਨ ਲਈ ਕੀਤਾ ਗਿਆ। ਇਹ ਚਾਰ ਸਾਲ ਪਹਿਲਾਂ ਦੀ ਇੱਕ ਬਹੁਤ ਹੀ ਅਜੀਬ ਵਿਦਾਇਗੀ ਸੀ, ਇਕ ਸਮੇਂ ਟਰੰਪ ਨੇ ਬਿਡੇਨ ਦੀ ਜਿੱਤ ਨੂੰ ਸਵੀਕਾਰ ਕਰਨ ਜਾਂ ਉਨ੍ਹਾਂ ਦੇ ਉਦਘਾਟਨ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਘਰ ਵਿੱਚ ਤੁਹਾਡਾ ਸਵਾਗਤ ਹੈ, 'ਬਿਡੇਨ ਨੇ ਚੁਣੇ ਹੋਏ ਰਾਸ਼ਟਰਪਤੀ ਦੇ ਕਾਰ ਤੋਂ ਬਾਹਰ ਨਿਕਲਣ ਤੋਂ ਬਾਅਦ ਟਰੰਪ ਨੂੰ ਕਿਹਾ। ਦੋਵੇਂ ਰਾਸ਼ਟਰਪਤੀ, ਜਿਨ੍ਹਾਂ ਨੇ ਇੱਕ ਦੂਜੇ ਦੀ ਸਖ਼ਤ ਆਲੋਚਨਾ ਕਰਦੇ ਹੋਏ ਕਈ ਸਾਲ ਬਿਤਾਏ ਹਨ। ਟਰੰਪ ਨੇ ਕਦੇ ਵੀ ਰਿਪਬਲਿਕਨ ਪਾਰਟੀ 'ਤੇ ਆਪਣੀ ਪਕੜ ਨਹੀਂ ਗੁਆਈ ਅਤੇ ਅਪਰਾਧਿਕ ਮਾਮਲਿਆਂ ਅਤੇ ਦੋ ਕਤਲ ਦੀਆਂ ਕੋਸ਼ਿਸ਼ਾਂ ਤੋਂ ਡਰਿਆ ਨਹੀਂ। ਟਰੰਪ ਨੇ 'ਨਿਰਪੱਖ, ਬਰਾਬਰ ਅਤੇ ਨਿਰਪੱਖ ਨਿਆਂ' ਸ਼ੁਰੂ ਕਰਨ ਦਾ ਵਾਅਦਾ ਕੀਤਾ। ਉਸਨੇ ਇਹ ਵੀ ਸਵੀਕਾਰ ਕੀਤਾ ਕਿ ਉਹ ਮਾਰਟਿਨ ਲੂਥਰ ਕਿੰਗ ਜੂਨੀਅਰ ਦਿਵਸ 'ਤੇ ਅਹੁਦਾ ਸੰਭਾਲ ਰਿਹਾ ਹੈ, ਜੋ ਮਾਰੇ ਗਏ ਨਾਗਰਿਕ ਅਧਿਕਾਰਾਂ ਦੇ ਨਾਇਕ ਦਾ ਸਨਮਾਨ ਕਰਦਾ ਹੈ। ਟਰੰਪ ਨੇ ਕਿਹਾ, 'ਅਸੀਂ ਉਸਦੇ ਸੁਪਨੇ ਨੂੰ ਹਕੀਕਤ ਬਣਾਉਣ ਲਈ ਇਕੱਠੇ ਕੋਸ਼ਿਸ਼ ਕਰਾਂਗੇ, ਅਤੇ ਉਸਨੇ ਨਵੰਬਰ ਵਿੱਚ ਕਾਲੇ ਅਤੇ ਲੈਟਿਨੋ ਵੋਟਰਾਂ ਦਾ ਸਮਰਥਨ ਕਰਨ ਲਈ ਧੰਨਵਾਦ ਕੀਤਾ। ਟਰੰਪ ਰਾਸ਼ਟਰਪਤੀ ਵਜੋਂ ਸੇਵਾ ਕਰਨ ਲਈ - ਗੁਪਤ ਪੈਸੇ ਦੀ ਅਦਾਇਗੀ ਨਾਲ ਸਬੰਧਤ ਵਪਾਰਕ ਰਿਕਾਰਡਾਂ ਨੂੰ ਜਾਅਲੀ ਬਣਾਉਣ ਲਈ - ਇੱਕ ਘੋਰ ਅਪਰਾਧ ਦਾ ਦੋਸ਼ੀ ਠਹਿਰਾਇਆ ਗਿਆ ਪਹਿਲਾ ਵਿਅਕਤੀ ਹੈ ਜੋ ਰਾਸ਼ਟਰਪਤੀ ਦੇ ਅਹੁਦੇ ਤੇ ਬਿਰਾਜਮਾਨ ਹੋ ਰਿਹਾ ਹੈ। ਉਸਨੇ ਸੰਵਿਧਾਨ ਨੂੰ ਉਸੇ ਥਾਂ ਤੋਂ 'ਸੁਰੱਖਿਅਤ, ਰੱਖਿਆ ਅਤੇ ਬਚਾਅ' ਕਰਨ ਦਾ ਵਾਅਦਾ ਕੀਤਾ ਜਿੱਥੇ ਉਸਦੇ ਸਮਰਥਕਾਂ ਨੇ 6 ਜਨਵਰੀ, 2021 ਨੂੰ ਕਬਜ਼ਾ ਕਰ ਲਿਆ ਸੀ। ਉਸਨੇ ਕਿਹਾ ਹੈ ਕਿ ਉਸਦੇ ਪਹਿਲੇ ਕੰਮਾਂ ਵਿੱਚੋਂ ਇਸ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਮਾਫ਼ ਕਰਨਾ ਹੋਵੇਗਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਲਾਸ ਏਂਜਲਸ ਅੱਗ ਵਿਭਾਗ ਵਿਚ ਸਟਾਫ ਦੀ ਘਾਟ ਕਾਰਨ ਵੀ ਅੱਗ ਬੁਝਾਉਣ ਦੇ ਯਤਨ ਨਹੀਂ ਸਾਬਤ ਹੋ ਰਹੇ ਕਾਰਗਰ

## ਯੂਨੀਅਨ ਵੱਲੋਂ ਮੁੱਦਾ ਉਠਾਉਣ ਦੇ ਬਾਵਜੂਦ ਨਹੀਂ ਦਿੱਤਾ ਕਿਸੇ ਨੇ ਧਿਆਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਲਾਸ ਏਂਜਲਸ ਕਾਊਂਟੀ, ਕੈਲੀਫੋਰਨੀਆ, ਦੇ ਜੰਗਲਾਂ ਨੂੰ ਲੱਗੀ ਅੱਗ ਨੂੰ ਹਫਤਾ ਹੋਣ ਵਾਲਾ ਹੈ ਪਰੰਤੂ ਅਜੇ ਤੱਕ ਅੱਗ ਉਪਰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਨਾ ਕਾਫੀ ਸਾਬਤ ਹੋ ਰਹੀਆਂ ਹਨ। ਜਾਵੇਗਾ। ਜੇਕਰ ਦੂਸਰੇ ਸ਼ਹਿਰਾਂ ਨਾਲ ਤੁਲਨਾ ਕਰੀਏ ਤਾਂ ਯੂਨੀਅਨ ਦੁਆਰਾ ਉਠਾਇਆ ਗਿਆ ਮੁੱਦਾ ਠੀਕ ਲੱਗਦਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਅਮਰੀਕਾ ਦੇ 10 ਵੱਡੇ ਸ਼ਹਿਰਾਂ ਦੀ ਤੁਲਨਾ ਵਿਚ ਲਾਸ ਏਂਜਲਸ ਫਾਇਰ ਵਿਭਾਗ (ਐਲ ਏ ਐਫ



ਹੁਣ ਤੱਕ ਦੋ ਦਰਜਨ ਤੋਂ ਵਧ ਲੋਕ ਅੱਗ ਵਿਚ ਸੜ ਕੇ ਮਾਰੇ ਜਾ ਚੁੱਕੇ ਹਨ ਤੇ 40000 ਤੋਂ ਵਧ ਜੰਗਲ ਸੜ ਗਏ ਹਨ। ਇਸ ਤੋਂ ਇਲਾਵਾ 12000 ਤੋਂ ਵਧ ਇਮਾਰਤਾਂ ਅੱਗ ਦੀ ਭੇਟ ਹੋ ਚੁੱਕੀਆਂ ਹਨ। ਇਹਨਾਂ ਵਿਚ ਘਰ, ਸਕੂਲ ਤੇ ਕਾਰੋਬਾਰੀ ਇਮਾਰਤਾਂ ਸ਼ਾਮਿਲ ਹਨ। ਅੱਗ ਉਪਰ ਕਾਬੂ ਨਾ ਪਾ ਸਕਣ ਦੇ ਹੋਰ ਕਾਰਨਾਂ ਤੋਂ ਇਲਾਵਾ ਇਕ ਮੁੱਖ ਕਾਰਨ ਲਾਸ ਏਂਜਲਸ ਅੱਗ ਵਿਭਾਗ (ਐਲ ਏ ਐਫ ਡੀ) ਵਿਚ ਸਟਾਫ ਦੀ ਘਾਟ ਹੋਣਾ ਵੀ ਇਕ ਕਾਰਨ ਹੈ। ਅੱਗ ਲੱਗਣ ਤੋਂ ਇਕ ਮਹੀਨੇ ਦੇ ਵੀ ਘੱਟ ਸਮੇ ਤੋਂ ਪਹਿਲਾਂ ਸਿਟੀ ਹਾਲ ਵਿਚ ਇਕੱਠੇ ਹੋਏ ਲੰਬੇ ਸਮੇ ਤੋਂ ਕੰਮ ਕਰਦੇ ਆ ਰਹੇ ਅੱਗ ਬੁਝਾਉਣ ਵਾਲੇ ਸਟਾਫ ਨੇ ਸਾਧਨਾਂ ਦੀ ਘਾਟ ਦਾ ਮੁੱਦਾ ਉਠਾਇਆ ਸੀ ਤੇ ਕਿਹਾ ਸੀ ਕਿ ਲੱਖਾਂ ਡਾਲਰਾਂ ਦੀ ਕੀਮਤ ਵਾਲੇ ਅੱਗ ਬੁਝਾਉਣ ਵਾਲੇ ਟਰੱਕ ਮਕੈਨਿਕਾਂ ਦੀ ਘਾਟ ਕਾਰਨ ਚਿੱਟਾ ਹਾਥੀ ਬਣ ਗਏ ਹਨ। ਬਜਟ ਦੀ ਘਾਟ ਕਾਰਨ ਮਕੈਨਿਕਾਂ ਦੀ ਗਿਣਤੀ ਸੁੰਗੜ ਗਈ ਹੈ। ਸ਼ਹਿਰ ਦੇ ਅੱਗ ਵਿਭਾਗ ਦੀ ਯੂਨੀਅਨ ਦੇ ਪ੍ਰਧਾਨ ਫਰੈਡੀ ਐਸਕੋਬਰ ਨੇ ਕਿਹਾ ਸੀ ਕਿ 'ਮੈ ਉਹ ਕਹਿਣ ਜਾ ਰਿਹਾ ਹਾਂ ਜੋ ਲੋਕ ਨਹੀਂ ਕਹਿ ਸਕਦੇ। ਜੇਕਰ ਅਸੀਂ ਇਕ ਅਸਾਮੀ ਘਟਾਉਂਦੇ ਹਾਂ, ਇਕ ਸਟੇਸ਼ਨ ਬੰਦ ਕਰਦੇ ਹਾਂ ਤਾਂ ਲਾਸ ਏਂਜਲਸ ਵਾਸੀਆਂ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ ਤੇ ਕੋਈ ਮਾਰਿਆ

ਡੀ) ਵਿਚ ਸਟਾਫ ਘੱਟ ਹੈ ਜਿਸ ਕਾਰਨ ਰੋਜਾਨਾ ਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਤੇ ਵੱਡੀ ਪੱਧਰ 'ਤੇ ਲੱਗ ਰਹੀਆਂ ਅੱਗਾਂ ਦੀਆਂ ਘਟਨਾਵਾਂ ਨਾਲ ਨਜਿੱਠਣ ਵਿਚ ਮੁਸ਼ਕਿਲ ਆ ਰਹੀ ਹੈ। ਅਮਰੀਕਾ ਦੇ ਅੱਗ ਨਾਲ ਪ੍ਰਭਾਵਿਤ ਹੋਣ ਵਾਲੇ ਖਤਰਨਾਕ ਖੇਤਰਾਂ ਵਿਚ ਲਾਸ ਏਂਜਲਸ ਸ਼ਾਮਿਲ ਹੋਣ ਦੇ ਬਾਵਜੂਦ ਐਲ ਏ ਐਫ ਡੀ ਕੋਲ 1000 ਵਾਸੀਆਂ ਪਿੱਛੇ ਇਕ ਮੁਲਾਜ਼ਮ (ਫਾਇਰਫਾਈਟਰ) ਹੈ। ਸ਼ਿਕਾਗੋ, ਡਲਾਸ ਤੇ ਹਿਊਸਟਨ ਵਰਗੇ ਦੂਸਰੇ ਸ਼ਹਿਰਾਂ ਵਿਚ ਏਨੇ ਹੀ ਵਾਸੀਆਂ ਲਈ ਤਕਰੀਬਨ 2 ਮੁਲਾਜ਼ਮ ਹਨ। ਵੱਡੇ ਸ਼ਹਿਰਾਂ ਵਿਚ ਕੇਵਲ ਸੈਨ ਡਇਏਗੋ ਹੀ ਇਕ ਅਜਿਹਾ ਸ਼ਹਿਰ ਹੈ ਜਿਸ ਕੋਲ ਪ੍ਰਤੀ ਵਿਅਕਤੀ ਘੱਟ ਮੁਲਾਜ਼ਮ ਹਨ। ਸੈਨ ਫਰਾਂਸਿਸਕੋ ਕੋਲ 15 ਲੱਖ ਵੱਸੋਂ ਲਈ 1800 ਮੁਲਾਜ਼ਮ ਹਨ ਜਦ ਕਿ ਲਾਸ ਏਂਜਲਸ ਦੀ 40 ਲੱਖ ਆਬਾਦੀ ਲਈ 3500 ਮੁਲਾਜ਼ਮ ਨਿਸ਼ਚਤ ਕੀਤੇ ਗਏ ਹਨ। ਹਾਲਾਂ ਕਿ ਮਾਹਿਰ ਮੰਨਦੇ ਹਨ ਕਿ ਏਨੀ ਵੱਡੀ ਪੱਧਰ ਉਪਰ ਲੱਗੀ ਅੱਗ 'ਤੇ ਵਿਸ਼ਵ ਦਾ ਕੋਈ ਵੀ ਅੱਗ ਬੁਝਾਊ ਵਿਭਾਗ ਆਸਾਨੀ ਨਾਲ ਸਾਹਮਣਾ ਨਹੀਂ ਕਰ ਸਕਦਾ ਪਰੰਤੂ ਐਲ ਏ ਐਫ ਡੀ ਵਿਚ ਮੁਲਾਜ਼ਮਾਂ ਦੀ ਘਾਟ ਦਾ ਹੋਣਾ ਆਪਣੇ ਆਪ ਵਿਚ ਇਕ ਵੱਡਾ ਮੁੱਦਾ ਹੈ। ਯੁਨੀਅਨ ਅਨੁਸਾਰ ਐਲ ਏ ਐਫ ਡੀ ਵਿਚ ਹੋਰ ਨਿਵੇਸ਼ ਦੀ ਲੋੜ ਹੈ।

# ਲਾਕੇਨ ਰਿਲੇ ਐਕਟ ਸਮੂਹਿਕ ਦੇਸ਼ ਨਿਕਾਲੇ ਦਾ ਰਾਸ਼ਟਰੀ ਮਾਰਗ- ਸਾਂਸਦ ਜਯਾਪਾਲ ਵੱਲੋਂ ਜਬਰਦਸਤ ਵਿਰੋਧ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਭਾਰਤੀ-ਅਮਰੀਕੀ ਮੂਲ ਦੀ ਕਾਂਗਰਸ ਮੈਂਬਰ ਪਰਾਮਿਲਾ ਜਯਾਪਾਲ ਨੇ ਲਾਕੇਨ ਰਿਲੇ ਐਕਟ ਦਾ ਜਬਰਦਸਤ ਵਿਰੋਧ ਕਰਦਿਆਂ ਕਿਹਾ ਹੈ ਕਿ 'ਇਹ ਸਮੂਹਿਕ ਦੇਸ਼ ਨਿਕਾਲੇ ਦਾ ਰਾਸ਼ਟਰੀ ਮਾਰਗ ਹੈ। ਇਸ ਬਿੱਲ ਵਿਚ ਪ੍ਰਵਾਸੀ ਅਪਰਾਧੀਆਂ ਨੂੰ ਨਿ-ਸ਼ਾਨਾ ਬਣਾਇਆ ਗਿਆ ਹੈ ਤੇ ਬਿੱਲ ਅਧਿਕਾਰੀਆਂ ਨੂੰ ਬਿਨਾਂ ਲੋੜੀਂਦੀ ਪ੍ਰਕ੍ਰਿਆ ਦੇ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਸ ਕਾਰਨ ਬਿੱਲ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਜਯਾਪਾਲ ਨੇ ਟਵਿਟਰ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਇਹ ਬੁਰਾ ਬਿੱਲ ਹੈ। ਇਸ ਤਹਿਤ ਲੋੜੀਂਦੀ ਪ੍ਰਕ੍ਰਿਆ ਨੂੰ ਅਖੋਂ ਪਰੋਖੇ ਕੀਤਾ ਗਿਆ ਹੈ ਤੇ ਬਿਨਾਂ ਦਸਤਾਵੇਜ ਉਸ ਵਿਅਕਤੀ ਵਿਰੁੱਧ ਕਾਰਵਾਈ ਦੀ ਇਜਾਜ਼ਤ ਦਿੱਤੀ ਗਈ ਹੈ ਜੋ ਵਿਅਕਤੀ ਚੋਰੀ ਜਾਂ ਸਟੋਰ ਤੋਂ ਕੋਈ ਸਮਾਨ ਚੁੱਕ ਕੇ ਦੌੜ ਜਾਣ ਦੇ ਮਾਮਲੇ ਵਿਚ ਗ੍ਰਿਫਤਾਰ ਹੋਇਆ ਹੋਵੇ ਜਾਂ ਉਸ ਵਿਰੁੱਧ ਦੋਸ਼ ਲਾਏ ਗਏ ਹੋਣ।



ਕਿਸੇ ਸੁਣਵਾਈ ਦੀ ਲੋੜ ਨਹੀਂ ਜਿਸ ਕਾਰਨ ਪ੍ਰਵਾਸੀ ਡਰੇ ਹੋਏ ਹਨ। ਜਯਾਪਾਲ ਅਨੁਸਾਰ ਇਹ ਬਿੱਲ ਬਿਨਾਂ ਸਜ਼ਾ ਦੇ ਦਸਤਾਵੇਜ਼ ਰਹਿਤ ਪ੍ਰਵਾਸੀਆਂ ਦੀ ਗ੍ਰਿਫਤਾਰੀ ਦਾ ਰਾਹ ਪੱਧਰਾ ਕਰਦਾ ਹੈ। ਸਦਨ ਇਸ ਬਿੱਲ ਨੂੰ ਪਹਿਲਾਂ ਹੀ ਪਾਸ ਕਰ ਚੁੱਕਾ ਹੈ ਤੇ ਸੈਨੇਟ ਨੇ ਪਿੱਛਲੇ ਹਫਤੇ ਬਿੱਲ ਨੂੰ ਅਗਲੀ ਪ੍ਰਕ੍ਰਿਆ ਲਈ 84-9 ਦੇ ਫਰਕ ਨਾਲ ਅੱਗੇ ਤੋਰ ਦਿੱਤਾ ਹੈ।

# ਲਾਸ ਏਂਜਲਸ ਵਿਚ ਅਗਲੇ ਹਫਤੇ ਮੁੜ ਤੇਜ ਹਵਾਵਾਂ ਚੱਲਣ ਕਾਰਨ ਅੱਗ ਭੜਕ ਪੈਣ ਦੀ ਚਿਤਾਵਨੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਲਾਸ ਏਂਜਲਸ ਕਾਊਂਟੀ ਵਿਚ ਲੱਗੀ ਭਿਆਨਕ ਅੱਗ ਉਪਰ ਕਾਬੂ ਪਾਉਣ ਵਿੱਚ ਅੱਗ ਬੁਝਾਊ ਅਮਲੇ ਨੂੰ ਵੱਡੀ ਸਫਲਤਾ ਮਿਲੀ ਹੈ ਹਾਲਾਂ ਕਿ ਅੱਗ ਵਿਚ ਹਜਾਰਾਂ ਘਰ ਤੇ ਹੋਰ ਇਮਾਰਤਾਂ ਸੜ ਕੇ ਸਵਾਹ ਹੋ ਗਈਆਂ ਹਨ। ਇਸ ਦਰਮਿਆਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਗਲੇ ਹਫਤੇ ਤੇਜ ਹਵਾਵਾਂ ਚੱਲਣ ਦਾ ਅਨੁਮਾਨ ਹੈ ਜਿਸ ਕਾਰਨ ਅੱਗ ਮੁੜ ਭੜਕ ਸਕਦੀ ਹੈ।

ਲਾਸ ਏਂਜਲਸ ਅੱਗ ਵਿਭਾਗ ਦੀ ਮੁਖੀ ਬੀਬੀ ਕ੍ਰਿ-ਸਟਿਨ ਕਰੋਲੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਭਾਰੀ ਮਾਤਰਾ ਵਿਚ ਸੁੱਕਾ ਬਾਲਣ ਤੇ ਘੱਟ ਨਮੀ ਦਰਮਿਆਨ ਅਗਲੇ ਹਫਤੇ ਤੇਜ ਹਵਾਵਾਂ ਵਗਣ ਦੀ ਸੰਭਾਵਨਾ ਨੂੰ ਵੇਖਦਿਆਂ ਹੋਰ ਤਬਾਹੀ ਹੋ ਸਕਦੀ ਹੈ। ਇਸ ਲਈ ਲੋਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਘਰਾਂ ਦੁਆਲੇ 200 ਫੁੱਟ ਦੂਰ ਤੱਕ ਝਾੜੀਆਂ ਸਾਫ ਕਰ ਦੇਣ। ਬਿਆਨ ਵਿਚ ਕਿਹਾ ਗਿਆ ਹੈ ਕਿ ਹਵਾ ਕਾਰਨ ਜੰਗਲੀ ਅੱਗ ਵਿਚੋਂ ਉੱਠ ਰਹੇ ਅੰਗਿਆਰੇ ਇਕ ਮੀਲ ਤੱਕ ਮਾਰ ਕਰ ਸਕਦੇ ਹਨ ਤੇ ਅੱਗ ਲੱਗਣ ਦਾ ਕਾਰਨ ਬਣ ਸਕਦੇ ਹਨ। ਲਾਸ ਏਂਜਲਸ ਦੀ ਅੱਗ ਵਿਚ ਹੁਣ ਤੱਕ 25 ਮੌਤਾਂ ਹੋ ਚੁੱਕੀਆਂ ਹਨ ਇਸ ਤੋਂ ਇਲਾਵਾ 12000 ਤੋਂ ਵਧ ਘਰ ਤੇ ਹੋਰ ਇਮਾਰਤਾਂ ਤਬਾਹ ਹੋ ਗਈਆਂ ਹਨ। ਅੱਗ ਵਿਚ ਮਰੇ ਪਾਲਤੂ ਪਸ਼ੂ ਤੇ ਹੋਰ ਜਾਨਵਰਾਂ ਬਾਰੇ ਪ੍ਰਸ਼ਾਸਨ ਨੇ ਅਜੇ ਤੱਕ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਗਣਤੰਤਰ ਦਿਵਸ 'ਤੇ ਬਾਬਾ ਸਾਹਿਬ ਨੂੰ ਯਾਦ ਕਰਦਿਆਂ

**ਪ੍ਰੇਮ ਕੁਮਾਰ ਚੁੰਬਰ**

**ਮੁੱਖ ਸੰਪਾਦਕ: ਅੰਬੇਡਕਰ ਟਾਈਮਜ਼/ਦੇਸ਼ ਦੁਆਬਾ**

ਬਾਬਾ ਸਾਹਿਬ ਡਾ: ਭੀਮ ਰਾਓ ਰਾਮਜੀ ਅੰਬੇਦਕਰ (14 ਅਪ੍ਰੈਲ, 1891 – 6 ਦਸੰਬਰ, 1956) ਇੱਕ ਮਹਾਨ ਮਾਨਵਵਾਦੀ, ਦੱਬੇ-ਕੁਚਲੇ ਲੋਕਾਂ ਦੇ



ਮੁਕਤੀਦਾਤਾ, ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ, ਮੰਨੇ-ਪ੍ਰਮੰਨੇ ਕਾਨੂੰਨ-ਵਿਗਿਆਨੀ, ਸੱਚੇ ਸੁੱਚੇ ਲੋਕ ਨੇਤਾ, ਇਮਾਨਦਾਰ ਸਿਆਸਤਦਾਨ ਅਤੇ ਵਿਦਵਾਨ ਬਰਾਬਰ ਉੱਤਮ ਸਨ। ਉਹਨਾਂ ਨੇ ਬਹੁਤ ਸਾਰੇ ਸਮਾਜਿਕ ਸੁਧਾਰ ਦੇ ਉਪਾਅ ਸ਼ੁਰੂ ਕੀਤੇ ਅਤੇ ਭਾਰਤ ਦੀ ਧਰਤੀ ਤੋਂ ਜਾਤ-ਪਾਤ ਨੂੰ ਖ਼ਤਮ ਕਰਨ ਲਈ ਆਪਣੇ ਜੀਵਨ 'ਚ ਲੰਬੇ ਸੰਘਰਸ਼ ਲਈ ਤਿੰਨ ਸਿਆਸੀ ਪਾਰਟੀਆਂ ਦੀ ਸਥਾਪਨਾ ਕੀਤੀ। ਉਹਨਾਂ ਦਾ ਦ੍ਰਿੜ ਵਿਚਾਰ ਸੀ ਕਿ ਭਾਰਤ ਦੇ ਇੱਕ ਰਾਸ਼ਟਰ ਬਣਨ ਦੇ ਰਾਹ ਵਿੱਚ ਜਾਤ-ਪਾਤ ਸਭ ਤੋਂ ਵੱਡੀ ਰੁਕਾਵਟ ਹੈ। ਆਪਣੇ ਮਹਾਂ-ਪ੍ਰੀਨਿਰਵਾਨ ਤੋਂ ਕੁਝ ਸਮਾਂ ਪਹਿਲਾਂ, ਉਹਨਾਂ ਨੇ ਭਾਰਤ ਦੇ ਕਰੋੜਾਂ ਸਮਾਜਿਕ ਤੌਰ 'ਤੇ ਵੱਖ ਕੀਤੇ ਅਤੇ ਵਿਤਕਰੇ ਦੇ ਸ਼ਿਕਾਰ ਲੋਕਾਂ ਨੂੰ ਜਾਤ ਅਤੇ ਛੂਤ-ਛਾਤ ਦੇ ਸਦੀਆਂ ਪੁਰਾਣੇ ਸਰਾਪ ਤੋਂ ਛੁਟਕਾਰਾ ਪਾਉਣ ਲਈ ਇੱਕ ਨਵਾਂ ਰਾਹ ਦਿਖਾਉਣ ਲਈ ਭਾਰਤ ਵਿੱਚ ਬੋਧੀ ਅੰਦੋਲਨ ਦੀ ਨੀਂਹ ਰੱਖੀ। ਉਹਨਾਂ ਦੀ ਵਿਦਵਤਾ ਅਤੇ ਮਾਨਵਤਾ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਦੀ ਸ਼ਾਨਦਾਰ ਪਹੁੰਚ ਨੇ ਉਹਨਾਂ ਨੂੰ ਬ੍ਰਿਟਿਸ਼ ਸ਼ਾਸਨ ਅਤੇ ਆਜ਼ਾਦ ਭਾਰਤ ਦੌਰਾਨ ਵੱਖ-ਵੱਖ ਜ਼ਿੰਮੇਵਾਰੀਆਂ ਦੇ ਅਹੁਦਿਆਂ 'ਤੇ ਲਿਆ। ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਸਨ।

ਆਜ਼ਾਦ ਭਾਰਤ ਦੇ ਸੰਵਿਧਾਨ ਦੀ ਡਰਾਫਟ ਕਮੇਟੀ ਦੇ ਚੇਅਰਮੈਨ ਵਜੋਂ, ਉਹਨਾਂ ਨੇ ਆਜ਼ਾਦ ਭਾਰਤ ਦੇ ਸੰਵਿਧਾਨ ਦਾ ਖਰੜਾ ਤਿਆਰ ਕੀਤਾ, ਜਿਸ ਨੂੰ ਸੰਵਿਧਾਨ ਸਭਾ ਦੁਆਰਾ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ। ਉਦੋਂ ਤੋਂ, 26 ਨਵੰਬਰ ਨੂੰ ਸੰਵਿਧਾਨ ਦਿਵਸ (ਸੰਵਿਧਾਨ ਦਿਵਸ) ਵਜੋਂ ਜਾਣਿਆ ਜਾਂਦਾ ਹੈ।) ਇਸਨੂੰ "ਰਾਸ਼ਟਰੀ ਕਾਨੂੰਨ ਦਿਵਸ" ਵਜੋਂ ਵੀ ਜਾਣਿਆ ਜਾਂਦਾ ਹੈ, ਅਤੇ ਭਾਰਤ ਵਿੱਚ ਹਰ ਸਾਲ 26 ਨਵੰਬਰ ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਡਾ: ਬੀ.ਆਰ. ਅੰਬੇਡਕਰ ਇੱਕ ਉੱਘੇ ਲੇਖਕ ਵੀ ਸਨ, ਜਿਨ੍ਹਾਂ ਨੇ ਛੂਤ-ਛਾਤ ਵਿਰੁੱਧ ਆਪਣੀ ਮੁਹਿੰਮ ਦੌਰਾਨ ਤਿੰਨ ਚੰਗੀਆਂ ਪ੍ਰਾਪਤੀਆਂ ਵਾਲੀਆਂ ਅਖਬਾਰਾਂ ਵੀ ਚਲਾਈਆਂ। ਉਹਨਾਂ ਅਮਰੀਕਾ ਅਤੇ ਯੂਕੇ ਦੀਆਂ ਨਾਮਵਰ ਯੂਨੀਵਰਸਿਟੀਆਂ ਤੋਂ ਆਰਥਿਕ ਅਤੇ ਹੋਰ ਬਹੁਤ ਸਾਰੀਆਂ ਅਕਾਦਮਿਕ ਡਿਗਰੀਆਂ ਵਿੱਚ ਡਾਕਟਰੇਟ ਹਾਸਲ ਕੀਤੀਆਂ। ਉਹਨਾਂ ਨੂੰ ਹੁਣ ਤੱਕ ਦੁਨੀਆ ਦੇ ਕੁਝ ਸਭ ਤੋਂ ਬੁੱਧੀਮਾਨ ਲੋਕਾਂ ਵਿੱਚੋਂ ਇੱਕ ਚੁਣਿਆ ਗਿਆ ਹੈ। 1990 ਵਿੱਚ, ਭਾਰਤ ਰਤਨ, ਭਾਰਤ ਦਾ ਸਰਵਉੱਚ ਨਾਗਰਿਕ ਪੁਰਸਕਾਰ, ਉਹਨਾਂ ਨੂੰ ਮਰਨ ਉਪਰੰਤ ਪ੍ਰਦਾਨ ਕੀਤਾ ਗਿਆ ਸੀ। ਕੁਝ ਸਾਲ ਪਹਿਲਾਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਭਾਰਤ ਦੇ ਸੰਵਿਧਾਨ ਦੇ ਮੁੱਖ ਆਰਕੀਟੈਕਟ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਸੰਵਿਧਾਨ ਦਿਵਸ 'ਤੇ ਸੁਪਰੀਮ ਕੋਰਟ ਦੇ ਅਹਾਤੇ ਵਿੱਚ ਡਾ. ਬੀ. ਆਰ. ਅੰਬੇਡਕਰ ਦੀ ਇੱਕ ਸ਼ਾਨਦਾਰ 7 ਫੁੱਟ ਉੱਚੀ ਸਟੈਚੂ ਦਾ ਉਦਘਾਟਨ ਕੀਤਾ। ਸਮਾਰੋਹ ਦੌਰਾਨ ਭਾਰਤ ਦੇ ਉਸ ਵਕਤ ਦੇ ਚੀਫ਼ ਜਸਟਿਸ ਡੀ.ਵਾਈ ਚੰਦਰਚੂੜ ਅਤੇ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੀ ਮੌਜੂਦ ਸਨ।

ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਬੋਧੀਸਤਵ, ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਨੂੰ ਉਨ੍ਹਾਂ ਨੂੰ ਗਣਤੰਤਰ ਦਿਵਸ ਦੇ ਦਿਨ ਮੌਕੇ ਪਿਆਰ ਅਤੇ ਸਤਿਕਾਰ ਨਾਲ ਯਾਦ ਕਰਦੇ ਹਨ।

# ਸੰਵਿਧਾਨਕ ਸੰਸਥਾਵਾਂ ਦੀ ਸਾਖ਼ ਦਾਅ 'ਤੇ



**ਕਪਿਲ ਸਿੱਬਲ**

ਕੁਝ ਸਮਾਂ ਪਹਿਲਾਂ ਨੋਇਡਾ ਵਿਚ ਇਕ ਕਨਵੈਨਸ਼ਨ ਦੌਰਾਨ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਇਕ ਮਹੱਤਵਪੂਰਨ ਮੁੱਦਾ ਛੇੜਿਆ। ਇਸ ਦੀ ਪੜਤਾਲ ਜ਼ਰੂਰੀ ਹੈ। ਉਨ੍ਹਾਂ ਦਾ ਸੰਕੇਤ ਸੀ ਕਿ ਵਿਰੋਧੀ ਪਾਰਟੀਆਂ ਦੁਆਰਾ ਸੰਵਿਧਾਨਕ ਸੰਸਥਾਵਾਂ ਦਾ ਵੱਕਾਰ ਮਿੱਟੀ ਵਿਚ ਮਿਲਾਇਆ ਜਾ ਰਿਹਾ ਹੈ। ਉਨ੍ਹਾਂ ਦਾ ਇਸ਼ਾਰਾ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਵੱਲ ਸੀ ਜਿਨ੍ਹਾਂ ਨੇ ਸੰਸਦ ਦੇ ਸਾਹਮਣੇ ਉਨ੍ਹਾਂ ਦੀ ਨਕਲ ਉਤਾਰੀ ਸੀ। ਕਿਸੇ ਦੀ ਨਕਲ ਉਤਾਰਨ ਵਿਚ ਆਖ਼ਰ ਕੀ ਹਰਜ ਹੈ? ਇਸ ਸਵਾਲ 'ਤੇ ਮੰਥਨ ਕਰਨ ਤੋਂ ਪਹਿਲਾਂ ਇਸ ਸਵਾਲ 'ਤੇ ਵਿਚਾਰ ਕਰਦੇ ਹਾਂ ਕਿ ਦੇਸ਼ ਵਿਚ ਸੰਵਿਧਾਨਕ ਸੰਸਥਾਵਾਂ ਨੂੰ ਕੌਣ ਨੁਕਸਾਨ ਪਹੁੰਚਾ ਰਿਹਾ ਹੈ? ਹਾਲੀਆ ਦੌਰ ਵਿਚ ਰਾਜਪਾਲਾਂ ਨਾਲ ਜੁੜੇ ਕਈ ਮਾਮਲੇ ਚਰਚਿਤ ਰਹੇ ਹਨ। ਰਾਜਪਾਲ ਕੇਂਦਰ ਸਰਕਾਰ ਅਤੇ ਸੂਬਿਆਂ ਵਿਚਾਲੇ ਇਕ ਮਹੱਤਵਪੂਰਨ ਕੜੀ ਹਨ।

ਸੰਵਿਧਾਨ ਮੁਤਾਬਕ ਰਾਜਪਾਲ ਸੂਬੇ ਦੀ ਵਿਧਾਨ ਸਭਾ ਦਾ ਅੰਗ ਹੁੰਦਾ ਹੈ। ਜਦ ਸੂਬੇ ਦੀ ਵਿਧਾਨ ਸਭਾ ਕੋਈ ਬਿੱਲ ਪਾਸ ਕਰ ਕੇ ਉਸ ਨੂੰ ਰਾਜਪਾਲ ਅੱਗੇ ਵਿਚਾਰ ਲਈ ਭੇਜਦੀ ਹੈ ਤਦ ਰਾਜਪਾਲ ਕੋਲ ਤਿੰਨ ਬਦਲ ਹੁੰਦੇ ਹਨ। ਪਹਿਲਾ ਇਹ ਕਿ ਉਹ ਬਿੱਲ ਨੂੰ ਮਨਜ਼ੂਰੀ ਪ੍ਰਦਾਨ ਕਰਨ ਤਾਂ ਕਿ ਸਬੰਧਤ ਬਿੱਲ ਕਾਨੂੰਨ ਬਣ ਜਾਵੇ। ਦੂਜਾ, ਇਹ ਕਿ ਜੇ ਕਾਨੂੰਨੀ ਪੱਧਰ 'ਤੇ ਉਨ੍ਹਾਂ ਨੂੰ ਕੋਈ ਖਾਮੀ ਨਜ਼ਰ ਆਵੇ ਤਾਂ ਉਹ ਉਸ ਨੂੰ ਰਾਸ਼ਟਰਪਤੀ ਕੋਲ ਵਿਚਾਰ ਲਈ ਭੇਜ ਸਕਦੇ ਹਨ। ਤੀਜਾ ਬਦਲ ਇਹ ਹੁੰਦਾ ਹੈ ਕਿ ਉਹ ਆਪਣੀ ਟਿੱਪਣੀ ਦੇ ਨਾਲ ਬਿੱਲ ਵਾਪਸ ਵਿਧਾਨ ਸਭਾ ਨੂੰ ਭੇਜ ਦੇਣ। ਜੇ ਵਿਧਾਨ ਸਭਾ ਉਸ ਨੂੰ ਮੁੜ ਪਾਸ ਕਰ ਕੇ ਉਨ੍ਹਾਂ ਨੂੰ ਵਾਪਸ ਭੇਜ ਦੇਵੇ ਤਦ ਰਾਜਪਾਲ ਕੋਲ ਉਸ ਨੂੰ ਮਨਜ਼ੂਰੀ ਦੇਣ ਤੋਂ ਇਲਾਵਾ ਹੋਰ ਕੋਈ ਬਦਲ ਬਾਕੀ ਨਹੀਂ ਰਹਿ ਜਾਂਦਾ। ਸਮੇਂ-ਸਮੇਂ 'ਤੇ ਇਹ ਦੇਖਣ ਵਿਚ ਆਇਆ ਹੈ ਕਿ ਵਿਰੋਧੀ ਪਾਰਟੀਆਂ ਦੀ ਹਕੂਮਤ ਵਾਲੇ ਸੂਬਿਆਂ ਵਿਚ ਰਾਜਪਾਲ ਮਹੀਨਿਆਂ ਤੱਕ ਬਿੱਲਾਂ ਨੂੰ ਲਟਕਾਈ ਰੱਖਦੇ ਹਨ।

ਉਹ ਸੰਵਿਧਾਨਕ ਕਦਰਾਂ-ਕੀਮਤਾਂ ਤੋਂ ਉਲਟ ਕੇਂਦਰ ਦੇ ਅਜਿਹੇ ਦੂਤ ਦੇ ਰੂਪ ਵਿਚ ਕੰਮ ਕਰਦੇ ਹਨ ਜਿਸ ਦਾ ਨਤੀਜਾ ਅਕਸਰ ਸੂਬੇ ਦੇ ਹਿੱਤਾਂ ਦੇ ਉਲਟ ਨਿਕਲਦਾ ਹੈ। ਬੀਤੇ ਕੁਝ ਸਮੇਂ ਵਿਚ ਤਾਮਿਲਨਾਡੂ, ਬੰਗਾਲ, ਕੇਰਲ ਤੇ ਪੰਜਾਬ ਦੇ ਰਾਜਪਾਲਾਂ ਅਤੇ ਦਿੱਲੀ ਦੇ ਉਪ ਰਾਜਪਾਲ ਦੀ ਕਾਰਜਪ੍ਰਣਾਲੀ ਤੋਂ ਇਹੀ ਪ੍ਰਗਟ ਹੁੰਦਾ ਹੈ। ਅਜਿਹਾ ਉਨ੍ਹਾਂ ਸੂਬਿਆਂ ਵਿਚ ਦਿਸਦਾ ਹੈ ਜਿੱਥੇ ਵਿਰੋਧੀ ਪਾਰਟੀਆਂ ਸੱਤਾ ਵਿਚ ਹਨ। ਕਈ ਮਾਮਲਿਆਂ ਵਿਚ ਰਾਜਪਾਲ ਰਾਜ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਅਸਥਿਰ ਕਰਦੇ ਹੋਏ ਵੀ ਨਜ਼ਰ ਆਏ ਹਨ।

ਅਜਿਹੇ ਵਿਚ ਹੈਰਾਨੀ ਹੁੰਦੀ ਹੈ ਕਿ ਰਾਜਪਾਲ ਵਰਗੀਆਂ ਸੰਸਥਾਵਾਂ ਨੂੰ ਆਖ਼ਰ ਕੌਣ ਬਦਨਾਮ ਕਰ ਰਿਹਾ ਹੈ? ਕੇਂਦਰ ਵਿਚ ਸੱਤਾ ਸੰਭਾਲ ਰਹੀ ਧਿਰ ਵੱਲੋਂ ਚੋਣ ਕਮਿਸ਼ਨ ਵਰਗੀ ਸੰਸਥਾ ਦੇ ਵੱਕਾਰ ਨੂੰ ਵੀ ਢਾਹ ਲਾਈ ਜਾ ਰਹੀ ਹੈ। ਹਾਲੀਆ ਸਮੇਂ ਵਿਚ ਚੋਣ ਕਮਿਸ਼ਨ ਆਪਣੇ ਸੰਵਿਧਾਨਕ ਫ਼ਰਜ਼ਾਂ ਨੂੰ ਨਿਭਾਉਂਦਾ ਨਹੀਂ ਦਿਸਿਆ।

ਚੋਣ ਪ੍ਰਕਿਰਿਆ ਦੌਰਾਨ ਸੱਤਾਧਾਰੀ ਪਾਰਟੀ ਦੇ ਕਿਸੇ ਨੇਤਾ 'ਤੇ ਸ਼ਾਇਦ ਹੀ ਕੋਈ ਕਾਰਵਾਈ ਕੀਤੀ ਜਾਂਦੀ ਹੋਵੇ ਜਦਕਿ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦਾ ਕੋਈ ਮੌਕਾ ਨਹੀਂ ਛੱਡਿਆ ਜਾਂਦਾ। ਘੱਟ ਤੋਂ ਘੱਟ 2014 ਤੋਂ ਬਾਅਦ ਇਹ ਸਿਲਸਿਲਾ ਹੋਰ ਤੇਜ਼ ਹੋਇਆ ਹੈ। ਅਜਿਹੇ ਵਿਚ ਵਿਚਾਰ ਕੀਤਾ ਜਾਵੇ ਕਿ ਆਖ਼ਰ ਸੰਸਥਾਵਾਂ ਦਾ ਵੱਕਾਰ ਕੌਣ ਮਿੱਟੀ ਵਿਚ ਮਿਲਾ ਰਿਹਾ ਹੈ?

ਸੰਵਿਧਾਨਕ ਸੰਸਥਾਵਾਂ ਤੋਂ ਇਲਾਵਾ ਹੋਰ ਸੰਸਥਾਵਾਂ ਦੀ ਕਾਰਜਪ੍ਰਣਾਲੀ ਕਸੌਟੀ 'ਤੇ ਖ਼ਰੀ ਨਹੀਂ ਉਤਰ ਪਾ ਰਹੀ ਹੈ। ਰਾਸ਼ਟਰੀ ਜਾਂਚ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਤਾਂ ਚੁਣ-ਚੁਣ ਕੇ ਨਿਸ਼ਾਨਾ ਬਣਾਉਣ ਵਿਚ ਲੱਗੀਆਂ ਹੋਈਆਂ ਹਨ ਜਦਕਿ ਪਾਲਾ ਬਦਲ ਕੇ ਭਾਜਪਾ ਦਾ ਪੱਲਾ ਫੜਨ ਵਾਲੇ ਨੇਤਾਵਾਂ ਵਿਰੁੱਧ ਕਾਰਵਾਈ 'ਤੇ ਵਿਰਾਮ ਲਾ ਦਿੱਤਾ ਜਾਂਦਾ ਹੈ। ਇਨ੍ਹਾਂ ਸੰਸਥਾਵਾਂ ਦੀ ਸਾਖ਼ ਨੂੰ ਤਾਰ-ਤਾਰ ਕੌਣ ਕਰ ਰਿਹਾ ਹੈ? ਜਿੱਥੇ ਤੱਕ ਉਪ-ਰਾਸ਼ਟਰਪਤੀ ਦੁਆਰਾ ਮਮਿੱਕਰੀ ਦਾ ਮੁੱਦਾ ਚੁੱਕਣ ਦੀ ਗੱਲ ਹੈ ਤਾਂ ਮੈਂ ਇਹ ਚੇਤੇ ਕਰਵਾ ਸਕਦਾ ਹਾਂ ਕਿ ਕਈ ਵਾਰ ਭਾਜਪਾ ਨੇਤਾ ਹੀ ਅਜਿਹਾ ਕਰ ਚੁੱਕੇ ਹਨ। ਇੱਥੋਂ ਤੱਕ ਕਿ ਉਨ੍ਹਾਂ ਦੁਆਰਾ ਲੋਕ ਸਭਾ ਵਿਚ ਅਜਿਹਾ ਕੀਤਾ ਗਿਆ।

ਮੈਨੂੰ ਇਹ ਵੀ ਚੇਤੇ ਹੈ ਕਿ ਕਈ ਵਾਰ ਦੂਸਰਿਆਂ ਨੇ ਲੋਕ ਸਭਾ ਦੇ ਸਪੀਕਰ ਦੀ ਵੀ ਨਕਲ ਉਤਾਰੀ। ਮੈਂ ਮਮਿੱਕਰੀ ਦੇ ਮਾਮਲੇ ਦੇ ਗੁਣ-ਦੋਸ਼ ਦੀ ਚਰਚਾ ਨਹੀਂ ਕਰਨੀ ਚਾਹੁੰਦਾ ਪਰ ਇਸ ਵਿਚ ਜਾਤ ਦੀ ਬੇਇੱਜ਼ਤੀ ਦਾ ਮੁੱਦਾ ਉਛਾਲਣ ਦੀ ਕੋਈ ਤੁਕ ਨਹੀਂ ਸੀ ਜਿਸ ਦਾ ਯਤਨ ਚੇਅਰਮੈਨ ਸਾਹਿਬ ਨੇ ਕੀਤਾ। ਇਸ ਨੂੰ ਜਾਤ ਦੇ ਨਜ਼ਰੀਏ ਨਾਲ ਤੂਲ ਦੇਣਾ ਬੇਹੱਦ ਮੰਦਭਾਗਾ ਹੈ।

ਰਾਜ ਸਭਾ ਦੇ ਚੇਅਰਮੈਨ ਇਕ ਮੰਨੇ-ਪ੍ਰਮੰਨੇ ਵਕੀਲ ਵੀ ਹਨ ਅਤੇ ਮੈਂ ਪੂਰੇ ਸਨਮਾਨ ਨਾਲ ਉਨ੍ਹਾਂ ਨੂੰ ਇਹ ਵੀ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਸੰਸਦ ਦੇ ਰਿਟਰਨਿੰਗ ਅਫ਼ਸਰਾਂ ਨੂੰ ਨਿਰਪੱਖਤਾ ਦਾ ਸਬੂਤ ਦੇਣਾ ਚਾਹੀਦਾ ਹੈ। ਸਰਕਾਰੀਆ ਕਮਿਸ਼ਨ ਨੇ ਤਾਂ ਇੱਥੋਂ ਤੱਕ ਸੁਝਾਇਆ ਸੀ ਕਿ ਅਜਿਹੇ ਅਹੁਦਿਆਂ 'ਤੇ ਗ਼ੈਰ-ਸਿਆਸੀ ਵਿਅਕਤੀਆਂ ਦੀ ਨਿਯੁਕਤੀ ਹੋਣੀ ਚਾਹੀਦੀ ਹੈ। ਇਸ ਸੰਸਥਾ ਦੇ ਪੱਧਰ 'ਤੇ ਵੀ 2014 ਤੋਂ ਬਾਅਦ ਤੋਂ ਨਿਘਾਰ ਦੀ ਸਥਿਤੀ ਦਿਸੀ ਹੈ। ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਸਕੂਲੀ ਵਿਦਿਆਰਥੀਆਂ ਦੀ ਤਰ੍ਹਾਂ ਡਾਂਟਿਆ-ਫਟਕਾਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦਰਸਾਇਆ ਜਾ ਰਿਹਾ ਹੈ ਕਿ ਸੰਸਦ ਨੂੰ ਸੁਚਾਰੂ ਰੂਪ ਨਾਲ ਚਲਾਉਣਾ ਸਿਰਫ਼ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਹੈ ਜਦਕਿ ਇਸ ਦਾ ਮੂਲ ਫ਼ਰਜ਼ ਤਾਂ ਸੱਤਾ ਧਿਰ ਦਾ ਹੈ।

ਸੰਸਦ ਦੇ ਸਰਦ ਰੁੱਤ ਇਜਲਾਸ ਵਿਚ ਲੋਕ ਸਭਾ ਦੇ 100 ਤੇ ਰਾਜ ਸਭਾ ਦੇ 46 ਮੈਂਬਰਾਂ ਦੀ ਜਿਸ ਤਰ੍ਹਾਂ ਮੁਅੱਤਲੀ ਕੀਤੀ ਗਈ, ਉਹ ਭਾਰਤ ਦੇ ਸੰਸਦੀ ਇਤਿਹਾਸ ਵਿਚ ਇਕ ਰਿਕਾਰਡ ਹੈ। ਮੁਅੱਤਲੀ ਦੀਆਂ ਕੜੀਆਂ ਸੰਸਦ ਦੀ ਸੁਰੱਖਿਆ ਵਿਚ ਸੰਨ੍ਹਮਾਰੀ ਦੇ ਸਵਾਲ ਨਾਲ ਜੁੜੀਆਂ ਹੋਈਆਂ ਹਨ। ਸੰਸਦ ਦੀ ਸੁਰੱਖਿਆ ਵਿਚ ਸੰਨ੍ਹਮਾਰੀ ਸਾਡੇ ਲੋਕ-ਨੁਮਾਇੰਦਿਆਂ ਦੇ ਜੀਵਨ ਲਈ ਖ਼ਤਰਾ ਤੱਕ ਹੋ ਸਕਦੀ ਸੀ। ਮੇਰਾ ਮੰਨਣਾ ਹੈ ਕਿ ਇਹ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਸੀ ਕਿ ਉਹ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜਵਾਬ ਦੀ ਮੰਗ ਕਰੇ।

ਅਜਿਹਾ ਨਾ ਕਰਨਾ ਸੰਸਦ ਮੈਂਬਰ ਦੇ ਤੌਰ 'ਤੇ ਉਨ੍ਹਾਂ ਦਾ ਜ਼ਿੰਮੇਵਾਰੀ ਤੋਂ ਮੂੰਹ ਮੋੜਨਾ ਹੁੰਦਾ। ਅਸਲ ਵਿਚ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨੂੰ ਸਵੈ-ਇੱਛਕ ਤੌਰ 'ਤੇ ਇਸ ਮਾਮਲੇ ਵਿਚ ਆ ਕੇ ਬਿਆਨ ਦੇਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਅਜਿਹਾ ਕਰਨਾ ਮੁਨਾਸਿਬ ਨਾ ਸਮਝਿਆ ਜੋ ਬਹੁਤ ਮੰਦਭਾਗਾ ਰੁਝਾਨ ਹੈ। ਵਿਰੋਧੀ ਧਿਰ ਨੂੰ ਤਾਂ ਇਸ ਦੀ ਮੰਗ ਕਰਨ ਦੀ ਲੋੜ ਹੀ ਨਹੀਂ ਪੈਣੀ ਚਾਹੀਦੀ ਸੀ। ਅਜਿਹਾ ਨਾ ਕਰ ਕੇ ਉਲਟਾ ਵਿਰੋਧੀ ਧਿਰ ਦੇ ਸਵਾਲਾਂ ਦੀ ਇਸ ਤਰ੍ਹਾਂ ਅਣਦੇਖੀ ਕਰ ਕੇ ਸਰਕਾਰ ਨੇ ਇਹੀ ਦਰਸਾਇਆ ਕਿ ਸੰਸਦ ਪ੍ਰਤੀ ਉਸ ਦੇ ਸਨਮਾਨ ਦਾ ਪੱਧਰ ਕੀ ਹੈ।

ਸਰਕਾਰ ਦੇ ਅਜਿਹੇ ਵਤੀਰੇ ਨਾਲ ਹੀ ਵਿਰੋਧੀ ਪਾਰਟੀਆਂ ਨੂੰ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਦਾ ਨਤੀਜਾ ਆਖ਼ਰ ਉਨ੍ਹਾਂ ਦੀ ਮੁਅੱਤਲੀ ਦੇ ਰੂਪ ਵਿਚ ਨਿਕਲਿਆ। ਸਰਕਾਰ ਦਾ ਇਹ ਹੈਂਕੜ ਭਰਪੂਰ ਵਤੀਰਾ ਲੋਕਤੰਤਰ ਲਈ ਘਾਤਕ ਹੈ ਤੇ ਇਸ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਅਜਿਹੀ ਸਥਿਤੀ ਵਿਚ ਮੈਂ ਫਿਰ ਤੋਂ ਪੁੱਛਣਾ ਚਾਹਾਂਗਾ ਕਿ ਸੰਸਥਾਵਾਂ ਦਾ ਅਕਸ ਮਿੱਟੀ ਵਿਚ ਮਿਲਾਉਣ ਲਈ ਜ਼ਿੰਮੇਵਾਰ ਕੌਣ ਹੈ? ਹੁਣ ਕਿਉਂਕਿ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਿੱਛੇ ਛੱਡ ਕੇ ਨਵੇਂ ਸਾਲ ਵਿਚ ਦਾਖ਼ਲ ਹੋ ਚੁੱਕੇ ਹਾਂ ਤਾਂ ਨਾ ਸਿਰਫ਼ ਵਿਰੋਧੀ ਧਿਰ ਬਲਕਿ ਸਰਕਾਰ ਵਿਚ ਬੈਠੇ ਲੋਕਾਂ ਨੂੰ ਵੀ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਨਵੇਂ ਸਾਲ ਵਿਚ ਸਾਨੂੰ ਸੰਸਦ ਨੂੰ ਉਨ੍ਹਾਂ ਕਦਰਾਂ-ਕੀਮਤਾਂ ਮੁਤਾਬਕ ਚਲਾਉਣ ਦਾ ਯਤਨ ਕਰਨਾ ਹੋਵੇਗਾ ਜਿਨ੍ਹਾਂ ਦੇ ਆਧਾਰ 'ਤੇ ਇਸ ਸੰਸਥਾ ਦੀ ਸਥਾਪਨਾ ਹੋਈ ਸੀ।

ਮੈਨੂੰ ਯਕੀਨ ਹੈ ਕਿ ਰਾਜ ਸਭਾ ਦੇ ਚੇਅਰਮੈਨ ਸਾਹਿਬ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀ ਤੋਂ ਭਲੀਭਾਂਤ ਜਾਣੂ ਹੋਣ ਦੇ ਨਾਲ ਹੀ ਉਨ੍ਹਾਂ ਤੋਂ ਵੀ ਜਾਣੂ ਹੋਣਗੇ ਜੋ ਮੌਜੂਦਾ ਅੜਿੱਕੇ ਤੇ ਗੜਬੜੀਆਂ ਲਈ ਜ਼ਿੰਮੇਵਾਰ ਹਨ। ਉੱਚ ਸੰਵਿਧਾਨਕ ਅਹੁਦਿਆਂ 'ਤੇ ਤਾਇਨਾਤ ਸ਼ਖ਼ਸੀਅਤਾਂ ਨੂੰ ਆਪਣੇ ਅਹੁਦੇ ਦਾ ਮਾਣ-ਤਾਣ ਕਾਇਮ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਫ਼ੈਸਲਿਆਂ 'ਚ ਕਿਸੇ ਪਾਰਟੀ ਜਾਂ ਧਰਮ ਦਾ ਕੋਈ ਅਕਸ ਨਹੀਂ ਝਲਕਣਾ ਚਾਹੀਦਾ।

ਇਹ ਅਹੁਦੇ ਪੂਰੀ ਤਰ੍ਹਾਂ ਧਰਮ-ਨਿਰਪੱਖ ਅਤੇ ਜਾਤ-ਪਾਤ ਤੋਂ ਰਹਿਤ ਹੋਣੇ ਚਾਹੀਦੇ ਹਨ। ਉੱਪ ਰਾਸ਼ਟਰਪਤੀ ਵੱਲੋਂ ਆਪਣੀ ਜਾਤ ਦਾ ਮੁੱਦਾ ਚੁੱਕਣਾ ਰੜਕਦਾ ਹੈ। ਇਹ ਅਹੁਦੇ ਸਾਰੀਆਂ ਪਾਰਟੀਆਂ ਤੇ ਸਾਰੇ ਧਰਮਾਂ ਦੇ ਲੋਕਾਂ ਲਈ ਹਨ। ਆਸ ਹੈ ਕਿ ਸੱਤਾਧਾਰੀ ਧਿਰ ਇਸ ਪਾਸੇ ਜ਼ਰੂਰ ਧਿਆਨ ਦੇਵੇਗੀ।

# ਜਾਗਦੀ ਜ਼ਮੀਰ ਵਾਲੇ ਲੇਖਕਾਂ ਨੂੰ ਜ਼ੁਲਮ, ਜਬਰ ਅਤੇ ਨਾ-ਇਨਸਾਫ਼ੀ ਵਿਰੁੱਧ ਖੜਨਾ, ਅੜਨਾ ਅਤੇ ਲੜਨਾ ਚਾਹੀਦਾ ਹੈ- ਪ੍ਰੋ. ਗੰਡਮ

## ਪ੍ਰੋਫੈਸਰ ਗੰਡਮ ਦੇ ਕਾਵਿ-ਸੰਗ੍ਰਹਿ- ਬੁੱਲ ਸੀਤਿਆਂ ਸਰਨਾ ਨਈਂ 'ਤੇ ਕਰਵਾਈ ਵਿਚਾਰ-ਗੋਸ਼ਟੀ

**ਫਗਵਾੜਾ-** ਪੰਜਾਬੀ ਵਿਰਸਾ ਟਰੱਸਟ (ਰਜਿ:) ਅਤੇ ਸਕੇਪ ਸਾਹਿਤਕ ਸੰਸਥਾ ਫਗਵਾੜਾ ਵਲੋਂ ਐਤਵਾਰ ਨੂੰ ਇਥੇ ਪੰਜਾਬੀ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ. ਜਸਵੰਤ ਸਿੰਘ ਗੰਡਮ ਦੀ ਪਲੇਠੀ ਕਾਵਿ-ਪੁਸਤਕ 'ਬੁੱਲ ਸੀਤਿਆਂ ਸਰਨਾ ਨਈਂ' 'ਤੇ ਵਿਚਾਰ-ਗੋਸ਼ਟੀ ਕੀਤੀ ਗਈ। ਇਸ ਸਮੇਂ ਪ੍ਰਧਾਨਗੀ ਮੰਡਲ ਵਿੱਚ ਨਾਮਵਰ ਲੇਖਕ ਐਡਵੋਕੇਟ ਐਸ.ਐਲ. ਵਿਰਦੀ, ਸੋਹਣ ਸਹਿਜਲ, ਟੀ.ਡੀ, ਚਾਵਲਾ, ਬਲਦੇਵ ਰਾਜ ਕੋਮਲ ਅਤੇ ਅਜਾਇਬ ਸਿੰਘ ਸੰਘਾ ਸ਼ਾਮਲ ਸਨ।



ਪੁਸਤਕ ਚਰਚਾ ਵਿੱਚ ਪੰਜਾਬੀ ਲੇਖਕ ਅਤੇ ਪ੍ਰਬੰਧਕ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਕੁੰਜੀਵਤ ਭਾਸ਼ਣ ਦਿੱਤਾ। ਉਹਨਾ ਨੇ ਕਿਹਾ ਕਿ ਪ੍ਰੋ. ਜਸਵੰਤ ਸਿੰਘ ਗੰਡਮ ਦੀ ਸਮੁੱਚੀ ਕਵਿਤਾ ਪ੍ਰਸੰਗਕ ਸੱਚ ਨੂੰ ਸਿਰਫ਼ ਬਿਆਨ ਹੀ ਨਹੀਂ, ਸਗੋਂ ਪ੍ਰਸੰਗਕਤਾ ਦੀ ਅਣਸੁਖਾਵੀਂ ਸਥਿਤੀ ਵਿੱਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕਦੀ ਹੋਈ, ਜਿੱਤ-ਹਾਰ, ਖੁਸ਼ੀ-ਉਦਾਸੀ ਦੇ ਵਰਤਾਰੇ ਨਾਲ ਸੰਵਾਦ ਰਚਾਉਂਦੀ ਹੈ। ਰੂਸੀ ਕਵੀ ਕੈਸਲ ਕੁਲੱਈ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ ਕਵਿਤਾ ਲੋਕਾਂ ਦੀ ਤਰਜ਼ਮਾਨੀ ਕਰਦੀ ਹੈ ਅਤੇ ਸੇਵਾ ਵੀ ਅਤੇ ਇਹ ਜੀਉਂਦਿਆਂ ਲਈ ਹੁੰਦੀ ਹੈ ਨਾ ਕਿ ਮੋਇਆਂ ਲਈ। ਇਸ ਮੌਕੇ ਪ੍ਰੋ. ਜਸਵੰਤ ਸਿੰਘ ਗੰਡਮ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ ਬਾਰੇ ਬੋਲਦਿਆਂ ਦੱਸਿਆ ਕਿ ਇਸ ਵਿੱਚ ਕੁੱਲ 88 ਕਵਿਤਾਵਾਂ ਹਨ, ਜੋ ਦੁੱਖਆਰਿਆਂ-ਲਤਾੜਿਆਂ ਅਤੇ ਦਬਾਏ ਹੋਏ ਲੋਕਾਂ ਦੇ ਦੁੱਖਾਂ, ਦਰਦਾਂ ਅਤੇ ਸੰਘਰਸ਼ਾਂ ਨੂੰ ਬਿਆਨ ਕਰਦੀਆਂ ਹਨ। ਉਹਨਾ ਇਹ ਵੀ ਕਿਹਾ ਕਿ ਜਾਗਦੀ ਜ਼ਮੀਰ ਵਾਲੇ ਲੇਖਕਾਂ ਨੂੰ ਜ਼ੁਲਮ, ਜਬਰ ਅਤੇ ਨਾ-ਇਨਸਾਫ਼ੀ ਵਿਰੁੱਧ ਖੜਨਾ, ਅੜਨਾ ਅਤੇ ਲੜਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਪ੍ਰੋ। ਗੰਡਮ ਦੀਆਂ ਤਿੰਨ ਵਾਰਤਕ ਪੁਸਤਕਾਂ ਛੱਪ ਚੁੱਕੀਆਂ ਹਨ।

ਇਸ ਸਮਾਗਮ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਬਰੈਂਪਟਨ ਕੈਨੇਡਾ, ਨੇ ਵਿਸ਼ੇਸ਼ ਸ਼ਿਰਕਤ ਕੀਤੀ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਣਾਏ ਹੋਏ ਉੱਦਮੀ ਡਾ। ਦਲਬੀਰ ਸਿੰਘ ਕਥੂਰੀਆ ਨੇ ਪੱਛਮੀ ਪੰਜਾਬ (ਪਾਕਿਸਤਾਨ) ਦੀ ਮੁੱਖ ਮੰਤਰੀ ਮਰੀਅਮ ਨਿਵਾਜ਼ ਸ਼ਰੀਫ਼ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਹਨਾਂ ਨੇ ਉਥੇ ਪਹਿਲੀ ਤੋਂ ਪੰਜਵੀਂ ਕਲਾਸ ਤੱਕ ਪੰਜਾਬੀ ਲਾਗੂ ਕਰਨ ਦਾ ਫ਼ੈਸਲਾ ਕੀਤਾ। ਇਸ ਮੌਕੇ ਡਾ. ਕਥੂਰੀਆ ਅਤੇ ਪ੍ਰੋ. ਗੰਡਮ ਨੂੰ ਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਖ਼ਸ਼ੀਅਤਾਂ ਤੋਂ ਇਲਾਵਾ ਕਮਲੇਸ਼ ਸੰਧੂ, ਰਵਿੰਦਰ ਚੋਟ, ਅਸ਼ੋਕ ਚੱਢਾ ਨੇ ਪੁਸਤਕ ਚਰਚਾ 'ਚ ਹਿੱਸਾ ਲਿਆ।

ਹੋਰਨਾਂ ਤੋਂ ਇਲਾਵਾ ਪਰਵਿੰਦਰਜੀਤ ਸਿੰਘ, ਜਸਵਿੰਦਰ ਫਗਵਾੜਾ, ਲਸ਼ਕਰ ਢੰਡਵਾੜਵੀ, ਸਿਮਰਤ ਕੌਰ, ਹਰਜਿੰਦਰ ਨਿਆਣਾ, ਮੈਡਮ ਬੰਸੋ ਦੇਵੀ, ਕੁਲਵੰਤ ਸਿੰਘ ਭਿੰਡਰ, ਪ੍ਰੀਤ ਕੌਰ ਪ੍ਰੀਤੀ, ਅਸ਼ੋਕ ਸ਼ਰਮਾ, ਚਰਨਜੀਤ ਸਿੰਘ ਬਰਨਾ ਅਤੇ ਹੋਰ ਮੈਂਬਰ ਹਾਜ਼ਰ ਸਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪੈਰਸ ਵਾਤਾਵਰਣ ਸਮਝੌਤੇ ਤੋਂ ਬਾਹਰ ਆਉਣ ਬਾਰੇ ਆਦੇਸ਼ ਜਾਰੀ

## ਪਹਿਲੇ ਦਿਨ ਬਾਈਡਨ ਕਾਰਜਕਾਲ ਦੌਰਾਨ ਜਾਰੀ ਹੋਏ 78 ਆਦੇਸ਼ ਕੀਤੇ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ 47 ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਉਪਰੰਤ ਡੋਨਾਲਡ ਟਰੰਪ ਨੇ ਇਕ ਆਦੇਸ਼ ਜਾਰੀ ਕਰਕੇ ਪੈਰਸ ਵਾਤਾਵਰਣ ਸਮਝੌਤੇ ਤੋਂ ਬਾਹਰ ਆਉਣ ਦਾ ਐਲਾਨ ਕੀਤਾ ਹੈ। ਆਪਣੇ ਪਹਿਲੇ ਕਾਰਜਕਾਲ ਦੌਰਾਨ 2017 ਵਿਚ ਵੀ ਟਰੰਪ ਨੇ ਪੈਰਸ ਵਾਤਾਵਰਣ ਸਮਝੌਤੇ ਨਾਲੋਂ ਨਾਤਾ ਤੋੜ ਲਿਆ ਸੀ ਪਰੰਤੂ 4 ਸਾਲ ਪਹਿਲਾਂ ਜੋ ਬਾਈਡਨ ਨੇ ਰਾਸ਼ਟਰਪਤੀ ਬਣਦਿਆਂ ਹੀ ਮੁੜ ਪੈਰਸ ਸਮਝੌਤੇ ਵਿਚ ਸ਼ਾਮਿਲ ਹੋਣ ਦਾ ਆਦੇਸ਼ ਜਾਰੀ ਕੀਤਾ ਸੀ। ਡੋਨਾਲਡ ਟਰੰਪ ਨੇ ਪਹਿਲੇ ਦਿਨ ਜਾਰੀ ਵੱਖ ਵੱਖ ਆਦੇਸ਼ਾਂ ਵਿਚ ਬਾਈਡਨ ਕਾਰਜਕਾਲ ਦੌਰਾਨ ਜਾਰੀ ਹੋਏ 78 ਆਦਸ਼ਾਂ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਜਾਰੀ ਇਕ ਲਏ ਅਹਿਮ ਫੈਸਲੇ ਵਿਚ 'ਬਿਜਲਈ ਵਾਹਣ ਆਦੇਸ਼' ਰੱਦ ਕਰ ਦਿੱਤਾ ਹੈ। ਟਰੰਪ ਵੱਲੋਂ ਜਾਰੀ ਆਦਸ਼ਾਂ ਤੋਂ ਸਪੱਸ਼ਟ ਹੈ ਕਿ ਅਮਰੀਕਾ ਵਿਚ ਵੱਡੀ ਪੱਧਰ 'ਤੇ ਬਦਲਾਅ ਵੇਖਣ ਨੂੰ ਮਿਲਣਗੇ। ਟਰੰਪ ਨੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਕਿਹਾ ਹੈ ਕਿ ਅਮਰੀਕਾ ਆਪਣੀ ਸਨਅਤ ਨੂੰ ਮਜਬੂਤ ਕਰੇਗਾ ਜਦ ਕਿ ਚੀਨ ਆਪਣੇ ਸਵਾਰਥ ਲਈ ਕੰਮ ਕਰ ਰਿਹਾ ਹੈ। ਇਸੇ ਹੀ ਦਿਸ਼ਾ ਵਿਚ ਕਦਮ ਚੁੱਕਦਿਆਂ ਟਰੰਪ ਨੇ ਊਰਜਾ ਖੇਤਰ ਵਿਚ ਕੌਮੀ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ



ਹੈ। ਟਰੰਪ ਕੱਚਾ ਤੇਲ ਤੇ ਹੋਰ ਊਰਜਾ ਸਮਗਰੀ ਦਾ ਘਰੇਲੂ ਉਤਪਾਦਨ ਵਧਾਉਣਗੇ। ਹਾਲਾਂ ਕਿ ਵਾਈਟ ਹਾਊਸ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿਚ ਪਹਿਲਾਂ ਹੀ ਕੱਚੇ ਤੇਲ ਦਾ ਘਰੇਲੂ ਉਤਪਾਦਨ ਉਚਾਈਆਂ ਛੂਹ ਰਿਹਾ ਹੈ। ਇਕ ਹੋਰ ਆਦੇਸ਼ ਤਹਿਤ ਅਲਾਸਕਾ ਵਿਚ ਦੁਬਾਰਾ ਕੱਚਾ ਤੇਲ ਕੱਢਣ ਲਈ ਕਾਰਵਾਈ ਸ਼ੁਰੂ ਹੋਵੇਗੀ ਜਦ ਕਿ ਬਾਈਡਨ ਨੇ ਰਾਜ ਵਿਚ ਤੇਲ ਤੇ ਗੈਸ ਕੱਢੇ ਜਾਣ ਦੀ ਮਾਤਰਾ ਨੂੰ ਸੀਮਿਤ ਕਰ ਦਿੱਤਾ ਸੀ। ਹੋਰ ਜਾਰੀ ਆਦਸ਼ਾਂ ਵਿਚ ਟਰੰਪ ਨੇ ਨਵੇਂ ਸੰਘੀ ਨਿਯਮ ਬਣਾਉਣ ਤੇ ਨਵੇਂ ਸੰਘੀ ਵਰਕਰ ਭਰਤੀ ਕਰਨ ਉਪਰ ਰੋਕ ਲਾ ਦਿੱਤੀ ਹੈ। ਉਨਾਂ ਨੇ ਸੰਘੀ ਮੁਲਾਜ਼ਮਾਂ ਨੂੰ ਨਿੱਜੀ ਤੌਰ 'ਤੇ ਕੰਮ ਉਪਰ ਹਾਜਰ ਹੋਣ ਦਾ ਆਦੇਸ਼ ਦਿੱਤਾ ਹੈ। ਟਰੰਪ ਨੇ ਖਪਤਕਾਰਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਦੇ ਮਕਸਦ ਨਾਲ ਮੁਦਰਾਸਫੀਤੀ ਬਾਰੇ ਇਕ ਮੰਗ ਪੱਤਰ ਉਪਰ ਵੀ ਦਸਤਖਤ ਕੀਤੇ ਹਨ। ਵਾਈਟ ਹਾਊਸ ਅਨੁਸਾਰ ਇਸ ਨਾਲ ਖਪਤਕਾਰੀ ਵਸਤਾਂ ਦੀਆਂ ਕੀਮਤਾਂ ਹੇਠਾਂ ਲਿਆਉਣ ਲਈ ਸਰਕਾਰੀ ਪੱਧਰ 'ਤੇ ਕੰਮ ਸ਼ੁਰੂ ਹੋਵੇਗਾ। ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੁਆਰਾ ਜਾਰੀ ਕਈ ਆਦੇਸ਼ ਵਿਵਾਦਤ ਹਨ ਜਿਨਾਂ ਦਾ ਡੈਮਕਰੈਟਸ ਤੇ ਹੋਰਨਾਂ ਵੱਲੋਂ ਵਿਰੋਧ ਕੀਤਾ ਜਾਵੇਗਾ।

# ਸਿਲੀਕਾਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ











**ਸੈਂਟਾ ਕਲਾਰਾ (ਪ੍ਰਮਿੰਦਰ ਸਿੰਘ ਪ੍ਰਵਾਨਾ)** ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ 2356 ਵਲਾਹ ਐਵੇਨਿਊ, ਸੈਂਟਾ ਕਲਾਰਾ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ’ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸਾ ਸਾਜਿਆ ਕਿ ਇਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਸ਼ਵਾਸ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਏ ਅੱਗੇ ਝੁਕਣਾ ਅਧਰਮ ਹੈ। ਸਿੱਖ ਕੌਮ ਵਿਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ-ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿਹਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਕ ਤੇ ਸੰਸਾਰਕ ਨੂੰ ਇਕ ਕਲਾਵੇ ਵਿਚ ਲੈ ਲਿਆ। ਦੇਗ ਤੇਗ ਫਤਿਹ ਦੀ ਦਾਤ ਖਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਧਾਰਮਿਕ ਕਵੀ ਦਰਬਾਰ ਵਿਚ ਤ੍ਰਿਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ ਆਦਿ ਕਵੀਆਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

# ਜਾਰਜੀਆ ਵਿਚ ਬਰਡ ਫਲੂ ਦੀ ਪੁਸ਼ਟੀ ਹੋਣ ਉਪਰੰਤ ਸਮੁੱਚੇ ਰਾਜ ਵਿਚ ਪੋਲਟਰੀ ਗਤੀਵਿਧੀਆਂ ਠੱਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਜਾਰਜੀਆ ਰਾਜ ਵਿਚ ਬਰਡ ਫਲੂ ਦੀ ਪੁਸ਼ਟੀ ਹੋਣ ਉਪਰੰਤ ਮੁਰਗੇ-ਮੁਰਗੀਆਂ ਦੀ ਵਿਕਰੀ ਸਮਤੇ ਸਾਰੀਆਂ ਪੋਲਟਰੀ ਗਤੀਵਿਧੀਆਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਦੁਆਰਾ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਬਰਡ ਫਲੂ ਦੀ ਪੁਸ਼ਟੀ ਜਾਰਜੀਆ ਖੇਤੀਬਾੜੀ ਵਿਭਾਗ ਤੇ ਅਮਰੀਕੀ ਖੇਤੀਬਾੜੀ ਵਿਭਾਗ ਦੇ ਦਫਤਰਾਂ ਵੱਲੋਂ ਕੀਤੀ ਗਈ ਹੈ।

2022 ਵਿਚ ਦੇਸ਼ ਭਰ ਵਿਚ ਫੈਲੇ ਬਰਡ ਫਲੂ ਤੋਂ ਬਾਅਦ ਜਾਰਜੀਆ ਵਿਚ ਬਰਡ ਫਲੂ ਦਾ ਇਹ ਪਹਿਲਾ ਮਾਮਲਾ ਹੈ। ਰਾਜ ਦੇ ਖੇਤੀਬਾੜੀ ਵਿਭਾਗ ਨੇ ਐਲਾਨ ਕੀਤਾ ਹੈ ਕਿ ਜਾਰਜੀਆ ਵਿਚ ਵਿਕਰੀ ਸਮੇਤ ਹਰ ਤਰਾਂ ਦੀਆਂ ਪੋਲਟਰੀ ਨਾਲ ਸਬੰਧਤ ਸਰਗਰਮੀਆਂ ਅਗਲੇ ਨੋਟਿਸ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ। ਜਾਰਜੀਆ ਦੇ ਖੇਤੀਬਾੜੀ ਕਮਿਸ਼ਨਰ ਟਾਇਲਰ ਹਾਰਪਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪੋਲਟਰੀ ਸਨਅਤ ਲਈ ਇਹ ਬਹੁਤ ਗੰਭੀਰ ਖਤਰਾ ਹੈ।

ਮੁਰਗੀ ਪਾਲਕਾਂ ਤੇ ਹਜਾਰਾਂ ਹੋਰ ਲੋਕਾਂ ਦਾ ਜੀਵਨ ਪੋਲਟਰੀ ਸਨਅਤ ਉਪਰ ਨਿਰਭਰ ਹੈ। ਅਸੀਂ ਬਿਮਾਰੀ ਹੋਰ ਅੱਗੇ ਫੈਲਣ ਤੋਂ ਰੋਕਣ ਲਈ 24 ਘੰਟੇ ਕੰਮ ਕਰ ਰਹੇ ਹਾਂ ਤੇ ਯਤਨ ਕਰ ਰਹੇ ਹਾਂ ਕਿ ਪੋਲਟਰੀ ਗਤੀਵਿਧੀਆਂ ਛੇਤੀ ਤੋਂ ਛੇਤੀ ਮੁੜ ਸ਼ੁਰੂ ਕੀਤੀਆਂ ਜਾਣ।




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਨੈਸ਼ਨਲ ਫੁੱਟਬਾਲ ਲੀਗ ਸਲਾਨਾ ਚੈਂਪੀਅਨਸ਼ਿਪ ਦੇ ਮੱਦੇਨਜਰ ਲੋਇਸਿਆਨਾ ਪ੍ਰਸ਼ਾਸਨ ਵੱਲੋ ਸੁਰੱਖਿਆ ਦੇ ਸਖਤ ਪ੍ਰਬੰਧ, ਬੇਘਰੇ ਲੋਕਾਂ ਨੂੰ ਖੇਤਰ ਵਿਚੋਂ ਹਟਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲੋਇਸਿਆਨਾ ਰਾਜ ਦੇ ਪ੍ਰਸਿੱਧ ਸ਼ਹਿਰ ਨਿਊ ਰਲੀਨਜ ਵਿਚ ਅਗਲੇ ਮਹੀਨੇ ਹੋ ਰਹੀ ਨੈਸ਼ਨਲ ਫੁੱਟਬਾਲ ਲੀਗ ਸਲਾਨਾ ਚੈਂਪੀਅਨਸ਼ਿੱਪ ਲਈ ਤਿਆਰੀਆਂ ਜੋਰਾਂ 'ਤੇ ਹਨ। ਜਿਥੇ ਸਟੇਡੀਅਮ ਨੂੰ ਹਰ ਪੱਖ ਤੋਂ ਤਿਆਰ ਕੀਤਾ ਜਾ ਰਿਹਾ ਹੈ ਉਥੇ ਲੋਇਸਿਆਨਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖਤ



ਪ੍ਰਬੰਧ ਕੀਤੇ ਜਾ ਰਹੇ ਹਨ। ਪ੍ਰਸ਼ਾਸਨ ਵੱਲੋਂ ਸਟੇਡੀਅਮ ਦੇ ਆਸ ਪਾਸ ਦੇ ਖੇਤਰ ਵਿਚੋਂ ਬੇਘਰੇ ਲੋਕਾਂ ਨੂੰ ਹਟਾਇਆ ਜਾ ਰਿਹਾ ਹੈ। ਉਨਾਂ ਨੂੰ ਆਰਜੀ ਵਸੇਬਾ ਸਥਾਨਾਂ ਵਿੱਚ ਭੇਜਿਆ ਜਾ ਰਿਹਾ ਹੈ। ਇਹ ਕਾਰਵਾਈ ਗਵਰਨਰ ਜੈਫ ਲਾਂਡਰੀ ਦੇ ਆਦੇਸ਼ ਤਹਿਤ ਕੀਤੀ ਗਈ ਹੈ ਜੋ ਨਿਊ ਓਰਲੀਨਜ ਨੂੰ ਪੂਰੀ ਤਰਾਂ ਸੁਰੱਖਿਅਤ ਬਣਾਉਣਾ ਚਹੁੰਦੇ ਹਨ। ਨਿਊ ਲੋਇਸਿਆਨਾ ਸਟੇਟ ਪੁਲਿਸ ਸ਼ਹਿਰ ਵਿਚੋਂ ਬੇਘਰਿਆਂ ਨੂੰ ਹਟਾਉਣ ਤੋਂ ਇਲਾਵਾ ਰਾਸ਼ਟਰੀ ਮਾਰਗਾਂ, ਪੱਗਡੰਡੀਆਂ ਤੇ ਆਵਾਜਾਈ ਰਸਤਿਆਂ ਦੀ ਸਾਫ ਸਫਾਈ ਤੇ ਸੁਰੱਖਿਆ ਨੂੰ ਯਕੀਨੀ ਬਣਾ ਰਹੀ ਹੈ। ਲੋਇਸਿਆਨਾ ਵਿਚ ਸਟੇਟ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ ਸੀ ਜਿਸ ਤਹਿਤ ਪੁਲਿਸ ਨੂੰ ਨਿਊ ਓਰਲੀਨਜ ਵਿਚੋਂ ਬੇਘਰਿਆਂ ਨੂੰ ਹਟਾਉਣ ਤੋਂ ਰੋਕਿਆ ਗਿਆ ਸੀ। ਜਿਥੋਂ ਤੱਕ ਅਮਰੀਕਾ ਵਿਚ ਬੇਘਰੇ ਲਕਾਂ ਦੀ ਸਮੱਸਿਆ ਦਾ ਮੁੱਦਾ ਹੈ, ਇਹ ਹੱਲ ਹੋਣ ਦੀ ਬਜਾਏ ਗੰਭੀਰ ਹੁੰਦਾ ਜਾ ਰਿਹਾ ਹੈ। ਅਮਰੀਕਾ ਦੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਅਨੁਸਾਰ 2024 ਵਿਚ ਅਮਰੀਕਾ ਵਿਚ ਬੇਘਰਿਆਂ ਦੀ ਗਿਣਤੀ ਵਧ ਕੇ 7,70,000 ਤੋਂ ਵਧ ਹੋ ਗਈ ਹੈ ਜੋ 2023 ਦੀ ਤੁਲਨਾ ਵਿੱਚ 18% ਜਿਆਦਾ ਹੈ।

# ਪੀ.ਸੀ.ਏ. ਫਰਿਜ਼ਨੋ ਵੱਲੋ .ਲਾਸ ਏਂਜਲਸ ਫਾਇਰ ਲਈ ਖਾਲਸਾ ਏਡ ਨੂੰ 11,000 ਡਾਲਰ ਦੀ ਰਾਸ਼ੀ ਭੇਂਟ

**ਫਰਿਜ਼ਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾ–ਛੀਕੇ / ਕੁਲਵੰਤ ਧਾਲੀਆਂ)–** ਲੰਘੇ ਐਤਵਾਰ ਪੀ.ਸੀ.ਏ. (ਪੰਜਾਬੀ ਕਲਚਰਲ ਐਸੋਸੀਏਸ਼ਨ) ਫਰਿਜ਼ਨੋ ਦੇ ਮੈਂਬਰਾਂ ਦੀ



ਇਕੱਤਰਤਾ ਇੰਡੀਅਨ ਕਬਾਬ ਪੈਲੇਸ ਰੈਸਟੋਰੈਂਟ ਵਿਖੇ ਹੋਈ। ਜਿੱਥੇ ਐਸੋਸੀਏਸ਼ਨ ਦੇ ਮੈਂਬਰਾਂ ਨੇ ਲਾਸ ਏਂਜਲਸ ਫਾਇਰ ਦੇ ਪੀੜਤਾਂ ਦੀ ਮਦਦ ਲਈ 11,000 ਹਜ਼ਾਰ ਡਾਲਰ ਦਾ ਚੈਕ ਖਾਲਸਾ ਏਡ ਨੂੰ ਭੇਂਟ ਕੀਤਾ। ਇਸ ਮੌਕੇ ਖਾਲਸਾ ਏਡ ਦੇ ਬਾਨੀ ਰਵੀ ਸਿੰਘ ਖਾਲਸਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਪੀ. ਸੀ. ਏ. ਮੈਂਬਰ ਸ. ਸੁਖਬੀਰ ਸਿੰਘ ਭੰਡਾਲ ਨੇ ਉਹਨਾਂ ਨੂੰ ਜੀ ਆਇਆ ਕਿਹਾ ਤੇ ਸੰਸਥਾ ਦੇ ਮੈਂਬਰਾਂ ਨਾਲ ਜਾਣ ਪਹਿਚਾਣ ਕਰਵਾਈ। ਪੀ. ਸੀ. ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਐਸੋਸੀਏਸ਼ਨ ਦੇ ਕੰਮਾਂ ਕਾਰਾਂ ਤੋ ਰਵੀ ਸਿੰਘ ਖ਼ਾਲਸਾ ਨੂੰ ਜਾਣੂ ਕਰਵਾਇਆ।

ਇਸ ਮੌਕੇ ਰਵੀ ਸਿੰਘ ਖ਼ਾਲਸਾ ਨੇ ਪੀ.ਸੀ.ਏ. ਦਾ ਮਦਦ ਲਈ ਧੰਨਵਾਦ ਕੀਤਾ, ਅਤੇ ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਵਰਗੇ ਸੱਜਣਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇ ਉਪਦੇਸ਼ ਤੇ ਚੱਲਦੇ ਮਨੁੱਖਤਾ ਦੀ ਸੇਵਾ ਕਰਦੇ ਆ ਰਹੇ ਹਾਂ। ਉਹਨਾਂ ਕਿਹਾ ਕਿ ਦੁਨੀਆਂ ਵਿੱਚ ਕਿੱਧਰੇ ਵੀ ਕੋਈ ਮੁਸੀਬਤ ਬਣੇ, ਖਾਲਸਾ ਏਡ ਬਿਨਾਂ ਕਿਸੇ ਧਰਮ, ਜਾਤ, ਰੰਗ ਨਸਲ ਦੇ ਭੇਦਭਾਵ ਤੋ ਬਿਨਾਂ, ਮੋਢਾ ਡਾਹਕੇ ਖੜ੍ਹਦੀ ਆ ਰਹੀ ਹੈ, ਇਹ ਸਭ ਤੁਹਾਡੇ ਵਰਗੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡੀ ਪਹਿਲ ਪੰਜਾਬ ਹੁੰਦੀ ਹੈ, ਪਰ ਮਨੁੱਖਤਾ ਦੀ ਸੇਵਾ, ਸਾਡਾ ਧਰਮ ਸਾਨੂੰ ਸਿਖਾਉਂਦਾ ਹੈ ਤੇ ਮਨੁੱਖਤਾ ਦੀ ਸੇਵਾ ਲਈ ਅਸੀਂ ਦੁਨੀਆਂ ਦੇ ਹਰ ਹਿੱਸੇ ਵਿੱਚ ਪਹੁੰਚਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਪਾਰਦਰਸ਼ਤਾ ਨਾਲ ਕੰਮ ਕਰ ਰਹੇ ਹਾਂ, ਅਗਰ ਕਿਸੇ ਨੂੰ ਕੋਈ ਵੀ ਸਵਾਲ ਹੋਵੇ, ਅਸੀਂ ਲੋਕਾਂ ਨੂੰ ਜਵਾਬਦੇਹ ਹਾਂ। ਇਸ ਮੌਕੇ ਪੀ. ਸੀ. ਏ. ਨੇ ਮੀਡੀਏ ਦਾ ਧੰਨਵਾਦ ਕੀਤਾ ਅਤੇ ਰਵੀ ਸਿੰਘ ਖ਼ਾਲਸਾ ਅਤੇ ਖਾਲਸਾ ਏਡ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ।

# ਕਿਸਾਨ ਆਗੂ ਡੱਲੇਵਾਲ ਵੱਲੋਂ ਗਲੂਕੋਜ਼ ਲੈਣ ਨਾਂਹ

**ਪਾਤੜਾਂ–** ਢਾਬੀ ਗੁੱਜਰਾਂ (ਖਨੌਰੀ) ਬਾਰਡਰ ਤੋਂ ਉਸ ਸਮੇਂ ਅਫ਼ਰਾ-ਤਫ਼ਰੀ ਵਾਲਾ ਮਾਹੌਲ ਬਣ ਗਿਆ, ਜਦੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਗੁਲੂਕੋਜ਼ ਲਗਵਾਉਣ ਤੋਂ ਨਾਹ ਕਰ ਦਿੱਤੀ। ਜਾਣਕਾਰੀ ਮਿਲਣ ਸਾਰ ਮੌਕੇ 'ਤੇ ਪੁੱਜੇ ਪ੍ਰਸ਼ਾਸਨਿਕ ਅਧਿਕਾਰੀ ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਗੁਲੂਕੋਜ਼ ਲਾਉਣ ਵਾਲਾ ਡਾਕਟਰ ਦੱਖਣੀ ਭਾਰਤ ਦਾ ਹੋਣ ਕਰਕੇ ਉਸ ਦੀ ਭਾਸ਼ਾ ਸਮਝ ਨਹੀਂ ਆਈ, ਜਿਸ ਕਰਕੇ ਜਗਜੀਤ ਸਿੰਘ



ਡੱਲੇਵਾਲ ਨੇ ਉਨ੍ਹਾਂ ਨੂੰ ਨਾਂਹ ਕੀਤੀ ਸੀ।

ਮੋਰਚੇ ਦੇ ਪ੍ਰਮੁੱਖ ਆਗੂ ਕਾਕਾ ਸਿੰਘ ਕੋਟੜਾ ਨੇ ਇਸ ਸਬੰਧੀ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਹੈ ਕਿ ਜੇਕਰ ਸਰਕਾਰੀ ਡਾਕਟਰ ਡੱਲੇਵਾਲ ਦਾ ਇਲਾਜ਼ ਕਰਨ ਤੋਂ ਅਸਮਰੱਥ ਹਨ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ ਤਾਂ ਕਿ ਪ੍ਰਾਈਵੇਟ ਡਾਕਟਰਾਂ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਮੌਕੇ ਏਡੀਸੀ ਪਟਿਆਲਾ ਨਵਰੀਤ ਕੌਰ ਸੇਖੋਂ, ਸਿਵਲ ਸਰਜਨ ਪਟਿਆਲਾ, ਜਗਪਾਲ ਇੰਦਰ ਸਿੰਘ, ਐਸਡੀਐਮ ਪਾਤੜਾਂ ਅਸ਼ੋਕ ਕੁਮਾਰ, ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਹੋਰ ਅਧਿਕਾਰੀ ਮੌਜੂਦ ਸਨ।


RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪਿੰਡਾਂ ਤੇ ਸ਼ਹਿਰਾਂ ਦਾ ਹੋਵੇਗਾ ਸਰਬਪੱਖੀ ਵਿਕਾਸ - ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਹਲਕਾ ਸ਼ਾਮਚੁਰਾਸੀ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਪਿੰਡ ਡੱਲੇਵਾਲ ਵਿਖੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਕੀਤਾ। ਕੈਬਨਿਟ ਮੰਤਰੀ ਨੇ ਪਿੰਡ ਖਲਵਾਣਾ ਵਿਖੇ ਨਵੇਂ ਟਿਊਬਵੈਲ ਦਾ ਉਦਘਾਟਨ ਕਰਨ ਦੇ ਨਾਲ-ਨਾਲ ਸੀਵਰੇਜ਼ ਪ੍ਰੋਜੈਕਟ ਦੀ ਵੀ ਸ਼ੁਰੂਆਤ ਕਰਵਾਈ।



ਪਿੰਡ ਡੱਲੇਵਾਲ ਵਿਖੇ ਕਮਿਊਨਿਟੀ ਸੈਂਟਰ ਦੇ ਉਦਘਾਟਨ ਉਪਰੰਤ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹਰ ਪੱਧਰ 'ਤੇ ਲੋੜੀਂਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤਾਂ ਜੋ ਵਸਨੀਕਾਂ ਨੂੰ ਬਨਿਆਦੀ ਸਹੂਲਤਾਂ ਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਵਿਚ 2142 ਐਮ.ਐਲ.ਡੀ. ਦੀ ਸਮਰੱਥਾ ਵਾਲੇ ਸੀਵਰੇਜ਼ ਟਰੀਟਮੈਂਟ ਪਲਾਂਟਾਂ ਵਿਚ 492.15 ਐਮ.ਐਲ.ਡੀ ਦੀ ਸਮਰੱਥਾ ਨੂੰ ਜੋੜਦਿਆਂ ਇਨ੍ਹਾਂ ਪਲਾਟਾਂ ਦੀ ਸਮਰੱਥਾ 2634.15 ਐਮ.ਐਲ.ਡੀ. ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 607 ਐਮ.ਐਲ.ਡੀ. ਸਮਰੱਥਾ ਵਾਲੇ 52 ਹੋਰ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਏ ਜਾ ਰਹੇ ਹਨ ਜਿਨ੍ਹਾਂ 'ਤੇ 650 ਕਰੋੜ ਰੁਪਏ ਖਰਚ ਆਉਣਗੇ ਅਤੇ ਆਉਂਦੇ ਇਕ ਡੇਢ ਸਾਲ ਤੱਕ ਇਹ ਬਣ ਕੇ ਤਿਆਰ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੰਚਾਇਤਾਂ ਦੀ ਸਹਿਮਤੀ ਨਾਲ ਲੋੜੀਂਦੇ ਵਿਕਾਸ ਕਾਰਜਾਂ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ ਜੋ ਕਿ ਪਿੰਡਾਂ ਦੇ ਵਸੋਂ ਲਈ ਬੇਹੱਦ ਲਾਭਦਾਇਕ ਹੋਣਗੇ।

ਪਿੰਡ ਖਲਵਾਣਾ ਵਿਖੇ ਟਿਊਬਵੈਲ ਦੇ ਉਦਘਾਟਨ ਅਤੇ ਸੀਵਰੇਜ਼ ਪਾਉਣ ਦੇ ਕੰਮ ਦੀ ਸ਼ੁਰੂਆਤ ਮੌਕੇ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਚਾਇਤਾਂ ਨੂੰ ਲੋਕਤੰਤਰ ਦਾ ਥੰਮ ਵੀ ਕਿਹਾ ਜਾਂਦਾ ਹੈ ਅਤੇ ਪੰਚਾਇਤਾਂ ਪਿੰਡਾਂ ਦੇ ਵਿਕਾਸ, ਬੁਨਿਆਦੀ ਸਹੂਲਤਾਂ ਅਤੇ ਲੋਕ ਮਸਲਿਆਂ ਦੇ ਢੁਕਵੇਂ ਨਿਪਟਾਰੇ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰਨ।

ਉਨ੍ਹਾਂ ਕਿਹਾ ਕਿ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਅਤੇ ਆਉਂਦੇ ਦਿਨਾਂ ਵਿਚ ਇਨ੍ਹਾਂ ਕਾਰਜਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਪਿੰਡ ਅੱਭੋਵਾਲ, ਮੁਹੱਲਾ ਟਾਹਲੀਵਾਲ ਅਤੇ ਕੜਿਆਣਾ ਵਿਖੇ ਸੀਵਰੇਜ਼ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ।

# ਦਿੱਲੀ ਚੋਣਾਂ- ਕੇਜਰੀਵਾਲ ਵੱਲੋਂ ਮੱਧ ਵਰਗ ਲਈ 7 ਨੁਕਤਿਆਂ ਵਾਲਾ ਚੋਣ ਮੈਨੀਫੈਸਟੋ ਜਾਰੀ

**ਨਵੀਂ ਦਿੱਲੀ–** 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦੇਸ਼ ਦੇ ਮੱਧ ਵਰਗ ਲਈ ਸੱਤ ਨੁਕਤਿਆਂ ਵਾਲਾ 'ਮੈਨੀਫੈਸਟੋ' ਜਾਰੀ ਕੀਤਾ ਹੈ। ਕੇਜਰੀਵਾਲ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਮੱਧ ਵਰਗ ਨੂੰ ਨਜ਼ਰਅੰਦਾਜ਼ ਕੀਤਾ ਤੇ ਇਹ ਵਰਗ 'ਟੈਕਸ ਅਤਿਵਾਦ' ਦਾ ਸ਼ਿਕਾਰ ਹੈ। ਕੇਜਰੀਵਾਲ ਨੇ ਇਕ ਵੀਡੀ ਸੁਨੇਹੇ ਵਿਚ ਕਿਹਾ ਕਿ ਮੱਧ ਵਰਗ ਭਾਰਤੀ ਅਰਥਚਾਰੇ ਦੀ ਅਸਲ ਸੁਪਰਪਾਵਰ ਹੈ, ਪਰ ਇਸ ਵਰਗ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤੇ ਮਹਿਜ਼ ਟੈਕਸਾਂ ਦੀ ਉਗਰਾਹੀ ਲਈ ਇਨ੍ਹਾਂ ਦਾ ਸ਼ੋਸ਼ਣ ਹੋਇਆ। ਕੇਜਰੀਵਾਲ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਸੱਤ ਨੁਕਤਿਆਂ ਵਾਲਾ ਇਹ ਚਾਰਟਰ ਮੱਧ ਵਰਗ ਦੇ ਫ਼ਿਕਰਾਂ ਨੂੰ ਮੁਖਾਤਿਬ ਹੈ। ਇਨ੍ਹਾਂ ਵਿਚ ਸਿੱਖਿਆ ਬਜਟ ਨੂੰ ਮੌਜੂਦਾ 2 ਫੀਸਦ ਤੋਂ ਵਧਾ ਕੇ 10 ਫੀਸਦ ਕਰਨ ਤੇ ਨਿੱਜੀ ਸਕੂਲਾਂ ਦੀ ਫੀਸ ਸੀਮਾ ਨਿਰਧਾਰਿਤ ਕਰਨ ਦੀਆਂ ਮੰਗਾਂ ਵੀ ਸ਼ਾਮਲ ਹਨ। ਉਨ੍ਹਾਂ ਉੱਚ ਸਿੱਖਿਆ ਲਈ ਸਬਸਿਡੀਆਂ ਤੇ ਵਜ਼ੀਫਿਆਂ ਦੀ ਤਜਵੀਜ਼ ਵੀ ਰੱਖੀ ਤਾਂ ਕਿ ਮਿਆਰੀ ਸਿੱਖਿਆ ਤੱਕ ਸਾਰਿਆਂ ਦੀ ਰਸਾਈ ਸੰਭਵ ਹੋ ਸਕੇ।



'ਆਪ' ਮੁਖੀ ਨੇ ਸਿਹਤ ਸੰਭਾਲ ਖਰਚੇ ਵਿਚ ਵਾਧੇ ਦੀ ਲੋੜ (ਜੀਡੀਪੀ ਦਾ 10 ਫੀਸਦ) ਦੇ ਨਾਲ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਟੈਕਸ ਹਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਕੇਜਰੀਵਾਲ ਨੇ ਮੱਧ ਵਰਗ 'ਤੇ ਭਾਰੀ ਵਿੱਤੀ ਬੋਝ ਦਾ ਹਵਾਲਾ ਦਿੰਦੇ ਹੋਏ ਆਮਦਨ ਕਰ ਛੋਟ ਦੀ ਹੱਦ 7 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰਨ ਦੀ ਮੰਗ ਵੀ ਕੀਤੀ। ਕੇਜਰੀਵਾਲ ਨੇ ਦੇਸ਼ ਅਜ਼ਾਦੀ ਮਗਰੋਂ ਮੱਧ ਵਰਗ ਨੂੰ 'ਗੁਲਾਮ ਮਾਨਸਿਕਤਾ' ਵਜੋਂ ਦਰਸਾਉਣ ਲਈ ਸਿਆਸੀ ਪਾਰਟੀਆਂ ਦੀ ਨੁਕਤਾਚੀਨੀ ਕੀਤੀ। ਉਨ੍ਹਾਂ ਵਾਅਦਾ ਕੀਤਾ ਕਿ 'ਆਪ' ਸੰਸਦ ਮੈਂਬਰ ਅਗਾਮੀ ਸੰਸਦੀ ਇਜਲਾਸਾਂ ਦੌਰਾਨ ਮੱਧ ਵਰਗ ਦੀ ਆਵਾਜ਼ ਬੁਲੰਦ ਕਰਨਗੇ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਸਿਆਸੀ ਭਾਸ਼ਣ ਦਾ ਹਿੱਸਾ ਬਣਾਉਣਗੇ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੇ ਸੁਚੱਜੇ ਪਰਾਲੀ ਪ੍ਰਬੰਧਨ ਬਾਬਤ ਵਿਦਿਅਕ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਿਸਾਨਾਂ ਨੂੰ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਜ਼ਿਲ੍ਹਾ ਪੱਧਰੀ ਪਸਾਰ ਅਦਾਰੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਅਪਣਾਏ ਪਿੰਡ ਬੁਗਰਾ ਵਿਖੇ ਝੋਨੇ ਦੇ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਦੀਆਂ ਪ੍ਰਦਰਸ਼ਨੀਆਂ ਬਾਬਤ ਵਿਦਿਅਕ ਦੌਰਾ ਕਰਾਇਆ ਗਿਆ। ਇਨ੍ਹਾਂ ਪ੍ਰਦਰਸ਼ਨੀਆਂ ਦੌਰਾਨ ਪਿੰਡ ਬੁਗਰਾ ਦੇ ਅਗਾਂਹਵਧੂ ਤੇ ਇਨਾਮ ਜੇਤੂ ਕਿਸਾਨ ਤਰਨਜੀਤ ਸਿੰਘ ਦੇ ਫਾਰਮ ਤੇ ਕਣਕ ਦੀ ਸਿੱਧੀ ਬਿਜਾਈ ਵੱਖ-ਵੱਖ ਤਕਨੀਕਾਂ ਨਾਲ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਤਕਨੀਕਾਂ ਨਾਲ ਪਰਾਲੀ ਪ੍ਰਬੰਧਨ ਵਾਲੇ ਖੇਤਾਂ ਵਿੱਚ ਉੱਗੀ ਕਣਕ ਦੀ ਸਫਲ ਕਾਸ਼ਤ ਦਾ ਸੰਦੇਸ਼ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਸਕੇ। ਤਰਨਜੀਤ ਸਿੰਘ ਦੇ ਖੇਤਾਂ ਵਿੱਚ ਇਨ੍ਹਾਂ ਪ੍ਰਦਰਸ਼ਨੀਆਂ ਦਾ ਦੂਜਾ ਸਾਲ ਹੈ ਅਤੇ ਉਹ ਇਨ੍ਹਾਂ ਦੀ ਕਾਰਗੁਜਾਰੀ ਤੋਂ ਸੰਤੁਸ਼ਟ ਹਨ। ਕਿਸਾਨਾਂ ਨਾਲ ਰੂਬਰੂ ਹੁੰਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਡਾ. ਮਨਿੰਦਰ ਸਿੰਘ ਬੌਂਸ ਨੇ ਖੇਤ ਦੀ ਮਿੱਟੀ ਨੂੰ ਪੋਸ਼ਟਿਕ ਤੱਤਾਂ ਦਾ ਬੈਂਕ ਦੱਸਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਅਸੀਂ ਇਸਨੂੰ ਖਾਲੀ ਨਾ ਕਰੀਏ ਕਿਉਂਕਿ ਖਾਦਾਂ ਦਾ ਇਕ ਤਿਹਾਈ ਹਿੱਸਾ ਪਰਾਲੀ ਵਿਚ ਹੁੰਦਾ ਹੈ, ਜੋ ਅੱਗ ਲਗਾਉਣ ਨਾਲ ਇਸ ਦੇ ਨਾਲ ਹੀ ਨਸ਼ਟ ਹੋ ਜਾਂਦਾ ਹੈ। ਪਰਾਲੀ ਨੂੰ ਖੇਤ ਵਿਚ ਹੀ ਰੱਖਣ ਦੀ ਸਿਫ਼ਾਰਸ਼ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਜਮੀਨ ਦੀ ਸਿਹਤ ਠੀਕ ਰਹਿੰਦੀ ਹੈ ਉੱਥੇ ਖਾਦਾਂ ਤੇ ਖਰਚੇ ਘੱਟ ਹੁੰਦੇ ਹਨ ਅਤੇ ਵਾਤਾਵਰਨ ਵੀ ਪਲੀਤ ਨਹੀਂ ਹੁੰਦਾ। ਡਾ. ਬੌਂਸ ਨੇ ਪਿੰਡ ਬੁਗਰਾ ਦੇ ਅਗਾਂਹਵਧੂ ਕਿਸਾਨਾਂ ਦੀ ਸ਼ਲਾਘਾ ਵੀ ਕੀਤੀ, ਜਿਹਨਾਂ ਦੇ ਇਸ ਸਾਲ ਝੋਨੇ ਦੀ ਪਰਾਲੀ ਦਾ ਪੂਰਨ ਪ੍ਰਬੰਧ ਕੀਤਾ ਅਤੇ ਇਨ੍ਹਾਂ ਯਤਨਾਂ ਸਦਕਾ ਪਿੰਡ ਵਿੱਚ ਪਰਾਲੀ ਨੂੰ ਅੱਗ ਲਾਉਣ ਦਾ ਕੋਈ ਕੇਸ ਨਹੀਂ ਦਰਜ ਹੋਇਆ।ਇਸ ਤੋਂ ਇਲਾਵਾ ਡਾ। ਬੌਂਸ ਨੇ ਹਾੜ੍ਹੀ ਦੀਆਂ ਫਸਲਾਂ ਦੇ ਸਰਵਪੱਖੀ ਕੀਟ ਪ੍ਰਬੰਧਨ ਬਾਬਤ ਵੀ ਜਰੂਰੀ ਨੁਕਤੇ ਸਾਂਝੇ ਕੀਤੇ।ਇਸ ਮੌਕੇ ਕਿਸਾਨਾਂ ਦੀ ਜਾਣਕਾਰੀ ਵਿੱਚ ਵਾਧੇ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਵੱਖ-ਵੱਖ ਤਕਨੀਕੀ ਲੈਕਚਰ ਦਿੱਤੇ ਗਏ। ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨਿਅਰਿੰਗ), ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਡਾ. ਅਜੈਬ ਸਿੰਘ ਨੇ ਝੋਨੇ ਦੀ ਪਰਾਲੀ ਪ੍ਰਬੰਧਨ ਤਕਨੀਕਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਨੇ ਇਸ ਮੌਕੇ ਝੋਨੇ ਦੀ ਪਰਾਲੀ ਪ੍ਰਬੰਧਨ ਸੰਬੰਧੀ ਪ੍ਰਦਰਸ਼ਿਤ ਮਸ਼ੀਨਰੀ - ਸਰਫੇਸ ਸੀਡਰ ਤਕਨੀਕ, ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਜੀਰੋ ਡਰਿੱਲ ਦੀ ਵਰਤੋਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ। ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ) ਡਾ. ਪਰਮਿੰਦਰ ਸਿੰਘ ਨੇ ਦੁਧਾਰੂ ਪਸ਼ੂਆਂ ਦੀ ਸਾਂਭ ਸੰਭਾਲ ਤੇ ਪਸ਼ੂ ਖੁਰਾਕ ਤਿਆਰ ਕਰਨ ਬਾਰੇ ਅਤੇ ਸਹਾਇਕ ਪ੍ਰੋਫੈਸਰ (ਸਬਜੀ ਵਿਗਿਆਨ) ਡਾ. ਕਰਮਵੀਰ ਸਿੰਘ ਨੇ ਪੌਸ਼ਟਿਕ ਘਰੇਲੂ ਬਗੀਚੀ ਬਾਬਤ ਜਾਣਕਾਰੀ ਸਾਂਝੀ ਕੀਤੀ।








# ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਾਹਿਤਕਾਰਾਂ ਦੀ 'ਮਾਂ ਬੋਲੀ ਪੰਜਾਬੀ' ਪ੍ਰਤੀ ਸੁਹਿਰਦਤਾ- ਆਪਣੀ ਜਨਮ ਭੋਂਇ, ਪੰਜਾਬ ਉਪਰ 'ਸੱਚ ਛੁਪਦਾ ਨਹੀਂ' ਕਾਵਿ-ਪੁਸਤਕ ਲੋਕ ਅਰਪਣ

**ਸਿਆਟਲ-** ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਖੰਨਾ (ਪੰਜਾਬ) ਦੀ ਮਹੀਨਾਵਾਰ ਇਕੱਤਰਤਾ ਸਭਾ ਦੇ ਪ੍ਰਧਾਨ ਮਨਜੀਤ ਸਿੰਘ ਧੰਜਲ ਦੀ ਪ੍ਰਧਾਨਗੀ ਹੇਠ ਏ.ਐੱਸ.ਸੀ.ਸੈ. ਸਕੂਲ ਖੰਨਾ ਵਿਖੇ ਹੋਈ। ਭਰਵੇਂ ਇਕੱਠ ਦੀ ਇਸ ਮੀਟਿੰਗ ਵਿੱਚ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਅਮਰੀਕਾ ਦੇ, ਅਹੁਦੇਦਾਰਾਂ ਪ੍ਰਿਤਪਾਲ ਸਿੰਘ ਟਿਵਾਣਾ ਜ. ਸਕੱਤਰ, ਸਾਧੂ ਸਿੰਘ ਝੱਜ ਮੀਤ ਸਕੱਤਰ ਤੋਂ ਇਲਾਵਾ ਸਭਾ ਦੇ ਮੈਂਬਰ ਪ੍ਰਸਿੱਧ ਲੋਕ-ਗਾਇਕ ਬਲਵੀਰ ਸਿੰਘ ਲਹਿਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੰਜਾਬੀ ਸਾਹਿਤ ਸਭਾ ਖੰਨਾ ਵੱਲੋਂ ਇਹਨਾਂ ਐਨ.ਆਰ.ਆਈਜ਼ ਸਾਹਿਤਕਾਰਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਸ਼ੁਰੂਆਤ ਵਿੱਚ ਹਾਜ਼ਰ ਸਾਰੇ ਸਰੋਤਿਆਂ ਵੱਲੋਂ ਸਹਿਤਕਾਰ ਗੁਰਬਚਨ ਸਿੰਘ ਵਿਰਦੀ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।



ਸਭਾ ਦੀ ਕਾਰਵਾਈ ਦਾ ਸੰਚਾਲਨ ਕਰਦਿਆਂ ਗੁਰੀ ਤੁਰਮਰੀ ਨੇ ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਪੇਸ਼ ਕਰਨ ਦਾ ਸੱਦਾ ਦਿੱਤਾ।ਵੱਖ ਵੱਖ ਵਿਧਾਵਾਂ ਦੀਆਂ ਰਚਨਾਵਾਂ ਦੇ ਇਸ ਸਾਹਿਤਕ ਪ੍ਰੋਗਰਾਮ ਦਾ, ਨੇਤਰ ਸਿੰਘ ਮੁੱਤੋਂ ਨੇ ਮਿੰਨੀ ਕਹਾਣੀ 'ਸਬਕ' ਨਾਲ ਆਗਾਜ਼ ਕੀਤਾ। ਇਸ ਉਪਰੰਤ ਨਰਿੰਦਰ ਮਣਕੂ ਨੇ 'ਗ਼ਜ਼ਲ', ਬਾਵਾ ਹੋਲੀਆਂ ਨੇ ਗੀਤ 'ਨਮਾਜ਼', ਸਾਧੂ ਸਿੰਘ ਝੱਜ ਨੇ ਕਵਿਤਾ 'ਦਸਤਾਰ', ਗੁਰਦੀਪ ਸਿੰਘ ਮਹੌਣ ਨੇ ਮਿੰਨੀ ਕਹਾਣੀ 'ਫ਼ਰਕ', ਮਨਜੀਤ ਕੌਰ ਜੀਤ ਨੇ ਕਵਿਤਾ 'ਸਿੱਖੀ ਮਹਿਲ', ਪ੍ਰਿਤਪਾਲ ਸਿੰਘ ਟਿਵਾਣਾ ਨੇ ਕਵਿਤਾ 'ਬਾਬਾ ਨਾਨਕ, ਬਲਵੀਰ ਲਹਿਰਾ ਨੇ ਗੀਤ 'ਕੁਰਬਾਨੀ', ਅਵਤਾਰ ਉਟਾਲਾ ਨੇ ਗੀਤ 'ਚਿੱਤ ਕਿਵੇਂ ਲੱਗੂ', ਗੁਰੀ ਤੁਰਮਰੀ ਨੇ ਗੀਤ 'ਪਤੰਗ', ਮਨਜੀਤ ਸਿੰਘ ਧੰਜਲ ਨੇ ਗੀਤ 'ਬਾਪੂ ਕਹਿੰਦਾ', ਰਵਿੰਦਰ ਰੁਪਾਲ ਨੇ ਬਾਲ ਕਹਾਣੀ 'ਮੇਲਾ' ਲਿਖਤਾਂ ਪੇਸ਼ ਕੀਤੀਆਂ।ਵੱਖ ਵੱਖ ਵਿਸ਼ਿਆਂ ਦੀ ਪੇਸ਼ਕਾਰੀ ਕਰਦੀਆਂ ਇਹਨਾਂ ਕਾਵਿਕ ਅਤੇ ਵਾਰਤਕ ਰਚਨਾਵਾਂ ਵਿੱਚ ਉਚਾਰਣ-ਕਲਾ ਵੀ ਸੀ ਅਤੇ ਗਾਉਣ-ਕਲਾ ਵੀ। ਅੱਜ ਦੀ ਇਸ ਮੀਟਿੰਗ ਵਿੱਚ ਸਾਧੂ ਸਿੰਘ ਝੱਜ ਦਾ ਲਿਖਿਆ ਕਾਵਿ-ਸੰਗ੍ਰਹਿ 'ਸੱਚ ਛੁਪਦਾ ਨਹੀਂ' ਹਾਜ਼ਰ ਮੈਂਬਰਾਂ ਵੱਲੋਂ ਲੋਕ-ਅਰਪਣ ਕੀਤਾ ਗਇਆ, ਲੇਖਕ ਦਾ ਇਸ ਤੋਂ ਪਹਿਲਾਂ ਵੀ ਇਕ ਕਾਵਿ-ਸੰਗ੍ਰਹਿ 'ਸੁਣ ਪੰਜਾਬ ਸਿਆਂ' ਚਰਚਾ ਵਿੱਚ ਰਿਹਾ ਹੈ। ਇੱਥੇ ਇਹ ਗੱਲ ਵੀ ਦੱਸਣ ਯੋਗ ਹੈ ਕਿ ਸੱਤ ਸਮੁੰਦਰੋਂ ਪਾਰ ਬੈਠੇ ਸਾਹਿਤਕਾਰ, ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦੇ ਰਾਹੀਂ ਆਪਣੀ ਮਾਂ ਬੋਲੀ ਪੰਜਾਬੀ ਦੇ ਸਰਵ ਪੱਖੀ ਵਿਕਾਸ ਲਈ ਸੁਹਿਰਦਤਾ ਨਾਲ ਕੋਸ਼ਿਸ਼ਾਂ ਕਰ ਰਹੇ ਹਨ।ਅੱਜ ਵਰ੍ਹਦੇ ਮੀਂਹ ਵਿੱਚ ਵੀ ਗੀਤ-ਸੰਗੀਤਕ ਲਹਿਰਾਂ ਫ਼ਿਜ਼ਾ ਨੂੰ ਅਲੌਕਿਕ ਰੰਗ ਬਖ਼ਸ਼ ਰਹੀਆਂ ਸਨ।

ਪੜ੍ਹੀਆਂ ਗਈਆਂ ਰਚਨਾਵਾਂ ਉੱਤੇ ਉਸਾਰੂ ਅਤੇ ਸੁਚਾਰੂ ਬਹਿਸ ਵਿੱਚ ਸੁਖਵਿੰਦਰ ਸਿੰਘ ਭਾਦਲਾ, ਬਲਵੀਰ ਲਹਿਰਾ, ਪ੍ਰਿਤਪਾਲ ਟਿਵਾਣਾ, ਗੁਰਦੇਵ ਸਿੰਘ ਲਲਹੇੜੀ, ਜਪਿੰਦਰ ਸਿੰਘ ਆਦਿ ਨੇ ਹਿੱਸਾ ਲੈਂਦਿਆਂ ਵਿਸ਼ੇ ਅਤੇ ਕਲਾ ਪੱਖਾਂ ਦਾ ਵਿਸਲੇਸ਼ਣ ਕੀਤਾ। ਅੰਤ ਵਿੱਚ ਅਦਬੀ ਸ਼ਬਦਾਂ ਨਾਲ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ** +1 206 244 4663
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**+1 206 765 9069,
**ਮੰਗਤ ਕੁਲਜਿੰਦ ਪ੍ਰੈ. ਸਕੱਤਰ** +1 425 286 0163

# ਹੁਣ ਮੇਲਾਨੀਆ ਨੇ ਲਾਂਚ ਕੀਤੀ ਕ੍ਰਿਪਟੋਕਰੰਸੀ

**ਵਾਸ਼ਿੰਗਟਨ (ਬਿਊਰੋ)-** ਡੋਨਾਲਡ ਟਰੰਪ ਦੇ ਉਦਘਾਟਨ ਤੋਂ ਕੁਝ ਘੰਟੇ ਪਹਿਲਾਂ, ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਨੇ ਆਪਣੀ ਕ੍ਰਿਪਟੋਕਰੰਸੀ ਲਾਂਚ ਕੀਤੀ ਹੈ। ਉਸ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ ਸਾਈਟ ਐਕਸ। ਉਸ ਨੇ ਕਿਹਾ ਕਿ 'ਡਾਲਰ ਮੇਲਾ-ਨੀਆ' ਖਰੀਦਿਆ ਜਾ ਸਕਦਾ ਹੈ। 'ਡਾਲਰ ਮੇਲਾਨੀਆ' ਨੂੰ ਡੋਨਾਲਡ ਟਰੰਪ ਦੁਆਰਾ ਆਪਣਾ ਮੀਮ ਸਿੱਕਾ ਪੇਸ਼ ਕਰਨ ਤੋਂ ਤੁਰੰਤ ਬਾਅਦ ਲਾਂਚ ਕੀਤਾ ਗਿਆ ਸੀ, ਜਿਸ ਨੇ 'ਡਾਲਰ ਟਰੰਪ' ਦੇ ਮੁੱਲ ਨੂੰ ਸੰਖੇਪ ਰੂਪ ਵਿੱਚ ਪ੍ਰਭਾਵਿਤ ਕੀਤਾ ਸੀ।

ਇਸਦੀ ਅਧਿਕਾਰਤ ਵੈਬਸਾਈਟ ਦੇ ਅਨੁਸਾਰ, 'ਡਾਲਰ ਮੇਲਾਨੀਆ' ਕ੍ਰਿਪਟੋਕਰੰਸੀ ਨੂੰ ਸੋਲਾਨਾ ਬਲਾਕਚੇਨ 'ਤੇ ਬਣਾਇਆ ਅਤੇ ਟਰੈਕ ਕੀਤਾ ਗਿਆ ਹੈ। ਮੀਮ ਸਿੱਕੇ ਅੱਖਰਾਂ, ਵਿਅਕਤੀਆਂ, ਜਾਨਵਰਾਂ ਜਾਂ ਕਲਾਕਾਰੀ ਦੁਆਰਾ ਪ੍ਰੇਰਿਤ ਕ੍ਰਿਪਟੋਕਰੰਸੀ ਹਨ। 'DollarTrump' ਅਤੇ 'DollarMelaina' ਸਿੱਕਿਆਂ ਦੀਆਂ ਕੀਮਤਾਂ ਉਨ੍ਹਾਂ ਦੇ ਲਾਂਚ ਹੋਣ ਤੋਂ ਬਾਅਦ ਲਗਾਤਾਰ ਵਧ ਰਹੀਆਂ ਹਨ, ਪਰ ਇਹ ਅਸਥਿਰ ਵਪਾਰ ਦੇ ਅਧੀਨ ਹਨ। ਇਹਨਾਂ ਸਿੱਕਿਆਂ ਦੀਆਂ ਵੈੱਬਸਾਈਟਾਂ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਇਹਨਾਂ ਕ੍ਰਿਪਟੋਕਰੰਸੀਆਂ ਨੂੰ ਨਿਵੇਸ਼ਾਂ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ।

# ਰਹੱਸਮਈ ਮੌਤਾਂ: ਰਾਜੌਰੀ ਦੇ ਪਿੰਡ ਬੱਦਲ ਦੀਆਂ ਸਰਹੱਦਾਂ ਸੀਲ

**ਰਾਜੌਰੀ/ਜੰਮੂ-** ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਪਿੰਡ ਬੱਦਲ ਨੂੰ ਕੰਟੇਨਮੈਂਟ ਜ਼ੋਨ ਐਲਾਨ ਦਿੱਤਾ ਗਿਆ ਹੈ ਤੇ ਇਸ ਦੌਰਾਨ ਪਿੰਡ ਵਿਚ ਕਿਸੇ ਵੀ ਜਨਤਕ ਤੇ ਨਿੱਜੀ ਇਕੱਠ 'ਤੇ ਮੁਕੰਮਲ ਰੋਕ ਰਹੇਗੀ। ਵਰਣਯੋਗ ਹੈ ਕਿ ਪਿੰਡ ਵਿਚ ਰਹਿੰਦੇ ਤਿੰਨ ਪਰਿਵਾਰਾਂ ਦੇ 17 ਜੀਆਂ ਦੀ ਪਿਛਲੇ ਦਿਨਾਂ ਵਿਚ ਰਹੱਸਮਈ ਢੰਗ ਨਾਲ ਮੌਤ ਹੋ ਗਈ ਸੀ। ਅਧਿਕਾਰੀਆਂ ਮੁਤਾਬਕ ਪਿੰਡ ਦੇ ਹੀ ਇਕ ਹੋਰ ਨੌਜਵਾਨ ਨੂੰ ਲੰਘੇ ਦਿਨ ਗੰਭੀਰ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪਿੰਡ ਦੀਆਂ ਸਰਹੱਦਾਂ ਸੀਲ ਕਰਨ ਦੇ ਹੁਕਮ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ (ਬੀਐੱਨਐੱਸਐੱਸ) ਦੀ ਧਾਰਾ 163 ਤਹਿਤ ਦਿੱਤੇ ਗਏ ਹਨ।

ਵਧੀਕ ਜ਼ਿਲ੍ਹਾ ਮੈਜਿਸਟਰੇਟ (ਰਾਜੌਰੀ) ਰਾਜੀਵ ਕੁਮਾਰ ਖਜੂਰੀਆ ਵੱਲੋਂ ਜਾਰੀ ਹੁਕਮਾਂ ਮੁਤਾਬਕ ਪਿੰਡ ਨੂੰ ਤਿੰਨ ਕੰਟੇਨਮੈਂਟ ਜ਼ੋਨਾਂ ਵਿਚ ਵੰਡਿਆ ਗਿਆ ਹੈ। ਪਹਿਲੀ ਜ਼ੋਨ ਵਿਚ ਉਨ੍ਹਾਂ ਸਾਰੇ ਪਰਿਵਾਰਾਂ ਦੇ ਘਰ ਆਉਂਦੇ ਹਨ, ਜਿਨ੍ਹਾਂ ਦੇ ਜੀਆਂ ਦੀ ਰਹੱਸਮਈ ਢੰਗ ਨਾਲ ਮੌਤ ਹੋਈ ਹੈ। ਇਨ੍ਹਾਂ ਪੀੜਤ ਪਰਿਵਾਰਾਂ ਦੇ ਘਰਾਂ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਮਨੋਨੀਤ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਗੈਰ ਪਰਿਵਾਰਕ ਮੈਂਬਰਾਂ ਸਣੇ ਕਿਸੇ ਵਿਅਕਤੀ ਵਿਸ਼ੇਸ਼ ਦੇ ਦਾਖ਼ਲੇ 'ਤੇ ਪੂਰੀ ਤਰ੍ਹਾਂ ਰੋਕ ਰਹੇਗੀ। ਕੰਟੇਨਮੈਂਟ ਜ਼ੋਨ 2 ਵਿੱਚ ਪੀੜਤ ਵਿਅਕਤੀਆਂ ਦੇ ਨਜ਼ਦੀਕੀ ਸੰਪਰਕਾਂ ਵਜੋਂ ਪਛਾਣੇ ਗਏ ਸਾਰੇ ਪਰਿਵਾਰਾਂ ਦੇ ਮੈਂਬਰਾਂ ਨੂੰ ਲਗਾਤਾਰ ਸਿਹਤ ਨਿਗਰਾਨੀ ਲਈ ਸਰਕਾਰੀ ਮੈਡੀਕਲ ਕਾਲਜ, ਰਾਜੌਰੀ ਵਿੱਚ ਤਬਦੀਲ ਕੀਤਾ ਜਾਵੇਗਾ। ਪਿੰਡ ਵਿਚ ਬਾਕੀ ਬਚਦੇ ਸਾਰੇ ਘਰ ਕੰਟੇਨਮੈਂਟ ਜ਼ੋਨ-3 ਅਧੀਨ ਆਉਣਗੇ, ਜਿੱਥੇ ਲੋਕਾਂ ਦੇ ਖਾਣ ਪੀਣ 'ਤੇ ਨਿਰੰਤਰ ਨਿਗਰਾਨੀ ਯਕੀਨੀ ਬਣਾਈ ਜਾਵੇਗੀ। ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਪੁਲੀਸ ਕਰਮਚਾਰੀ ਤਾਇਨਾਤ ਰਹਿਣਗੇ। ਲੌਗ ਬੁੱਕ ਦੇ



ਰੱਖ-ਰਖਾਓ ਲਈ ਮਨੋਨੀਤ ਅਧਿਕਾਰੀਆਂ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਲਈ ਸਟਾਫ ਤਾਇਨਾਤ ਕੀਤਾ ਜਾਵੇਗਾ। ਹੁਕਮਾਂ ਮੁਤਾਬਕ ਪੀੜਤ ਪਰਿਵਾਰ ਤੇ ਉਨ੍ਹਾਂ ਦੇ ਨੇੜਲੇ ਸਿਰਫ਼ ਪ੍ਰਸ਼ਾਸਨ ਵੱਲੋਂ ਦਿੱਤਾ ਖਾਣ-ਪਾਣੀ ਲੈਣਗੇ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਮੰਗਲਵਾਰ ਨੂੰ ਪਿੰਡ ਦਾ ਦੌਰਾ ਕੀਤਾ ਸੀ। ਪਿਛਲੇ ਸਾਲ 7 ਦਸੰਬਰ ਤੋਂ 19 ਜਨਵਰੀ ਤੱਕ ਪਿੰਡ ਵਿਚ ਤਿੰਨ ਪਰਿਵਾਰਾਂ ਦੇ 17 ਜੀਆਂ ਦੀ ਰਹੱਸਮਈ ਢੰਗ ਨਾਲ ਮੌਤ ਹੋਈ ਹੈ। ਐਜਾਜ਼ ਅਹਿਮਦ (24) ਨਾਂ ਦੇ ਸ਼ਖ਼ਸ ਨੂੰ ਸਿਹਤ ਵਿਗੜਨ ਮਗਰੋਂ ਮੰਗਲਵਾਰ ਸ਼ਾਮ ਨੂੰ ਹਸਪਤਾਲ ਭਰਤੀ ਕੀਤਾ ਗਿਆ ਹੈ।




# ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦਾ ਧਾਰਮਿਕ ਗੀਤ 'ਦਰਸ਼ਨ' ਦਾ ਵੀਡੀਓ ਸ਼ੂਟ ਮੁਕੰਮਲ



ਨੌਜਵਾਨ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਗੀਤ 'ਦਰਸ਼ਨ' ਦਾ ਵੀਡੀ ਸ਼ੂਟ ਅੱਜ ਸੰਤ ਬਾਬਾ ਗੋਬਿੰਦ ਦਾਸ ਜੀ ਮੁਹੱਲਾ ਗੋਬਿੰਦਪੁਰਾ ਫਗਵਾੜਾ ਵਿਖੇ ਵੀਡੀ ਡਾਇਰੈਕਟਰ ਆਰ. ਕੇ ਬਾਂਸਲ ਦੀ ਅਗਵਾਈ ਹੇਠ ਸੰਪੰਨ ਹੋਇਆ। ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਕਮਲ ਮਿਊਜ਼ਿਕ ਰਿਕਾਰਡਸ ਤੇ ਪੇਸ਼ਕਾਰ ਤਲਵਿੰਦਰ ਸਿੰਘ ਵਲੋਂ ਮਾਰਕੀਟ 'ਚ ਪੇਸ਼ ਕੀਤਾ ਗਿਆ ਹੈ। ਇਸ ਗੀਤ ਨੂੰ ਗਾਇਕ ਕੁਲਵੀਰ ਲੱਲੀਆਂ ਦੇ ਖੁਦ ਹੀ ਕਲਮਬੱਧ ਕੀਤਾ ਹੈ, ਜਦਕਿ ਇਸ ਗੀਤ ਨੂੰ ਸੰਗੀਤਕ ਧੁਨਾਂ 'ਚ ਨੌਜਵਾਨ ਸੰਗੀਤਕਾਰ ਲੱਕੀ ਅੱਪਰਾ ਨੇ ਪਿਰੋਇਆ ਹੈ। ਇਸ ਗੀਤ ਦਾ ਵੀਡੀਓ ਆਰ. ਕੇ ਬਾਂਸਲ ਅੱਪਰਾ ਵਲੋਂ ਤਿਆਰ ਕੀਤਾ ਹੈ। ਗੀਤ ਨੂੰ ਤਿਆਰ ਕਰਨ ਵਾਲੀ ਸਮੂਹ ਟੀਮ ਨੇ ਕਿਹਾ ਕਿ ਉਨਾਂ ਨੂੰ ਪੂਰੀ ਆਸ ਹੈ ਕਿ ਦੇਸ਼ ਵਿਦੇਸ਼ 'ਚ ਬੈਠੀਆਂ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਇਸ ਧਾਰਮਿਕ ਗੀਤ ਨੂੰ ਬੇਹੱਦ ਪਿਆਰ ਦੇਣਗੀਆਂ ਤੇ ਉਹ ਇਸ ਤਰਾਂ ਹੀ ਗੁਰੂ ਸਾਹਿਬਾਨਾਂ ਦੇ ਲੜ ਲੱਗ ਕੇ ਪੰਜਾਬੀ ਮਾਂ ਬੋਲੀ ਤੇ ਪੰਜਾਬੀਅਤ ਦੀ ਸੇਵਾ ਕਰਦੇ ਰਹਿਣਗੇ।

# ਸੜਕ ਸੁਰੱਖਿਆ ਗਤੀਵਿਧੀਆਂ ਤਹਿਤ ਡਰਾਈਵਰਾਂ ਦੀਆਂ ਅੱਖਾਂ ਦਾ ਚੈਕਅੱਪ ਕੈਂਪ ਲਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਹੁਸ਼ਿਆਰਪੁਰ ਇੰਸਟੀਚਿਊਟ ਆਫ਼ ਆਟੋਮੇਟਿਵ ਐਂਡ ਡਰਾਈਵਿੰਗ ਸਕਿੱਲ ਵਿਖੇ ਡਰਾਈਵਰਾਂ ਲਈ ਅੱਖਾਂ ਦੀ ਜਾਂਚ ਦਾ ਕੈਂਪ ਲਾਇਆ ਗਿਆ। ਕੈਂਪ ਦੌਰਾਨ 120 ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਸਿਰ ਆਪਣੀਆਂ ਅੱਖਾਂ ਚੈਕ ਕਰਵਾਉਣ ਦੀ ਵੀ ਤਾਕੀਦ ਕੀਤੀ ਗਈ। ਖੇਤਰੀ ਟਰਾਂਸਪੋਰਟ ਅਫ਼ਸਰ ਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਕੈਂਪ ਦੌਰਾਨ ਡਰਾਈਵਰਾਂ ਨੂੰ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਉਂਦਿਆਂ ਟ੍ਰੈਫਿਕ ਨਿਯਮਾਂ ਦੀ ਬਾਕਾਇਦਾ ਪਾਲਣਾ ਦਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਡਰਾਈਵਰਾਂ ਨੇ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਦਾ ਅਹਿਦ ਲਿਆ।

# ਭਾਸ਼ਾ ਵਿਭਾਗ ਦੇ ਰਸਾਲੇ ਜਨ ਸਾਹਿਤ ਅਤੇ ਪੰਜਾਬੀ ਦੁਨੀਆਂ ਲਈ ਲੇਖਕਾਂ ਕੋਲੋਂ ਰਚਨਾਵਾਂ ਦੀ ਮੰਗ: ਜ਼ਿਲ੍ਹਾ ਭਾਸ਼ਾ ਅਫ਼ਸਰ, ਪਠਾਨਕੋਟ

**ਪਠਾਨਕੋਟ–** ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਰਹਿਨੁਮਾਈ ਅਤੇ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਸ। ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਭਾਸ਼ਾ ਵਿਭਾਗ, ਪੰਜਾਬ ਦੇ ਮਾਣਯੋਗ ਡਾਇਰੈਕਟਰ ਸ। ਜਸਵੰਤ ਸਿੰਘ ਜ਼ਫ਼ਰ ਦੀਆਂ ਹਦਾਇਤਾਂ ਅਨੁਸਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪ੍ਰਫੁੱਲਤਾ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਉਪਰਾਲਿਆਂ ਤਹਿਤ ਵਿਭਾਗ ਵੱਲੋਂ ਪੰਜਾਬੀ ਦੇ ਦੋ ਰਸਾਲੇ 'ਜਨ ਸਾਹਿਤ ਅਤੇ ਪੰਜਾਬੀ ਦੁਨੀਆਂ' ਪ੍ਰਕਾਸ਼ਿਤ ਕੀਤੇ ਰਹੇ ਹਨ। ਰਾਜੇਸ਼ ਕੁਮਾਰ ਖੋਜ ਅਫ਼ਸਰ, ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਇਹ ਦੋਵੇਂ ਰਸਾਲੇ ਮਹੀਨਾਵਾਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਰਸਾਲਿਆਂ 'ਚ ਛਪਣ ਲਈ ਕੋਈ ਵੀ ਲੇਖਕ ਆਪਣੀ ਰਚਨਾ ਭੇਜ ਸਕਦਾ ਹੈ। ਰਸਾਲਾ ਜਨ ਸਾਹਿਤ ਲਈ ਲੇਖਕ ਆਪਣੀਆਂ ਮੌਲਿਕ ਅਤੇ ਅਣਪ੍ਰਕਾਸ਼ਿਤ ਰਚਨਾਵਾਂ ਲੇਖ, ਕਵਿਤਾ, ਗਜ਼ਲ, ਕਹਾਣੀ, ਰੇਖਾ ਚਿੱਤਰ ਅਤੇ ਮੁਲਾਕਾਤਾਂ ਆਦਿ ਦੇ ਰੂਪ ਵਿੱਚ ਭੇਜ ਸਕਦੇ ਹਨ ਜਦਕਿ ਰਸਾਲਾ ਪੰਜਾਬੀ ਦੁਨੀਆਂ ਲਈ ਖੋਜ ਨਿਬੰਧ (ਰਿਸਰਚ ਪੇਪਰ) ਪ੍ਰਕਾਸ਼ਨਾ ਲਈ ਭੇਜੇ ਜਾ ਸਕਦੇ ਹਨ। ਇਸ ਦੇ ਨਾਲ ਹੀ ਲੇਖਕ ਨੂੰ ਰਚਨਾ ਦੇ ਨਾਲ ਆਪਣਾ ਨਾਮ, ਪੂਰਾ ਪਤਾ ਅਤੇ ਮੋਬਾਈਲ ਨੰਬਰ ਭੇਜਦੇ ਹੋਏ ਦੇ ਰਚਨਾ ਦੇ ਮੌਲਿਕ ਅਤੇ ਅਣਪ੍ਰਕਾਸ਼ਿਤ ਹੋਣ ਬਾਰੇ ਤਸਦੀਕ ਕਰਕੇ ਭੇਜਣਾ ਵੀ ਜ਼ਰੂਰੀ ਹੈ। ਵਿਭਾਗ ਦੇ ਮਾਪਦੰਡਾਂ 'ਤੇ ਖ਼ਰੀਆਂ ਉਤਰਨ ਵਾਲੀਆਂ ਰਚਨਾਵਾਂ ਨੂੰ ਸੰਪਾਦਕੀ ਮੰਡਲ ਦੇ ਫੈਸਲੇ ਅਨੁਸਾਰ ਬਣਦਾ ਸਥਾਨ ਦਿੱਤਾ ਜਾਵੇਗਾ ਲੇਖਕ ਆਪਣੀਆਂ ਰਚਨਾਵਾਂ ਟਾਈਪ ਕਰਕੇ ਵਿਭਾਗ ਦੀ ਮੇਲ ਆਈ. ਡੀ Punjabirasala.pblanguages0gmail.com 'ਤੇ ਮੇਲ ਕਰ ਸਕਦੇ ਹਨ। ਰਸਾਲਿਆਂ ਸੰਬੰਧੀ ਹੋਰ ਵਧੇਰੇ ਜਾਣਕਾਰੀ ਲਈ ਸੰਪਾਦਕ ਨਾਲ ਮੋਬਾਈਲ ਨੰਬਰ 98159-15902 'ਤੇ ਦਫ਼ਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਸ੍ਰੀ ਰਾਜੇਸ਼ ਕੁਮਾਰ ਖੋਜ ਅਫ਼ਸਰ, ਪਠਾਨਕੋਟ ਨੇ ਅੱਗੇ ਇਹ ਵੀ ਦੱਸਿਆ ਕਿ ਪੰਜਾਬੀ ਭਾਸ਼ਾ ਦੇ ਰਸਾਲਿਆਂ ਦੇ ਨਾਲ ਨਾਲ ਵਿਭਾਗ ਵੱਲੋਂ ਹਿੰਦੀ ਭਾਸ਼ਾ ਦਾ ਰਸਾਲਾ 'ਪੰਜਾਬ ਸੌਰਭ' ਅਤੇ ਉਰਦੂ ਭਾਸ਼ਾ ਦਾ ਰਸਾਲਾ 'ਪਰਵਾਜ਼ ਏ ਅਦਬ' ਵੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਵਿਭਾਗ ਵੱਲੋਂ ਪਾਠਕਾਂ ਦੇ ਘਰਾਂ ਤੱਕ ਡਾਕ ਰਾਹੀਂ ਰਸਾਲਾ ਪਹੁੰਚਾਉਣ ਦੀ ਵਿਵਸਥਾ ਕੀਤੀ ਹੋਈ ਹੈ। ਕੋਈ ਵੀ ਪਾਠਕ ਰਸਾਲਿਆਂ ਦੀ ਮੈਂਬਰਸ਼ਿਪ ਲਈ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਨਾਲ ਸੰਪਰਕ ਕਰ ਸਕਦਾ ਹੈ। ਇੱਕ ਰਸਾਲੇ ਦੀ ਸਲਾਨਾਂ ਮੈਂਬਰਸ਼ਿਪ 240/- ਰੁਪਏ ਹੈ।

# ਬੌਧਗਯਾ ਟੈਂਪਲ ਐਕਟ 1949 ਤੇ ਸੈਮੀਨਾਰ 27 ਜਨਵਰੀ ਨੂੰ

## ਏਆਈਬੀਐਫ ਦੇ ਜਨਰਲ ਸਕੱਤਰ ਆਕਾਸ਼ ਲਾਮਾ ਹੋਣਗੇ ਮੁੱਖ ਬੁਲਾਰੇ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ ਜੀ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਜਲੰਧਰ ਵਿਖੇ ਹੋਈ । ਇਸ ਮੀਟਿੰਗ ਵਿੱਚ ਹੋਰ ਬੁੱਧਿਸਟ ਅਤੇ ਅੰਬੇਡਕਰੀ ਸੰਸਥਾਵਾਂ ਦੇ ਪ੍ਰਤੀਨਿਧੀ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ ਹੋਰਾਂ ਦੱਸਿਆ ਕਿ ਬੌਧਗਯਾ ਮਹਾਂਬੁਧ ਵਿਹਾਰ ਦਾ ਪ੍ਰਬੰਧ ਬੋਧਗਯਾ ਟੈਂਪਲ ਐਕਟ 1949 ਦੇ ਅੰਤਰਗਤ ਚੱਲ ਰਿਹਾ ਹੈ। ਐਕਟ ਦੇ ਅਨੁਸਾਰ ਬੋਧਗਯਾ ਟੈਂਪਲ ਮੈਨੇਜਮੈਂਟ ਕਮੇਟੀ ਵਿੱਚ 4 ਮੈਂਬਰ ਬੋਧੀ ਹਨ ਅਤੇ 4 ਮੈਂਬਰ ਗੈਰ-ਬੋਧੀ ਹਨ। ਨੌਵਾਂ ਮੈਂਬਰ ਉੱਥੇ ਦਾ ਕਲੈਕਟਰ ਜੋ ਹਿੰਦੂ (ਬ੍ਰਾਹਮਣ) ਹੋਵੇਗਾ ਉਸ ਕਮੇਟੀ ਦਾ ਪ੍ਰਧਾਨ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਬੋਧਗਯਾ ਮੰਦਰ ਦੀ ਇਹ ਪਹਿਲੀ ਧਾਰਮਿਕ ਕਮੇਟੀ ਹੈ ਜਿਸ ਦੇ ਪ੍ਰਬੰਧ ਵਾਸਤੇ ਬਹੁ ਗਿਣਤੀ ਦੂਸਰੇ ਧਰਮ ਦੇ ਮੈਂਬਰਾਂ ਦੀ ਹੈ ਯਾਨੀ ਕਿ ਬੌਧਗਯਾ ਟੈਂਪਲ ਦਾ ਪ੍ਰਬੰਧ ਬੋਧੀਆਂ ਦੀ ਬਜਾਏ ਗੈਰ-ਬੋਧੀਆਂ ਦੇ ਹੱਥਾਂ ਵਿਚ ਹੈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਮਿਸ਼ਨ ਸੋਸਾਇਟੀ ਨੇ 'ਬੌਧਗਯਾ ਟੈਂਪਲ ਐਕਟ 1949 ਦੀ ਅਪ੍ਰਸੰਗਿਕਤਾ' ਵਿਸ਼ੇ ਤੇ 27 ਜਨਵਰੀ, 2025 ਨੂੰ ਇੱਕ ਸੈਮੀਨਾਰ ਆਯੋਜਿਤ ਕਰਨ ਦਾ ਫੈਸਲਾ ਲਿਆ ਹੈ। ਇਸ ਸੈਮੀਨਾਰ ਦੇ ਮੁਖ ਬੁਲਾਰੇ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ਼੍ਰੀ ਆਕਾਸ਼ ਲਾਮਾ ਜੀ ਹੋਣਗੇ ਅਤੇ ਡਾ। ਹਰਬੰਸ ਵਿਰਦੀ ਲੰਡਨ (ਯੂ ਕੇ) ਵਿਸ਼ੇਸ਼ ਬੁਲਾਰੇ ਵਜੋਂ ਭਾਗ ਲੈਣਗੇ। ਮੀਟਿੰਗ ਵਿੱਚ ਸ਼ਾਮਿਲ ਹੋਏ ਵੱਖ ਵੱਖ ਬੁੱਧਿਸਟ ਅਤੇ ਅੰਬੇਡਕਰੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਇਸ ਸੈਮੀਨਾਰ ਨੂੰ ਭਰਪੂਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਡਾ. ਜੀ. ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਜੱਸਲ, ਤਿਲਕ ਰਾਜ, ਜਸਵਿੰਦਰ ਵਰਿਆਣਾ, ਪ੍ਰਿੰਸੀਪਲ ਪਰਮਜੀਤ ਜੱਸਲ, ਹਰਮੇਸ਼ ਜੱਸਲ ਅਤੇ ਚਮਨ ਦਾਸ ਸਾਂਪਲਾ ਹਾਜ਼ਰ ਸਨ।




# ਗਰੀਨ ਸਕੂਲ ਪ੍ਰੋਗਰਾਮ ਤਹਿਤ ਦੇਸ਼ ਭਰ 'ਚ ਹੁਸ਼ਿਆਰਪੁਰ ਬਣਿਆ 'ਬੈਸਟ ਗਰੀਨ ਡਿਸਟ੍ਰਿਕਟ'

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲੇ ਦੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਦੇਸ਼ ਭਰ ਵਿਚ ਚਲਾਏ ਗਰੀਨ ਸਕੂਲ ਪ੍ਰੋਗਰਾਮ ਆਡਿਟ ਉਪਰਾਲੇ ਵਿਚ ਹੁਸ਼ਿਆਰਪੁਰ ਨੇ ਦੇਸ਼ ਭਰ ਵਿਚ ਮੋਹਰੀ ਜ਼ਿਲ੍ਹਾ ਹੋਣ ਦਾ ਮਾਣ ਹਾਸਿਲ ਕੀਤਾ ਹੈ। ਇਸ ਪ੍ਰੋਗਰਾਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੀ 'ਬੈਸਟ ਗਰੀਨ ਡਿਸਟ੍ਰਿਕਟ' ਅਵਾਰਡ ਲਈ ਚੋਣ ਕੀਤੀ ਗਈ ਹੈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵਲੋਂ ਨਵੀਂ ਦਿੱਲੀ ਵਿਖੇ 4 ਫਰਵਰੀ ਨੂੰ ਇਹ ਅਵਾਰਡ ਪ੍ਰਾਪਤ ਕੀਤਾ ਜਾਵੇਗਾ।

ਪੰਜਾਬ ਰਾਜ ਸਾਇੰਸ ਅਤੇ ਟੈਕਨਾਲੋਜੀ ਕੌਂਸਲ ਵਲੋਂ ਕੇਂਦਰੀ ਮੰਤਰਾਲੇ ਦੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਸੂਬੇ ਅੰਦਰ 8 ਹਜ਼ਾਰ ਸਕੂਲਾਂ ਅਤੇ ਕਾਲਜਾਂ ਵਿਚ ਈਕੋ ਕਲੱਬ ਸਥਾਪਤ ਕੀਤੇ ਗਏ ਸਨ, ਜਿਥੇ ਗਰੀਨ ਸਕੂਲ ਪ੍ਰੋਗਰਾਮ ਹੇਠ ਹਵਾ, ਊਰਜਾ, ਖੁਰਾਕ, ਭੌਂ, ਪਾਣੀ ਅਤੇ ਰਹਿੰਦ-ਖੂੰਹਦ ਦੀ ਵਿਵਸਥਾ ਦਾ ਆਡਿਟ ਕੀਤਾ ਗਿਆ। ਕੌਂਸਲ ਵਲੋਂ ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਸਾਇੰਸ ਤੇ ਵਾਤਾਵਰਣ ਸੈਂਟਰ ਦੀ ਭਾਈਵਾਲੀ ਰਾਹੀਂ ਗਰੀਨ ਸਕੂਲ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ ਗਈ ਜਿਸ ਤਹਿਤ ਪੰਜਾਬ ਵਿਚ 11917 ਸਕੂਲਾਂ ਦੀ ਰਜਿਸਟ੍ਰੇਸ਼ਨ ਹੋਈ ਅਤੇ ਇਨ੍ਹਾਂ ਵਿਚੋਂ 7406 ਸਕੂਲਾਂ ਵਿਚ ਗਰੀਨ ਆਡਿਟ ਸਫਲਤਾਪੂਰਵਕ ਨੇਪਰੇ ਚੜ੍ਹਿਆ। ਇਨ੍ਹਾਂ ਸਫਲ ਸਕੂਲਾਂ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ 1945 ਸਕੂਲ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੇਸ਼ ਭਰ ਦੇ ਸਕੂਲਾਂ ਵਿਚ ਗਰੀਨ ਆਡਿਟ ਪ੍ਰੋਗਰਾਮ ਤਹਿਤ ਹੁਸ਼ਿਆਰਪੁਰ ਨੂੰ ਮੋਹਰੀ ਜ਼ਿਲ੍ਹੇ ਦਾ ਸਥਾਨ ਪ੍ਰਾਪਤ ਹੋਣ 'ਤੇ ਸਿੱਖਿਆ ਵਿਭਾਗ ਦੇ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ/ਕਰਮਚਾਰੀਆਂ ਦੀ ਸਖ਼ਤ ਮਿਹਨਤ ਲਈ ਵਧਾਈ ਦਿੰਦਿਆਂ ਕਿਹਾ ਕਿ ਗਰੀਨ ਸਕੂਲ ਪ੍ਰੋਗਰਾਮ ਤਹਿਤ ਦੇਸ਼ ਵਿਚੋਂ 345 ਸਕੂਲਾਂ ਦੀ ਚੋਣ ਕੀਤੀ ਗਈ ਜਿਨ੍ਹਾਂ ਵਿਚ 196 ਸਕੂਲ ਪੰਜਾਬ ਦੇ ਹਨ ਅਤੇ ਇਨ੍ਹਾਂ ਵਿਚ 12 ਸਕੂਲ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਦਾ ਅਮਲਾ ਹੁਸ਼ਿਆਰਪੁਰ ਦੇ ਵੱਧ ਤੋਂ ਵੱਧ ਸਕੂਲਾਂ ਵਿਚ ਹਰ ਪਾਸੇ ਵਾਤਾਵਰਣ ਪੱਖੀ (ਈਕੋ ਫਰੈਂਡਲੀ) ਸਿਸਟਮ ਦੀ ਸਥਾਪਤੀ ਲਈ ਪੂਰੀ ਤਤਪਰਤਾ ਨਾਲ ਕਾਰਜਸ਼ੀਲ ਹੈ ਅਤੇ ਆਉਂਦੇ ਸਮੇਂ ਵਿਚ ਹੋਰਨਾਂ ਸਕੂਲਾਂ ਵਿਚ ਵੀ ਮੁਕੰਮਲ ਤੌਰ 'ਤੇ ਸਿਹਤਮੰਦ ਵਾਤਾਵਰਣ ਦੀ ਸਥਾਪਤੀ ਯਕੀਨੀ ਬਣਾਈ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਨੇ ਇਸ ਪ੍ਰਾਪਤੀ ਦਾ ਸਿਹਰਾ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਯੋਗ ਅਗਵਾਈ ਅਤੇ ਸਿੱਖਿਆ ਵਿਭਾਗ ਦੇ ਸਟਾਫ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਮਰਪਣ ਭਾਵਨਾ ਸਦਕਾ ਹੁਸ਼ਿਆਰਪੁਰ ਨੇ ਗਰੀਨ ਸਕੂਲ ਪ੍ਰੋਗਰਾਮ ਆਡਿਟ ਵਿਚ ਦੇਸ਼ ਭਰ ਵਿਚ ਨਾਮਣਾ ਖੱਟਿਆ ਹੈ। ਉਨ੍ਹਾਂ ਦੱਸਿਆ ਕਿ ਗਰੀਨ ਸਕੂਲ ਪ੍ਰੋਗਰਾਮ ਤਹਿਤ ਚੁਣੇ 12 ਸਕੂਲਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੋਹਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੱਲੋਵਾਲ ਖਨੂਰ, ਸਰਕਾਰੀ ਹਾਈ ਸਕੂਲ, ਗੋਬਿੰਦਪੁਰ ਖੁਣ-ਖੁਣ, ਸਰਕਾਰੀ ਕੰਨਿਆ ਹਾਈ ਸਕੂਲ, ਸੁਸ ਪੱਜੋਦਿੱਤਾ, ਸਰਕਾਰੀ ਹਾਈ ਸਕੂਲ, ਬੱਸੀ ਗੁਲਾਮ ਹੁਸੈਨ, ਸਰਕਾਰੀ ਐਲੀਮੈਂਟਰੀ ਸਕੂਲ, ਜਮਸ਼ੇਰ ਚਠਿਆਲ, ਸਰਕਾਰੀ ਐਲੀਮੈਂਟਰੀ ਸਕੂਲ, ਮੋਹਰੀ ਚੱਕ, ਸਰਕਾਰੀ ਐਲੀਮੈਂਟਰੀ ਸਕੂਲ, ਸੈਦੋਂ ਨੌਸ਼ਹਿਰਾ, ਸਰਕਾਰੀ ਐਲੀਮੈਂਟਰੀ ਸਕੂਲ, ਸੱਜਣ, ਸਰਕਾਰੀ ਐਲੀਮੈਂਟਰੀ ਸਕੂਲ, ਸਤਿਆਲ, ਵੁੱਡਲੈਂਡ ਵਰਸੀਜ਼ ਸਕੂਲ, ਸੇਂਟ ਪੌਲਸ ਜੂਨੀਅਰ ਕਾਨਵੈਂਟ ਸਕੂਲ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਪ੍ਰਾਪਤੀ ਨੂੰ ਹਾਸਲ ਕਰਨ ਵਿਚ ਡੀ।ਡੀ।ਐਫ। ਜੋਯਾ ਸਿੱਦੀਕੀ, ਡਿਪਟੀ ਡੀ।ਈ।ਉ। ਧੀਰਜ ਕੁਮਾਰ, ਡੀ.ਈ.ਉ. ਹਰਜਿੰਦਰ ਸਿੰਘ, ਸਾਇੰਸ ਕੋਆਰਡੀਨੇਟਰ ਅਸ਼ੋਕ ਕਾਲੀਆ ਅਤੇ ਉਨ੍ਹਾਂ ਦੀ ਟੀਮ ਦਾ ਯੋਗਦਾਨ ਸ਼ਲਾਘਾਯੋਗ ਰਿਹਾ।




# ਦੇਸ਼ ਭਗਤ ਹਸਪਤਾਲ ਵੱਲੋਂ ਪਿੰਡ ਖਨਿਆਨ ਵਿੱਚ ਲਗਾਇਆ ਗਿਆ ਮੁਫ਼ਤ ਮੈਗਾ ਸਿਹਤ ਜਾਂਚ ਕੈਂਪ



**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਦੀ ਰਹਿਨੁਮਾਈ ਹੇਠ ਦੇਸ਼ ਭਗਤ ਹਸਪਤਾਲ ਵੱਲੋਂ ਪਿੰਡ ਖਨਿਆਣ ਵਿਖੇ ਮੁਫ਼ਤ ਮੈਗਾ ਸਿਹਤ ਜਾਂਚ ਕੈਂਪ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪਹਿਲ ਨੇ ਸਥਾਨਕ ਭਾਈਚਾਰੇ ਨੂੰ ਲਾਭ ਪਹੁੰਚਾਉਂਦੇ ਹੋਏ ਵੱਖ-ਵੱਖ ਵਿਸ਼ੇਸ਼ਤਾਵਾਂ ਵਿੱਚ ਵਿਆਪਕ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ। ਇਸ ਕੈਂਪ ਵਿੱਚ ਮਾਹਿਰ ਸਲਾਹਕਾਰਾਂ ਦੀ ਮਦਦ ਨਾਲ 225 ਮਰੀਜ਼ਾਂ ਦੀ ਦੇਖ-ਭਾਲ ਕਰਦੇ ਹੋਏ, ਦਵਾਈ, ਨੇਤਰ ਅਤੇ ਚਮੜੀ ਵਿਗਿਆਨ ਸਮੇਤ ਵੱਖ-ਵੱਖ ਵਿਸ਼ੇਸ਼ਤਾਵਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਇਸ ਦੌਰਾਨ ਮਰੀਜਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ।

ਕੈਂਪ ਵਿੱਚ ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ, ਦੇਸ਼ ਭਗਤ ਹਸਪਤਾਲ ਦੇ ਸਲਾਹਕਾਰਾਂ, ਪੈਰਾਮੈਡੀਕਲ ਸਟਾਫ਼ ਅਤੇ ਬੀਏਐਮਐਸ ਅਤੇ ਦੇਸ਼ ਭਗਤ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗੀਦਾਰੀ ਵਿਖਾਈ। ਇਹ ਕੈਂਪ ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਦੇ ਡਾਇਰੈਕਟਰ ਡਾ: ਕੁਲਭੂਸ਼ਣ ਅਤੇ ਡੀ.ਬੀ.ਏ.ਸੀ. ਐਂਡ.ਐਚ. ਦੇ ਮੈਡੀਕਲ ਸੁਪਰਡੈਂਟ ਡਾ: ਜੋਤੀ ਐਚ ਧਾਮੀ ਦੀ ਸੁਚੱਜੀ ਨਿਗਰਾਨੀ ਹੇਠ ਲਗਾਇਆ ਗਿਆ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਨੇ ਮਾਹਿਰ ਡਾਕਟਰਾਂ ਅਤੇ ਪਿੰਡ ਖਨਿਆਣ ਦੇ ਸਰਪੰਚ ਪਰਮਿੰਦਰ ਸਿੰਘ ਸਮੇਤ ਸਮੁੱਚੀ ਟੀਮ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਸਾਰਿਆਂ ਲਈ ਪਹੁੰਚਯੋਗ ਸਿਹਤ ਸੇਵਾਵਾਂ ਨੂੰ ਯਕੀਨੀ ਬਣਾ ਕੇ ਸਮਾਜ ਭਲਾਈ ਲਈ ਦੇਸ਼ ਭਗਤ ਯੂਨੀਵਰਸਿਟੀ ਦੇ ਸਮਰਪਣ ਨੂੰ ਦਰਸਾਉਂਦੀ ਹੈ।

### 26 ਜਨਵਰੀ 'ਤੇ ਵਿਸ਼ੇਸ਼

# ਡਾ. ਅੰਬੇਡਕਰ, ਲੋਕਤੰਤਰ ਅਤੇ ਵਰਤਮਾਨ ਸਥਿਤੀ

21 ਮਾਰਚ, 1920 ਨੂੰ ਮਹਾਰਾਸ਼ਟਰ ਦੇ ਕੋਹਲਾਪੁਰ ਵਿਖੇ ਅਛੂਤਾਂ ਦੀ ਇਕ ਵੱਡੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਛਤਰਪਤੀ ਸ਼ਿਵਾ ਜੀ ਦੇ ਵੰਸ਼ਜ ਅਤੇ ਰਿਆਸਤ ਕੋਹਲਾਪੁਰ ਦੇ ਮਹਾਰਾਜਾ ਰਾਜਰਿਸ਼ੀ ਛਤਰਪਤੀ ਸਾਹੂ ਜੀ ਮਹਾਰਾਜ ਨੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ:''ਅੰਬੇਡਕਰ ਦੇ ਰੂਪ ਵਿਚ ਤੁਹਾਡਾ ਮੁਕਤੀਦਾਤਾ ਮਿਲ ਗਿਆ ਹੈ। ਮੈਨੂੰ ਵਿਸ਼ਵਾਸ ਹੈ ਕਿ ਉਹ ਤੁਹਾਡੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਦੇਵੇਗਾ। ਏਨਾ ਹੀ ਨਹੀਂ; ਮੇਰੀ ਜ਼ਮੀਰ ਕਹਿੰਦੀ ਹੈ ਕਿ, ਸਮਾਂ ਆਵੇਗਾ ਜਦੋਂ ਅੰਬੇਡਕਰ ਦਾ ਨਾਂ ਸਮੁੱਚੇ ਭਾਰਤ ਦੇ ਮੋਹਰੀ ਆਗੂ ਵਜੋਂ ਚਮਕੇਗਾ।''

(ਧਨੰਜੇ ਕੀਰ: ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ, ਪੰ. 42)

ਬਾਬਾ ਸਾਹਿਬ ਡਾ. ਅੰਬੇਡਕਰ ਸਮਾਜਿਕ ਕ੍ਰਾਂਤੀਕਾਰੀ ਸਨ। ਉਹ ਰੂ-ੜ੍ਹੀਵਾਦੀ ਵਿਚਾਰਧਾਰਾ ਦਾ ਤਿਆਗ ਕਰਵਾ ਕੇ, ਸਦੀਆਂ ਤੋਂ ਪੀੜਤ ਅਛੂਤਾਂ ਅੰਦਰ ਇਕ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਕਾਇਮ ਕਰਨ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਆਪਣੀਆਂ ਬੇਮਿਸਾਲ ਲਿਖਤਾਂ ਅਤੇ ਭਾਸ਼ਣਾਂ ਵਿਚ ਉਨ੍ਹਾਂ ਨੇ ਹਰ ਉਸ ਸਿਧਾਂਤ ਨੂੰ ਰੱਦ ਕੀਤਾ ਹੈ, ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਹੀਂ ਉੱਤਰਦਾ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੈ। ਉਨ੍ਹਾਂ ਦਾ ਸੰਘਰਸ਼ ਹਰ ਉਸ ਪੀੜਤ ਵਿਅਕਤੀ ਲਈ ਸੀ ਜੋ ਪੀੜ੍ਹੀ ਦਰ ਪੀੜ੍ਹੀ ਸ਼ਾਸਕ ਅਤੇ ਪੁਰੋਹਿਤ ਵਰਗ ਦੇ ਜੋਰ, ਜਬਰ, ਜ਼ੁਲਮ ਅਤੇ ਅਨਿਆਏ ਦਾ ਸਾਹਮਣਾ ਕਰਦਾ ਆਇਆ ਸੀ। ਉਨ੍ਹਾਂ ਦਾ ਕਥਨ ਸੀ:

(ੳ) ਇਕ ਮਹਾਨ ਸਮਾਜਿਕ ਕ੍ਰਾਂਤੀ ਅਛੂਤਾਂ ਦਾ ਨਿਸ਼ਾਨਾ ਹੈ।

(ਅ) ਇਹ ਕ੍ਰਾਂਤੀ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾਂ ਨੂੰ ਤੋੜ ਕੇ ਸਭ ਨੂੰ ਤਰੱਕੀ ਦੇ ਬਰਾਬਰ ਅਵਸਰ ਪ੍ਰਦਾਨ ਕਰਨ ਲਈ ਹੈ।

(ੲ) ਅਸੀਂ ਕਾਲੇ ਸਮਿਆਂ ਦੌਰਾਨ ਰਚੇ ਸ਼ਾਸਤਰਾਂ ਸਿਮ੍ਰਿਤੀਆਂ ਦੇ ਹੁਕਮ ਅਤੇ ਬੰਧਨ ਮੰਨਣ ਤੋਂ ਇਨਕਾਰ ਕਰਦੇ ਹੋਏ ਨਿਆਂ ਅਤੇ ਇਨਸਾਨੀ ਰੁਤਬਾ ਚਾਹੁੰਦੇ ਹਾਂ।

(ਵੋਲੀਅਮ 1, ਪੇਜ 16-17)

ਬੇਸ਼ੱਕ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਅਧਿਕਾਰਾਂ ਦੀ ਸੁਰੱਖਿਆ ਕੇਵਲ ਕਾਨੂੰਨ ਦੁਆਰਾ ਨਹੀਂ, ਬਲਕਿ ਸਮਾਜ ਦੀ ਸਮਾਜਿਕ ਅਤੇ ਨੈਤਿਕ ਚੇਤਨਾ ਦੁਆਰਾ ਹੁੰਦੀ ਹੈ, ਪਰ ਇਸਦੇ ਬਾਵਜੂਦ ਉਨ੍ਹਾਂ ਦਾ ਦ੍ਰਿੜ੍ਹ ਮੱਤ ਸੀ ਕਿ ਸਮਾਜ ਸੁਧਾਰ ਲਈ ਕਾਨੂੰਨੀ ਵਿਵਸਥਾ ਸਭ ਤੋਂ ਉੱਤਮ ਸਿਧਾਂਤ ਹੈ। ਡਾ. ਅੰਬੇਡਕਰ ਦੀ ਦ੍ਰਿਸ਼ਟੀ ਵਿਚ ਸੁਤੰਤਰਤਾ, ਸਮਾਨਤਾ, ਭਾਈਚਾਰੇ ਅਤੇ ਨਿਆਂ ਉੱਤੇ ਆਧਾਰਿਤ ਸਮਾਜ ਹੀ ਆਦਰਸ਼ਕ ਸਮਾਜ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਵਜੋਂ ਆਪਣੇ ਕਥਨਾਂ ਵਿਚ ਸਮਾਜਿਕ ਲੋਕਤੰਤਰ ਦੀ ਸਥਾਪਤੀ ਉੱਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਸਪਸ਼ਟ ਮੱਤ ਸੀ ਕਿ ਸਮ-ਾਜਿਕ ਜੀਵਨ ਵਿਚ ਸੁਤੰਤਰਤਾ, ਸਮਾਨਤਾ ਅਤੇ ਨਿਆਂ ਦੀ ਪ੍ਰਾਪਤੀ ਨੂੰ ਮਾਨਤਾ ਦੇਣਾ ਹੀ ਸਹੀ ਅਰਥਾਂ ਵਿਚ ਲੋਕਤੰਤਰ ਹੈ। ਬਾਬਾ ਸਾਹਿਬ ਦਾ ਕਥਨ ਹੈ:

''ਸਮਾਜ ਹਮੇਸ਼ਾ ਸੁਧਾਰ ਭਾਵ ਪਰਿਵਰਤਨ ਦਾ ਵਿਰੋਧੀ ਹੁੰਦਾ ਹੈ, ਇਸ ਲਈ ਸੁਧਾਰ ਲਿਆਉਣ ਦਾ ਪੱਕਾ ਪ੍ਰਬੰਧ, ਉਸਨੂੰ ਕਾਨੂੰਨ ਦੁ-ਆਰਾ ਸਮਰਥਨ ਦੇਣਾ ਹੈ। ਕਾਨੂੰਨ ਦੀ ਮਦਦ ਤੋਂ ਬਿਨਾਂ ਬੁਰਾਈਆਂ ਦਾ ਸੁਧਾਰ ਕਦੇ ਨਹੀਂ ਹੋ ਸਕਦਾ। ਕਾਨੂੰਨ ਦੀ ਲੋੜ ਅਤਿ ਜ਼ਰੂਰੀ ਤਦ ਹੁੰਦੀ ਹੈ ਜਦੋਂ ਬੁਰਾਈ ਵਿਸ਼ੇਸ਼ ਤੌਰ 'ਤੇ ਧਰਮ ਆਧਾਰਿਤ ਹੋਵੇ। (ਵੋਲੀਅਮ 1, ਪੈਜ 50)



**ਡਾ. ਜੀ. ਸੀ. ਕੌਲ**
**ਐਮ. ਏ., ਪੀ. ਐਚ. ਡੀ.**
**91-94632-23223**

26 ਜਨਵਰੀ ਦਾ ਭਾਰਤ ਦੇ ਆਧੁਨਿਕ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। 1950 ਈ. ਵਿਚ ਇਸ ਦਿਨ ਸੁਤੰਤਰ ਭਾਰਤ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਗਣਤੰਤਰ ਵਜੋਂ ਐਲਾਨਿਆ ਗਿਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਅਸੀਮ ਘਾਲਣਾ, ਬੇਮਿਸਾਲ ਸੋਚ, ਦੂਰ-ਅੰਦੇਸ਼ੀ, ਲਗਨ ਅਤੇ ਸਖ਼ਤ ਮਿਹਨਤ ਦੁਆਰਾ ਨਿਰਮਿਤ ਭਾਰਤੀ ਸੰਵਿਧਾਨ ਲਾਗੂ ਕੀਤਾ ਗਿਆ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਤਥਾਗਤ ਬੁੱਧ ਦੇ ਆਜ਼ਾਦੀ, ਬਰਾਬਰੀ ਅਤੇ ਭਰਾਤ੍ਰੀਭਾਵ ਦੇ ਸਦੀਆਂ ਪੁਰਾਣੇ ਫ਼ਲਸਫ਼ੇ ਨੂੰ ਸ਼ਾਮਲ ਕਰਕੇ ਦੇਸ਼ ਵਿਚ ਸੰਸਦੀ ਲੋਕਤੰਤਰ ਦੀ ਵਿਵਸਥਾ ਸਥਾਪਿਤ ਕੀਤੀ ਗਈ। ਆਕਸਫੋਰਡ ਅਤੇ ਕੈਂਬਰਿਜ ਯੂਨੀਵਰਸਿਟੀਜ਼ ਵਿਚ ਪ੍ਰਾਧਿਆਪਕ ਵਜੋਂ ਕਾਰਜਸ਼ੀਲ ਰਹੇ ਪ੍ਰੋਫੈਸਰ (ਡਾ.) ਅਰਨੈਸਟ ਵਾਰਕਰ ਨੇ 1951 ਵਿਚ ਪ੍ਰਕਾਸ਼ਿਤ ਆਪਣੀ ਖੋਜ ਪੁਸਤਕ 'ਪ੍ਰਿੰਸੀਪਲਜ਼ ਆਫ਼ ਸੋਸ਼ਲ ਐਂਡ ਪੋਲੀਟੀਕਲ ਥਿਊਰੀ'' ਨੂੰ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸਮਰਪਿਤ ਕੀਤਾ ਹੈ। ਇਸ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦੇ ਹਨ:

''ਮੇਰੇ ਇਸ ਖੋਜ ਪ੍ਰਬੰਧ ਦਾ ਸਾਰ ਇਸਦੇ ਮੁਖਬੰਦ ਵਿਚ ਸਮਾਇਆ ਹੋਇਆ ਹੈ। ਭਾਰਤੀ ਜਨਤਾ ਦੁਆਰਾ ਆਪਣੀ ਸੁਤੰਤਰਤਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਨ੍ਹਾਂ ਸਰਬਉੱਤਮ ਮਾਨਵੀ ਮੁੱਲਾਂ ਨੂੰ ਸਵੀਕਾਰ ਕੀਤਾ ਗਿਆ ਹੈ, ਇਸਦਾ ਮੈਨੂੰ ਫਖਰ ਹੈ।''

(ਉਧ੍ਰਿ ਡਾ. ਅੰਬੇਡਕਰ, ਖੰਡ 40, ਪੰਨਾ 138)

ਹਜ਼ਾਰਾਂ ਸਾਲਾਂ ਤੋਂ ਅਨੇਕ ਸੰਪ੍ਰਦਾਇਆਂ, ਫਿਰਕਿਆਂ ਅਤੇ ਜਾਤੀਆਂ ਵਿਚ ਵੰਡੇ ਹੋਏ ਸਮੁੱਚੇ ਭਾਰਤੀਆਂ ਨੂੰ ਇਕ ਲੜੀ ਵਿਚ ਪ੍ਰੋਣ ਲਈ ਡਾ. ਅੰਬੇਡਕਰ ਵੱਲੋਂ ਕੀਤਾ ਗਿਆ ਇਹ ਇਕ ਬੇਮਿਸਾਲ ਕਾਰਨਾਮਾ ਸੀ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਮਹਾਨ ਸਮਾਜ-ਸ਼ਾਸਤ੍ਰੀਆਂ ਅਤੇ ਰਾਜਨੀਤਿਕ ਵਿਗਿਆਨੀਆਂ ਨੇ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਵਜੋਂ ਡਾ. ਅੰਬੇਡਕਰ ਸਾਹਿਬ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਮਹਾਰਾਸ਼ਟਰ ਰਾਜ ਸਾਹਿਤ ਅਤੇ ਸੰਸਕ੍ਰਿਤੀ ਮੰਡਲ, ਮੁੰਬਈ ਦੁਆਰਾ ਡਾ. ਅੰਬੇਡਕਰ ਗੌਰਵ ਗ੍ਰੰਥ ਸੰਮਤੀ ਦੇ ਵਿਦਵਾਨ ਲੇਖਕ ਸ਼ਾਂਤਾਰਾਮ ਸ਼ੰਕਰ ਰੇਗੇ ਵੱਲੋਂ ਪ੍ਰਕਾਸ਼ਿਤ 'ਡਾ. ਅੰਬੇਡਕਰ: ਸੰਵਿਧਾਨ ਦੇ ਸ਼ਿਲਪੀ' ਗ੍ਰੰਥ ਦੇ ਪੰਨਾ 358 ਤੇ ਲਿਖੇ ਇਹ ਸ਼ਬਦ ਵਾਚਣਯੋਗ ਹਨ:

''ਭਾਰਤੀ ਸੰਵਿਧਾਨ ਦੇ ਸ਼ਿਲਪਕਾਰ (ਨਿਰਮਾਤਾ) ਡਾ. ਅੰਬੇਡਕਰ ਦੇ ਕਰਤ੍ਰਿਤਵ (ਕਾਰਜ) ਦਾ ਇਸਤੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ।''

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ, ਇਹ ਤਿੰਨੇ ਸ਼ਬਦ ਬਾਬਾ ਸਾਹਿਬ ਦੀ ਆਪਣੀ ਸਮਾਜਿਕ ਵਿਚਾਰਧਾਰਾ ਦੇ ਪ੍ਰਮੁੱਖ ਤੱਤ ਹਨ। 3 ਅਕਤੂਬਰ 1954 ਨੂੰ ਆਲ ਇੰਡੀਆ ਰੇਡੀਓ ਤੋਂ ਪ੍ਰਕਾਸ਼ਿਤ ਵਾਰਤਾ 'ਮੇਰਾ ਜੀਵਨ ਫਲਸਫਾ' ਵਿਚ ਉਹ ਇਸ ਸੰਦਰਭ ਵਿਚ ਕਹਿ-ਂਦੇ ਹਨ:

''ਮੇਰੀ ਸਮਾਜਿਕ ਫਿਲਾਸਫ਼ੀ, ਤਿੰਨ ਸ਼ਬਦਾਂ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਿਚ ਨਿਹਿਤ ਕਹੀ ਜਾ ਸਕਦੀ ਹੈ, ਪਰ ਕੋਈ ਇਹ ਨਾ ਸਮਝੇ ਕਿ ਮੈਂ ਇਹ ਫਲਸਫਾ, ਫਰਾਂਸ ਦੀ ਕ੍ਰਾਂਤੀ ਤੋਂ ਉਧਾਰ ਲਿਆ ਹੈ। ਬਿਲਕੁਲ ਨਹੀਂ। ਮੇਰੇ ਦਰਸ਼ਨ ਦੀਆਂ ਜੜ੍ਹਾਂ ਬੁੱਧ ਧਰਮ ਵਿਚ ਹਨ ਨਾ ਕਿ ਰਾਜਨੀਤੀ ਵਿਗਿਆਨ ਵਿਚ। ਮੈਂ ਇਹ ਫਲਸਫਾ ਆਪਣੇ ਗੁਰੂ ਬੁੱਧ ਦੀਆਂ ਸਿੱਖਿਆਵਾਂ ਵਿਚੋਂ ਪ੍ਰਾਪਤ ਕੀਤਾ ਹੈ।''

(ਵੋਲੀਅਮ 17 (3) ਪੈਜ 503)

25 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਦੇ ਨਿਰਮਾਣ ਉਪਰੰਤ ਸੰਵਿਧਾਨ ਸਭਾ ਦੀ ਆਖਰੀ ਬੈਠਕ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਦਿੱਤੇ ਗਏ ਅਤਿ ਮਹੱਤਵਪੂਰਨ ਅਤੇ ਭਾਵਪੂਰਤ ਭਾਸ਼ਣ ਨੂੰ ਵਾਚਣ, ਸਮਝਣ ਅਤੇ ਭਾਰਤੀ ਲੋਕਤੰਤਰ ਦੀਆਂ ਅਜੋਕੀਆਂ ਸਥਿਤੀਆਂ ਅਧੀਨ ਵਿਚਾਰਨ ਦੀ ਬੇਹੱਦ ਅਵੱਸ਼ਕਤਾ ਹੈ। ਮਾਨਵੀ ਮੁੱਲਾਂ ਅਤੇ ਮਾਨਵਵਾਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਣ ਵਾਲੇ ਭਾਰਤੀਆਂ ਸਮੇਤ ਵਿਸ਼ਵ ਦੇ ਹਰ ਮਨੁੱਖ ਦੇ ਜਾਇਜ਼ ਹੱਕਾਂ, ਉਸਦੀ ਸੁਤੰਤਰਤਾ ਅਤੇ ਨਿਆਂ ਆਧਾਰਿਤ ਭਾਈਚਾਰਾ ਕਾਇਮ ਕਰਨ ਦੇ ਸੰਦਰਭ ਵਿਚ ਡਾ. ਅੰਬੇਡਕਰ ਦੇ ਇਸ ਭਾਸ਼ਣ ਦੀ ਸਾਰਥਕਤਾ ਹੀ ਇਸ ਤੱਥ ਵਿਚ ਨਿਹਿਤ ਹੈ ਕਿ ਇਹ ਸਮੁੱਚੇ ਵਿਸ਼ਵ ਨੂੰ 'ਏਕਤਾ' ਦੀ ਲੜੀ ਵਿਚ ਪ੍ਰੋਏ ਜਾਣ ਦੀ ਸਮਰੱਥਾ ਰੱਖਦਾ ਹੈ। ਬਾਬਾ ਸਾਹਿਬ ਦਾ ਇਹ ਭਾਸ਼ਣ ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੇ ਦੁਨੀਆਂ ਭਰ ਦੇ ਦੇਸ਼ਾਂ ਦੇ ਵਿ-ਦਅਕ ਅਦਾਰਿਆਂ ਦੀਆਂ ਪਾਠ-ਪੁਸਤਕਾਂ ਵਿਚ ਸਿਲੇਬਸ ਵਜੋਂ ਸ਼ਾਮਲ ਕੀਤੇ ਜਾਣ ਦੀ ਹੈਸੀਅਤ ਰੱਖਦਾ ਹੈ।

ਡਾ. ਅੰਬੇਡਕਰ ਨੇ ਆਪਣੇ ਇਸ ਤਵਾਰੀਖੀ ਭਾਸ਼ਣ ਵਿਚ ਮਨੁੱਖੀ ਹੱਕਾਂ ਦੀ ਸੁਰੱਖਿਆ ਅਤੇ ਲੋਕਤੰਤਰ ਨੂੰ ਸਫਲ ਤੇ ਸਾਰਥਕ ਬਣਾਉਣ ਲਈ ਤਿੰਨ ਪ੍ਰਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ ਹੈ। ਬੇਸ਼ੱਕ 55 ਮਿੰਟ ਦਾ ਇਹ ਭਾਸ਼ਣ ਭਾਰਤੀ ਸੰਵਿਧਾਨ ਦੀ ਸਿਰਜਣਾ ਅਤੇ ਉਸ ਉਪਰੰਤ ਭਾਰਤ ਵਿਚ ਸੰਸਦੀ ਲੋਕਤੰਤਰ ਦੀ ਸਫਲਤਾ ਲਈ ਸਥਾਪਿਤ ਕੀਤੇ ਜਾਣ ਵਾਲੇ ਉੱਚੇ ਆਦਰਸ਼ਾਂ, ਟੀਚਿਆਂ ਅਤੇ ਉਦੇਸ਼ਾਂ ਨਾਲ ਸਬੰਧਤ ਹੈ, ਪਰ ਵਿਸ਼ਵ ਭਰ ਦੇ ਸਮਾਜ-ਸ਼ਾਸਤਰੀ, ਰਾਜਨੀਤਿਕ ਵਿਗਿਆਨੀ, ਸਿਆਸੀ ਆਗੂ ਅਤੇ ਚਿੰਤਕ ਵੀ ਇਸ ਤੋਂ ਸੇਧ ਪ੍ਰਾਪਤ ਕਰ ਸਕਦੇ ਹਨ।

ਬਾਬਾ ਸਾਹਿਬ ਦੇ ਇਸ ਭਾਸ਼ਣ ਵਿਚ ਪਹਿਲਾ ਖਾਸ ਨੁਕਤਾ ਇਹ ਸੀ ਕਿ ਜੇਕਰ ਸਹੀ ਅਰਥਾਂ ਵਿਚ ਭਾਰਤ ਵਿਚ ਜਮਹੂਰੀਅਤ ਕਾਇਮ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਸਮਾਜਿਕ ਤੇ ਆਰਥਿਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਨਾਮਿ-ਲਵਰਤਣ, ਸਿਵਲ ਨਾਫ਼ਰਮਾਨੀ, ਸਤਿਆਗ੍ਰਹਿ ਅਤੇ ਹਿੰਸਾਤਮਕ ਇਨਕਲਾਬ ਦੇ ਢੰਗ-ਤਰੀਕਿਆਂ ਨੂੰ ਤਿਆਗ ਕੇ ਵਿਧਾਨਕ ਤਰੀਕੇ ਅਪਣਾਉਣੇ ਚਾਹੀਦੇ ਹਨ। ਉਨ੍ਹਾਂ ਨੇ ਇਸ ਤੱਥ ਨੂੰ ਵੀ ਸਵੀਕਾਰਿਆ ਕਿ ਜਦੋਂ ਸੰਵਿਧਾਨਕ ਅਵਸਰ ਪ੍ਰਾਪਤ ਨਹੀਂ ਸਨ ਤਦ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਇਨ੍ਹਾਂ ਗੈਰ-ਵਿਧਾਨਕ ਢੰਗਾਂ ਨੂੰ ਅਪਣਾਉਣ ਦਾ ਸਮਰਥਨ ਕੀਤਾ ਜਾਂਦਾ ਰਿਹਾ ਹੈ। ਪਰ ਹੁਣ ਜਦੋਂ ਸੰਵਿਧਾਨ ਲਾਗੂ ਹੋਣ ਉਪਰੰਤ ਸੰਵਿਧਾਨਕ ਤਰੀਕੇ ਪ੍ਰਾਪਤ ਹੋ ਗਏ ਹਨ, ਤਾਂ ਸਾਨੂੰ ਹੁਣ ਕ੍ਰਾਂਤੀ ਦੇ ਇਸ ਖੂਨੀ ਮਾਰਗ ਦਾ ਤਿਆਗ ਕਰਨਾ ਹੋਵੇਗਾ। ਡਾ. ਅੰਬੇਡਕਰ ਨੇ ਕਿਹਾ:

''ਹੁਣ ਸੰਵਿਧਾਨਕ ਢੰਗ ਪ੍ਰਾਪਤ ਹਨ, ਇਸ ਲਈ ਇਨ੍ਹਾਂ ਗੈਰ-ਸੰਵਿਧਾਨਕ ਢੰਗਾਂ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ। ਅਸਲ ਵਿਚ ਇਹ ਮਾਰਗ ਅਰਾਜਕਤਾ ਫੈਲਾਉਣ ਦੀ ਸ਼ੁਰੂਆਤ ਹੈ। ਜਿੰਨੀ ਛੇਤੀ ਇਨ੍ਹਾਂ ਨੂੰ ਤਿਆਗ ਦੇਵਾਂਗੇ, ਉਨਾ ਹੀ ਇਹ ਸਾਡੇ ਹਿਤ ਵਿਚ ਹੋਵੇਗਾ।''

(ਵੋਲੀਅਮ 13, ਪੈਜ 1215)

ਗਣਤੰਤਰ ਦੀ ਸਫਲਤਾ ਲਈ ਦੂਸਰੇ ਮਹੱਤਵਪੂਰਨ ਨੁਕਤੇ ਵਿਚ ਬਾਬਾ ਸਾਹਿਬ ਨੇ ਰਾਜਨੀਤੀ ਵਿਚ 'ਹੀਰੋ ਵਰਸ਼ਿਪ' ਅਰਥਾਤ ਨਾਇਕ ਪੂਜਾ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦਾ ਮੱਤ ਸੀ ਕਿ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਭਾਰਤ ਨੂੰ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਭਾਰਤ ਵਿਚ ਭਗਤੀ ਅਤੇ ਭਗਤੀ ਮਾਰਗ ਵਿਚ ਨਾਇਕ ਪੂਜਾ ਦੂਸਰੇ ਦੇਸ਼ਾਂ ਦੀ ਰਾਜਨੀਤੀ ਦੇ ਮੁਕਾਬਲੇ ਤੇ ਵੱਧ ਹੈ। ਬੇਸ਼ੱਕ ਧਰਮ ਵਿਚ ਭਗਤੀ ਆਤਮਾ ਦੀ ਮੁਕਤੀ ਦਾ ਸਾਧਨ ਹੋ ਸਕਦੀ ਹੈ, ਪਰ ਰਾਜਨੀਤੀ ਵਿਚ ਭਗਤੀ ਜਾਂ ਨਾਇਕ ਪੂਜਾ ਆਵਸ਼ਕ ਤੌਰ 'ਤੇ ਬਰਬਾਦੀ ਅਤੇ ਅੰਤ ਵਿਚ ਤਾਨਾਸ਼ਾਹੀ ਦਾ ਰਸਤਾ ਹੋ ਨਿਬੜੇਗੀ। ਉਨ੍ਹਾਂ ਨੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਵਿਸ਼ਵ ਪ੍ਰਸਿੱਧ ਰਾਜਨੀਤਿਕ ਵਿਗਿਆਨੀ ਜੌਹਨ ਸਟੂਅਰਟ ਦੇ ਚਿਤਾਵਨੀ ਭਰੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ:

''ਵਿਅਕਤੀ, ਬੇਸ਼ੱਕ ਕਿੰਨਾ ਵੀ ਮਹਾਨ ਹੋਵੇ, ਲੋਕਾਂ ਨੂੰ ਆਪਣੀ ਆਜ਼ਾਦੀ ਉਸਦੇ ਪੈਰਾਂ ਵਿਚ ਅਰਪਿਤ ਨਹੀਂ ਕਰਨੀ ਚਾਹੀਦੀ। ਇਸਦੇ ਨਾਲ ਉਸ (ਨਾਇਕ) 'ਤੇ ਏਨਾ ਵਿਸ਼ਵਾਸ ਨਾਂ ਕੀਤਾ ਜਾਵੇ ਕਿ ਉਹ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਕੇ ਲੋਕਾਂ ਦੀਆਂ ਸੰ-ਸਥਾਵਾਂ ਨੂੰ ਹੀ ਉਲਟ-ਪੁਲਟ (ਮਲੀਆ ਮੇਟ) ਕਰ ਦੇਣ।''

(ਵੋਲੀਅਮ 13, ਪੇਜ 1215)

ਡਾ. ਅੰਬੇਡਕਰ ਨੇ ਸਫਲ ਲੋਕਤੰਤਰ ਦੀ ਸਥਾਪਤੀ ਲਈ ਤੀਸਰੇ, ਜਿਸ ਮਹੱਤਵਪੂਰਨ ਨੁਕਤੇ 'ਤੇ ਆਪਣੇ ਭਾਸ਼ਣ ਵਿਚ ਜ਼ੋਰ ਦਿੱਤਾ ਉਹ ਸੀ, ਕਿ ਸਾਨੂੰ ਸਿਰਫ਼ ਰਾਜਨੀਤਿਕ ਲੋਕਤੰਤਰ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ। ਉਨ੍ਹਾਂ ਦਾ ਇਹ ਦ੍ਰਿੜ੍ਹ ਮੱਤ ਸੀ ਕਿ ਰਾਜਨੀਤਿਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਵਿਚ ਬਦਲਣਾ ਚਾਹੀਦਾ ਹੈ। ਸਮਾਜਿਕ ਲੋਕਤੰਤਰ ਜੀਵਨ ਦਾ ਅਜਿਹਾ ਮਾਰਗ ਹੈ ਜੋ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤਾਂ ਨੂੰ ਸਮਾਜਿਕ ਜੀਵਨ ਵਿਚ ਮਾਨਤਾ ਦਿੰਦਾ ਹੈ। ਸਮਾਜਿਕ ਲੋਕਤੰਤਰ ਤੋਂ ਬਿਨਾਂ ਰਾਜਨੀਤਿਕ ਲੋਕਤੰਤਰ ਅਧੂਰਾ ਹੈ। ਸਮਾਜਿਕ ਲੋਕਤੰਤਰ ਦੇ ਤਿੰਨੇ ਤੱਤ ਇਕ ਦੂਜੇ ਦੇ ਪੂਰਕ ਹਨ, ਇਕ ਦੂਜੇ ਤੋਂ ਵੱਖ ਨਹੀਂ ਹਨ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਅਲੱਗ ਕਰਨ ਦਾ ਮਤਲਬ ਲੋਕਤੰਤਰ ਦੇ ਉਦੇਸ਼ ਨੂੰ ਹੀ ਤਿਆਗਣਾ ਹੈ। ਬਾਬਾ ਸਾਹਿਬ ਦੀ ਦ੍ਰਿਸ਼ਟੀ ਵਿਚ ਇਨ੍ਹਾਂ ਨੂੰ ਵੱਖ ਕਰਨ ਦਾ ਭਾਵ ਲੋਕਤੰਤਰ ਦੇ ਮੂਲ ਟੀਚਿਆਂ ਦੀ ਹਾਰ ਅਤੇ ਅਸਫਲਤਾ ਹੈ।

ਭਾਰਤੀ ਸਮਾਜ ਦੀ ਸਰੰਚਨਾ ਦਾ ਵਿਸ਼ਲੇਸ਼ਣ ਕਰਦਿਆਂ ਬਾਬਾ ਸਾਹਿਬ ਨੇ ਕਿਹਾ ਕਿ ਸਮਾਜਿਕ ਪੱਧਰ 'ਤੇ ਭਾਰਤੀ ਸਮਾਜ ਦਰਜਾਵਾਰ ਨਾਬਰਾਬਰੀ ਭਾਵ ਅਸਮਾਨਤਾ ਦੇ ਸਿਧਾਂਤ 'ਤੇ ਖੜ੍ਹਾ ਹੈ, ਜਿਸਦਾ ਭਾਵ ਹੈ, ਕੇਵਲ ਕੁਝ ਵਿਅਕਤੀਆਂ ਦੀ ਤਰੱਕੀ ਤੇ ਵਿਕਾਸ ਅਤੇ ਬਾਕੀਆਂ ਦਾ ਪਤਨ। ਕੁਝ ਲੋਕ ਉੱਚੇ ਪੱਧਰ ਅਤੇ ਬਾਕੀ ਨੀਵੇਂ ਪੱਧਰ ਦਾ ਜੀਵਨ ਬਤੀਤ ਕਰ ਰਹੇ ਹਨ। ਆਰਥਿਕ ਖੇਤਰ ਵਿਚ ਕੁਝ ਲੋਕਾਂ ਦੇ ਕੋਲ ਬਹੁਤ ਜ਼ਿਆਦਾ ਸੰਪਤੀ ਹੈ ਅਤੇ ਕਈ ਬੇਹੱਦ ਗਰੀਬੀ ਵਿਚ ਜੀਵਨ ਬਸਰ ਕਰ ਰਹੇ ਹਨ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਇਸ ਆਰਥਿਕ ਵਖਰੇਵੇਂ (ਵਿਸੰਗਤੀ) ਪ੍ਰਤੀ ਚੇਤੰਨ ਕਰਦਿਆਂ ਕਿਹਾ:

(ੳ) ''26 ਜਨਵਰੀ 1950 ਨੂੰ ਅਸੀਂ ਵਿਰੋਧਾਭਾਸ਼ੀ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹੋਵਾਂਗੇ। ਰਾਜਨੀਤੀ ਵਿਚ ਬਰਾਬਰੀ ਹੋਵੇਗੀ ਪਰ ਸਮਾਜਿਕ ਅਤੇ ਆਰਥਿਕ ਜੀਵਨ 'ਚ ਅਸਮਾਨਤਾ ਹੋਵੇਗੀ।''

(ਅ) ''ਵਿਰੋਧਭਾਸੀ ਦਾ ਇਹ ਜੀਵਨ ਜੀਣਾ ਅਸੀਂ ਕਦੋਂ ਤੱਕ ਜਾਰੀ ਰੱਖਾਂਗੇ? ਸਮ-ਾਜਿਕ ਅਤੇ ਆਰਥਿਕ ਜੀਵਨ ਵਿਚ ਜੇ ਸਮਾਨਤਾ ਲੰਮੇ ਸਮੇਂ ਤੱਕ ਪ੍ਰਾਪਤ ਨਹੀਂ ਹੁੰਦੀ ਤਾਂ ਸਾਡੇ ਰਾਜਨੀਤਿਕ ਲੋਕਤੰਤਰ ਲਈ ਇਕ ਵੱਡਾ ਖਤਰਾ ਬਣ ਜਾਵੇਗਾ।''

(ਵੋਲੀਅਮ 13, ਪੈਜ 1216)

ਡਾ. ਅੰਬੇਡਕਰ ਇਕ ਦੂਰਅੰਦੇਸ਼ ਸਮਾਜ ਵਿਗਿਆਨੀ ਸਨ। ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਰਾਜਨੀਤਿਕ ਲੋਕਤੰਤਰ ਵਿਚ ਇਕ ਵਿਅਕਤੀ ਅਤੇ ਇਕ ਵੋਟ ਦਾ ਸਿਧਾਂਤ ਉਸ ਵੇਲੇ ਤੱਕ ਕੋਈ ਮਹੱਤਤਾ ਨਹੀਂ ਰੱਖਦਾ, ਜਦ ਤੱਕ ਸਮਾਜਿਕ ਅਤੇ ਆਰਥਿਕ ਵਿਵਸਥਾ ਅਧੀਨ ਸਮਾਜਿਕ ਜੀਵਨ ਵਿਚ ਇਕ ਵਿਅਕਤੀ, ਇਕ ਕੀਮਤ ਦੇ ਸਿਧਾਂਤ ਨੂੰ ਲਾਗੂ ਨਹੀਂ ਕੀਤਾ ਜਾਂਦਾ। ਸੰਵਿਧਾਨ ਸਭਾ ਦੀ ਆਖਰੀ ਬੈਠਕ ਵਿਚ ਮੈਂਬਰਾਂ ਨੂੰ ਸੁਚੇਤ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ 'ਸਾਨੂੰ ਛੇਤੀ ਤੋਂ ਛੇਤੀ ਇਹ ਵਿਰੋਧਾਭਾਸ ਖਤਮ ਕਰਨੇ ਹੋਣਗੇ। ਜੇ ਇਹ ਨਹੀਂ ਹੁੰਦਾ ਤਾਂ ਅਸਮਾਨਤਾ ਤੋਂ ਪੀੜਤ ਲੋਕ ਇਸ ਰਾਜਨੀਤਿਕ ਲੋਕਤੰਤਰ ਦੇ ਢਾਂਚੇ ਨੂੰ ਢਹਿ-ਢੇਰੀ ਕਰ ਦੇਣਗੇ, ਜਿਹੜਾ ਕਿ ਇਸ ਸਭਾ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ।




ਡਾ. ਅੰਬੇਡਕਰ ਸਾਹਿਬ ਦਾ ਪੂਰਾ ਜੀਵਨ-ਸੰਘਰਸ਼, ਸਦੀਆਂ ਤੋਂ ਪੀੜਤ, ਲਤਾੜੇ ਅਤੇ ਪਿਛਾੜੇ ਹੋਏ ਦੱਬੇ-ਦਰੜੇ ਲੋਕਾਂ ਪ੍ਰਤੀ ਸਮਰਪਿਤ ਸੀ। ਉਨ੍ਹਾਂ ਨੇ ਆਪਣੇ ਇਸ ਇਤਿਹਾਸਕ ਭਾਸ਼ਣ ਦੁਆਰਾ ਇਕ ਵਾਰੀ ਫਿਰ ਬਹੁਗਿਣਤੀ ਪੀੜਤ ਅਤੇ ਸਤਾਏ ਹੋਏ ਭਾਰਤੀਆਂ ਦੇ ਮਸਲਿਆਂ ਨੂੰ ਉਭਾਰਦਿਆਂ ਮੈਂਬਰਾਂ ਨੂੰ ਚੇਤੰਨ ਕਰਨ ਦਾ ਪੁਰਜ਼ੋਰ ਯਤਨ ਕੀਤਾ। ਉਨ੍ਹਾਂ ਨੇ ਕਿਹਾ ਕਿ 'ਲੰਮੇ ਸਮੇਂ ਤਕ ਇਸ ਦੇਸ਼ ਦੀ ਰਾਜਨੀਤਿਕ ਸੱਤਾ ਮੁੱਠੀ ਭਰ ਲੋਕਾਂ ਦੀ ਇਜਾਰੇਦਾਰੀ ਰਹੀ ਹੈ। ਬਹੁਗਿਣਤੀ ਲੋਕ ਕੇਵਲ ਭਾਰ ਢੋਣ ਵਾਲੇ ਜਾਨਵਰ ਹੀ ਨਹੀਂ, ਸਗੋਂ ਸ਼ਿਕਾਰ ਬਣ ਗਏ ਹਨ। ਇਸ ਇਜਾਰੇਦਾਰੀ ਨੇ ਉਨ੍ਹਾਂ ਨੂੰ ਬਿਹਤਰੀ ਦੇ ਸਾਰੇ ਅਵਸਰਾਂ ਤੋਂ ਇਲਾਵਾ ਮਨੁੱਖੀ ਜੀਵਨ ਦੇ ਮਹੱਤਵ ਨੂੰ ਜਾਨਣ ਤੋਂ ਵੀ ਵੰਚਿਤ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਹੁਣ ਦਲਿਤ ਵਰਗ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਹੋਰ ਅਧੀਨ ਰੱਖਿਆ ਜਾਵੇ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ;

''ਦਲਿਤ ਵਰਗ ਆਪਣੇ ਉਪਰ ਹੋਣ ਵਾਲੇ ਅਤਿਆਚਾਰਾਂ ਅਤੇ ਆਪਣੇ ਉਪਰ ਚਲਾਈ ਜਾਣ ਵਾਲੀ ਹਕੂਮਤ ਤੋਂ ਅੱਕ-ਥੱਕ ਗਏ ਹਨ। ਉਹ ਆਪ ਆਪਣੇ ਸ਼ਾਸਕ ਬਣਨ ਲਈ ਕਾਹਲੇ ਅਤੇ ਬੇਚੈਨ ਹਨ। ਦਲਿਤ ਵਰਗਾਂ ਵਿਚ ਪੈਦਾ ਹੋਏ ਇਸ ਅਹਿਸਾਸ ਨੂੰ ਵਰਗ-ਸੰਘਰਸ਼ ਜਾਂ ਵਰਗ-ਯੁੱਧ ਬਣਨ ਦਾ ਮੌਕਾ ਨਹੀਂ ਦੇਣਾ ਚਾਹੀਦਾ। ਇਸ ਨਾਲ ਘਰ ਦੀ ਵੰਡ ਹੋਵੇਗੀ ਅਤੇ ਉਹ ਦਿਨ ਨਿਸ਼ਚੇ ਹੀ ਤਬਾਹੀ ਦਾ ਹੋਵੇਗਾ।''

(ਵੋਲੀਅਮ 13, ਪੇਜ 1218)

ਆਪਣੇ ਇਸ ਮਹੱਤਵਪੂਰਨ ਭਾਸ਼ਣ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਸਦੀ ਲੋਕਤੰਤਰ ਦੀ ਸਫਲਤਾ ਅਤੇ ਸਹੀ ਅਰਥਾਂ ਵਿਚ 'ਲੋਕਾਂ ਦੀ ਹਕੂਮਤ, ਲੋਕਾਂ ਵੱਲੋਂ ਸਾਜੀ ਅਤੇ ਲੋਕਾਂ ਵਾਸਤੇ ਹਕੂਮਤ' ਕਾਇਮ ਕਰਨ ਦੇ ਲਈ ਉਪਰੋਕਤ ਵਿਸ਼ੇਸ਼ ਮੁੱਦਿਆਂ ਤੇ ਜ਼ੋਰ ਦਿੰਦਿਆਂ ਸੰਵਿਧਾਨ ਸਭਾ ਨੂੰ ਸੁਚੇਤ ਕਰਨ ਦਾ ਯਤਨ ਵੀ ਕੀਤਾ। ਉਨ੍ਹਾਂ ਨੇ ਭਾਰਤ ਵਿਚ ਪ੍ਰਚੱਲਿਤ ਜਾਤੀ-ਪ੍ਰਥਾ ਨੂੰ ਰਾਸ਼ਟਰ ਵਿਰੋਧੀ ਦਰਸ-ਾਉਂਦਿਆਂ ਇਸਨੂੰ ਸਮਾਜਿਕ ਏਕਤਾ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਦੱਸਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਭਾਰਤ ਨੂੰ ਵਾਸਤਵਿਕ ਰੂਪ ਵਿਚ ਇਕ ਰਾਸ਼ਟਰ ਬਣਾਉਣਾ ਹੈ ਤਾਂ ਇਨ੍ਹਾਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਤੇ ਕਾਬੂ ਪਾਉਣਾ ਹੀ ਪਵੇਗਾ।

ਅੱਜ ਭਾਰਤੀ ਗਣਤੰਤਰ ਦੀ ਸਥਾਪਤੀ ਤੋਂ 74 ਸਾਲ ਉਪਰੰਤ ਵੀ ਬਾਬਾ ਸਾਹਿਬ ਦੀ ਸੋਚ, ਉਨ੍ਹਾਂ ਦਾ ਨਿਰੰਤਰ ਸੰਘਰਸ਼, ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਸੁਪਨੇ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਏ।

ਲੋਕਤੰਤਰ 'ਤੇ ਸੰਪ੍ਰਦਾਇਕ ਅਤੇ ਧਨੀ ਲੋਕਾਂ ਦੀ ਇਜਾਰੇਦਾਰੀ ਅਤੇ ਦੇਸ਼ ਦੇ ਸਮੁੱਚੇ ਆਰਥਿਕ ਤੇ ਕੁਦਰਤੀ ਸਰੋਤਾਂ ਉਪਰ ਕੁਝ ਇਕ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਚੁੱਕਾ ਹੈ। ਸਿਆਸੀ ਪਾਰਟੀਆਂ ਨਾਇਕ ਪੂਜਾ ਦੇ ਮੱਕੜਜਾਲ ਵਿਚ ਬੁਰੀ ਤਰ੍ਹਾਂ ਉਲਝ ਕੇ ਰਹਿ ਗਈਆਂ ਹਨ। ਸਮਾਜਿਕ ਅਤੇ ਆਰਥਿਕ ਅਸਮਾਨਤਾ, ਜਾਤ-ਪਾਤ, ਮਜ਼ਹਬੀ ਕੱਟੜਤਾ, ਭਾਈ-ਭਤੀਜਾਵਾਦ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਇਖਲਾਕੀ ਗਿਰਾਵਟ, ਆਪਣੀ ਡਿਊਟੀ ਨਾ ਕਰਨ ਦੀ ਰੁਚੀ, ਨਿੱਜੀ ਸਵਾਰਥ, ਵੋਟ ਦੀ ਰਾਜਨੀਤੀ, ਮਾਇਆ ਦੀ ਭੁੱਖ, ਨਸ਼ਾਖੋਰੀ ਅਤੇ ਲੋਕ ਹਿੱਤਾਂ ਨਾਲੋਂ ਟੁੱਟ ਚੁੱਕੀ ਅਫਸਰਸ਼ਾਹੀ ਅਤੇ ਰਾਜਨੀਤੀ ਨੇ ਆਮ ਆਦਮੀ ਦਾ ਜੀਵਨ ਬਰਬਾਦ ਕਰਕੇ ਰੱਖ ਦਿੱਤਾ ਹੈ।

ਲੋਕਤੰਤਰ ਅਤੇ ਵਿਕਾਸਸ਼ੀਲ ਭਾਰਤ ਦਾ ਫਾਇਦਾ ਆਮ ਆਦਮੀ ਨੂੰ ਪ੍ਰਾਪਤ ਨਹੀਂ ਹੋਇਆ। ਵਰਤਮਾਨ ਗਣਤੰਤਰ ਅਧੀਨ ਆਮ ਆਦਮੀ ਦੇ ਜੀਵਨ ਵਿਚ ਹਾਲੇ ਕੋਈ ਇਨਕਲਾਬੀ ਪਰਿਵਰਤਨ ਨਹੀਂ ਆਇਆ, ਸਗੋਂ ਭਾਰਤ ਵਿਚ ਦਿਨੋਂ-ਦਿਨ ਸੰਸਦੀ ਲੋਕਤੰਤਰ ਦੇ ਪਰਦੇ ਹੇਠ ਤਾਨਾਸ਼ਾਹੀ ਪ੍ਰਭਾਵੀ ਹੋ ਰਹੀ ਹੈ। ਆਮ ਆਦਮੀ ਦੀ ਤਰੱਕੀ ਅਤੇ ਲੋਕਤੰਤਰ ਦੀ ਸਫਲਤਾ ਅਤੇ ਪ੍ਰਾਪਤੀਆਂ ਸਬੰਧੀ ਡਾ. ਅੰਬੇਡਕਰ ਸਾਹਿਬ ਵੱਲੋਂ ਪ੍ਰਗਟਾਏ ਗਏ ਸ਼ੰਕੇ ਅੱਜ ਵੀ ਉਸੇ ਤਰ੍ਹਾਂ ਕਾਇਮ ਹਨ। ਰਾਜਨੀਤਿਕ ਲੋਕਤੰਤਰ ਨੂੰ ਆਰਥਿਕ ਅਤੇ ਸਮਾਜਿਕ ਲੋਕਤੰਤਰ ਵਿਚ ਪਰਿਵਰਤਿਤ ਕਰਨ ਨਾਲ ਹੀ ਆਮ ਆਦਮੀ ਲਈ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕਦੀ ਹੈ, ਜਿਸਦੀ ਤੁਰੰਤ ਅਵੱਸ਼ਕਤਾ ਹੈ। 26 ਜਨਵਰੀ ਅਰਥਾਤ ਗਣਤੰਤਰ ਦਿਵਸ ਤਦ ਹੀ ਸਾਰਥਕ ਹੋ ਸਕਦਾ ਹੈ ਜਦ ਹਰੇਕ ਭਾਰਤੀ ਨਾਗਰਿਕ, ਸਹੀ ਅਰਥਾਂ ਵਿਚ ਵਿਵਹਾਰਕ ਤੌਰ 'ਤੇ ਲੋਕਤੰਤਰ ਅਧੀਨ ਬਰਾਬਰ ਵਿਕਾਸ ਅਤੇ ਖੁਸ਼ਹਾਲੀ ਦਾ ਆਨੰਦ ਮਾਨਣ ਦੇ ਯੋਗ ਹੋਵੇਗਾ।

# ਪੁਲਿਸ ਨੇ ਲੰਗੜੋਆ ਬਾਈਪਾਸ 'ਤੇ 200 ਦੇ ਕਰੀਬ ਵਾਹਨਾਂ 'ਤੇ ਰਿਫਲੈਕਟਰ ਲਗਾਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਹਨੇਰੀਆਂ ਰਾਤਾਂ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਵਾਹਨਾਂ ਨੂੰ ਸੜਕ ਹਾਦਸਿਆਂ ਤੋਂ ਬਚਾਉਣ ਲਈ ਅੱਜ ਜ਼ਿਲ੍ਹਾ ਪੁਲਿਸ



ਵੱਲੋਂ ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ ਦੇ ਦਿਸ਼ਾ -ਨਿਰਦੇਸ਼ਾਂ ਤਹਿਤ ਪ੍ਰਵਾਸੀ ਭਾਰਤੀ ਜਸਪਾਲ ਸਿੰਘ ਵਿਰਕ ਯੂ। ਐਸ। ਏ ਸਰਪੰਚ ਬੀਰੋਵਾਲ ਦੇ ਸਹਿਯੋਗ ਨਾਲ ਉਨ੍ਹਾਂ ਦੇ ਮਰਹੂਮ ਭਰਾ ਸਵ: ਇਕਬਾਲ ਸਿੰਘ ਸਾਬਕਾ ਸਰਪੰਚ ਦੀ ਯਾਦ ਵਿਚ ਲੰਗੜੋਆ ਬਾਈਪਾਸ 'ਤੇ ਡੀ.ਐਸ.ਪੀ. ਲਖਵੀਰ ਸਿੰਘ ਅਤੇ ਟ੍ਰੈਫਿਕ ਇੰਚਾਰਜ ਸੁਭਾਸ਼ ਚੌਧਰੀ ਦੀ ਅਗਵਾਈ ਹੇਠ ਪੁਲਿਸ ਮੁਲਾਜ਼ਮਾਂ ਵੱਲੋਂ 200 ਦੇ ਕਰੀਬ ਵਾਹਨਾਂ ਦੇ ਅੱਗੇ ਅਤੇ ਪਿੱਛੇ ਰਿਫਲੈਕਟਰ ਲਗਾਏ ਗਏ। ਇਸ ਮੌਕੇ ਡੀ।ਐਸ।ਪੀ ਲਖਵੀਰ ਸਿੰਘ ਨੇ ਕਿਹਾ ਕਿ ਧੁੰਦ ਦੇ ਮੌਸਮ ਦੇ ਮੱਦੇਨਜ਼ਰ ਸੜਕੀ ਹਾਦਸਿਆਂ ਨੂੰ ਰੋਕਣ ਲਈ ਇਹ ਮੁਹਿੰਮ ਆਰੰਭ ਕੀਤੀ ਗਈ ਹੈ, ਜਿਹੜੀ ਭਵਿੱਖ ਵਿਚ ਵੀ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਅੱਜ ਟਰੈਕਟਰ-ਟਰਾਲੀਆਂ, ਟਿੱਪਰਾਂ, ਸਾਈਕਲਾਂ, ਤਿੰਨ ਪਹੀਆ ਵਾਹਨਾਂ ਸਮੇਤ ਹੋਰ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਇਸ ਮੌਕੇ ਜਸਪਾਲ ਸਿੰਘ ਵਿਰਕ ਨੇ ਕਿਹਾ ਕਿ ਅਜਿਹੇ ਕਾਰਜਾਂ ਨਾਲ ਕਿਸੇ ਵੀ ਕੀਮਤੀ ਜਾਨ ਨੂੰ ਹਾਦਸੇ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਵੀ ਅਜਿਹੇ ਸਮਾਜ ਸੇਵੀ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹਿਣਗੇ। ਇਸ ਮੌਕੇ ਦਿਲਾਵਰ ਸਿੰਘ, ਰਵਿੰਦਰ ਕੌਰ, ਅਮਰਜੀਤ ਸਿੰਘ, ਨੀਰਜ ਕੁਮਾਰ, ਹਰਭਜਨ ਸਿੰਘ ਆਦਿ ਵੀ ਹਾਜਰ ਸਨ।

# ਜਿਲਾ ਤਾਈਕਵਾਂਡੋ ਤੇ ਕਰਾਟੇ ਕਨਵੀਨਰ ਅਜੇ ਕੁਮਾਰ ਅਤੇ ਸਟੇਟ ਜੇਤੂ ਖਿਡਾਰੀਆਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ 68ਵੀਆਂ ਪੰਜਾਬ ਸਕੂਲ ਖੇਡਾਂ ਵਿੱਚ ਪੋਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਕੋਚਾਂ ਨੂੰ ਸਨਮਾਨਿਤ ਕਰਨ ਹਿੱਤ ਜ਼ਿਲਾ ਸਿੱਖਿਆ ਅਫਸਰ(ਸੈਕਡਰੀ) ਲਲਿਤਾ ਅਰੋੜਾ ਅਤੇ ਉਪ ਜਿਲਾ ਸਿੱਖਿਆ ਅਫਸਰ (ਸਕੈਂਡਰੀ) ਧੀਰਜ ਵਸ਼ਿਸ਼ਟ ਦੇ ਦਿਸ਼ਾ ਨਿ-ਰਦੇਸ਼ਾਂ ਅਤੇ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੀ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਬਾਗ-ਪੁਰ ਵਿਖੇ ਜ਼ਿਲਾ ਪੱਧਰੀ ਇਨਾਮ ਵੰਡ ਸਮਾਰੋਹ ਕਰਵ-ਾਇਆ ਗਿਆ। ਜਿਸ ਵਿੱਚ ਤਾਇਕਵਾਂਡੋ ਅਤੇ ਕਰਾਟੇ ਵਿੱਚ 20 ਸਟੇਟ ਪੱਧਰੀ ਅਤੇ ਰਾਸ਼ਟਰ ਪੱਧਰੀ ਮੈਡਲ ਜਿੱਤਣ ਵਾਲੇ ਖਿਡਾਰੀਆਂ ਸ਼੍ਰੇਅਸ ਕੁਮਾਰ, ਆਂਚਲ ਸ਼ਰਮਾ, ਮਨਜੋਤ ਕੌਰ, ਮਨਪ੍ਰੀਤ ਸਿੰਘ, ਅੰਸ਼ਦੀਪ ਕੌਰ, ਇਸ਼ਮੀਤ, ਜਸਲੀਨ, ਕੁਲਵੀਰ, ਕਰਨਪ੍ਰੀਤ ਚਾਹਲ, ਪਾਹੁਲ ਪ੍ਰੀਤ ਸਿੰਘ, ਅਜੇ ਵੀਰ ਸਿੰਘ, ਦਿਲਪ੍ਰੀਤ ਸਿੰਘ, ਗੁਰਤਮ ਸਹਿਗਲ, ਯੁਵਰਾਜ, ਗੌਰਵਪ੍ਰੀਤ ਸਿੰਘ ,ਕੁਲਵੀਰ ਕੌਰ , ਇਸ਼ਕਾ ਸੈਣੀ, ਰਿਧੀ ਸਹਿਗਲ, ਤਨਿ ਸ਼ਕ, ਦੀਕਸ਼ਾ ਅਤੇ ਜ਼ਿਲ੍ਹਾ ਕਨਵੀਨਰ ਤਾਇਕਵਾਂਡੋ ਅਤੇ ਸਟੇਟ ਟੀਮ ਇੰਚਾਰਜ ਅਜੇ ਕੁਮਾਰ ਮਾਸਟਰ ਸਰਕਾਰੀ ਸੀਨੀਅਰ ਸੈਕਡਰੀ ਸਕੂਲ ਖੜਕਾਂ ਨੂੰ ਇਨਾਮ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਿੱਖਿਆ ਵਿਭਾਗ ਹੁਸ਼ਿਆਰਪੁਰ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਸਨਮਾਨਿਤ ਕੀਤਾ ਗਿਆ, ਜ਼ਿਕਰਯੋਗ ਹੈ ਕਿ ਅਜੇ ਕੁਮਾਰ ਨੇ ਇਸ ਸਾਲ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਤਾਇਕਵਾਂਡੋ ਵਿੱਚ ਖੇਡ ਵਤਨ ਪੰਜਾਬ ਦੀਆਂ ਵਿੱਚ ਫਰੀਦਕੋਟ ,ਨਹਿਰੂ ਸਟੇਡੀਅਮ ਵਿਖੇ 22 ਮੈਡਲ ਜਿਤਾਏ ਅਤੇ ਹੁਸ਼ਿਆਰਪੁਰ ਨੂੰ ਟੀਮ ਟਰਾਫ਼ੀ ਦਾ ਜੇਤੂ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ। ਇਸ ਮੌਕੇ ਜ਼ਿਲ੍ਹਾ ਸਕੂਲ ਖੇਤ ਕਮੇਟੀ ਪ੍ਰਧਾਨ ਤਰਲੋਚਨ ਸਿੰਘ, ਸੈਕਟਰੀ ਪ੍ਰਿੰਸੀਪਲ ਇੰਦਰਜੀਤ ਸਿੰਘ, ਸਿੱਖਿਆ ਸੁਧਾਰ ਕਮੇਟੀ ਇੰਚਾਰਜ ਸ਼ਲਿੰਦਰ ਠਾਕੁਰ, ਉਪ ਜਿਲਾ ਸਿੱਖਿਆ ਅਫਸਰ ਐਲੀਮੈਂਟਰੀ ਸੁਖਵਿੰਦਰ ਸਿੰਘ, ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲ, ਅਭਿਸ਼ੇਕ ਠਾਕੁਰ, ਦਲਵੀਰ ਸਿੰਘ, ਸੁੱਚਾ ਸਿੰਘ, ਵਿਸ਼ਾਲ ਸ਼ਰਮਾ, ਮਨਜੀਤ ਕੌਰ, ਤਜਿੰਦਰ ਸਿੰਘ ਆਦਿ ਹਾਜ਼ਰ ਸਨ।



# ਕੰਪਿਊਟਰ ਟਾਈਪਿਸਟ ਦੀ ਬ੍ਰੇਨ ਅਟੈਕ ਨਾਲ ਹੋਈ ਮੌਤ, ਪੁੱਤਰ ਦਾ ਸਦਮਾ ਨਾ ਸਹਾਰਦਿਆਂ ਪਿਤਾ ਨੇ ਵੀ ਦਮ ਤੋੜਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਤਹਿਸੀਲ ਕੰ-ਪਲੈਕਸ ਨਵਾਸ਼ਹਿਰ ਵਿਖੇ ਕਸਮੀਰ ਲਾਲ ਪਿੰਡ ਚੂਹੜਪੁਰ ਕੰਪਿਊਟਰ ਟਾਈਪਿਸਟ ਦੀ ਅਚਾਨਕ ਰਾਤ ਦੀ ਰੋਟੀ ਖਾਣ ਤੋਂ ਬਾਅਦ ਚਾਹ ਪੀਣ ਲੱਗਿਆ ਸਿਰ ਦਰਦ ਹੋਣ ਕਰਕੇ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਜਿਥੇ ਉਸ ਨੂੰ ਦੁਜੇ ਮਿਤ੍ਰਕ ਕਰਾਰ ਦਿੱਤਾ ਗਿਆ। ਉਸ ਦੀ ਇਕਲੌਤੀ ਧੀ ਦਾ ਨਰਸਿੰਗ ਹੋਮ ਦਾ ਪੇਪਰ ਹੋਣ ਕਰਕੇ ਤੀਸਰੇ ਦਿਨ ਅੱਜ ਸੰਸਕਾਰ ਕੀਤੇ ਜਾਣ ਤੋਂ ਪਹਿਲਾਂ ਸਵੇਰੇ ਪਿਤਾ ਪਿਆਰੇ ਲਾਲ ਪੁੱਤਰ ਦਾ ਸਦਮਾ ਨਾ ਸਹਾਰਦਿਆਂ ਪ੍ਰਮਾਤਮਾ ਦੇ ਚਰਨੀਂ ਜਾ ਬਿਰਾਜੇ। ਪਿੰਡ ਚੂਹੜਪੁਰ ਦੇ ਇਲਾਕੇ ਅਤੇ ਤਹਿਸੀਲ ਕੰਪਲੈਕਸ ਵਿੱਚ ਸੋਗ ਦੀ ਲਹਿਰ ਦੌੜ ਗਈ । ਪਿਉ ਪੁੱਤਰ ਦੀਆਂ ਅਰਥੀਆਂ ਇਕੱਠੀਆਂ ਉਠੀਆਂ। ਸੰਸਕਾਰ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਵਾਟਰ ਸਪਲਾਈ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਤਹਿਸੀਲ ਵੈਲਫੇਅਰ ਐਸੋਸੀਏਸ਼ਨ ਰਜਿ: ਨਵਾਂਸ਼ਹਿਰ ਦੇ ਮੈਂਬਰ ਸ਼ਾਮਲ ਹੋਏ। ਦੀ ਤਹਿਸੀਲ ਕੰਪਲੈਕਸ਼ ਵੈਲਫੇਅਰ ਐਸੋਸੀਏਸ਼ਨ (ਰਜਿ:) ਦੇ ਪ੍ਰਧਾਨ ਚੇਤ ਰਾਮ



ਰਤਨ, ਰਮੇਸ ਸਰਮਾ ਜਨਰਲ ਸਕੱਤਰ ਅਤੇ ਸਮੁੱਚੇ ਮੈਂਬਰਾਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਕਸ਼ਮੀਰ ਸਿੰਘ ਮਿਠ ਬੋਲੜੇ ਸੁਭਾਅ ਦੇ ਮਾਲਕ ਸਨ। ਉਹ ਆਪਣੇ ਪਿਛੇ ਲੜਕਾ ਸਾਗਰ ਅਤੇ ਲੜਕੀ ਮਨਪ੍ਰੀਤ ਕੌਰ ਛੱਡ ਗਿਆ। ਅੰਤਿਮ ਅਰਦਾਸ ਦਿਨ ਐਤਵਾਰ ਬਾਅਦ ਦੁਪਹਿਰ 1 ਵਜੇ 19 ਜਨਵਰੀ ਨੂੰ ਪਿੰਡ ਚੂਹੜਪੁਰ ਵਿਖੇ ਹੋਵੇਗੀ। ਇਸ ਮੌਕੇ ਸਰਪੰਚ ਆਸਾ ਰਾਣੀ, ਨੰਬਰਦਾਰ ਮਨਜੀਤ ਸਿੰਘ, ਮਲਕੀਅਤ ਸਿੰਘ ਜੱਬੋਵਾਲ, ਅਸ਼ੋਕ ਕੁਮਾਰ ਸ਼ਰਮਾ, ਰੇਸ਼ਮ ਸਿੰਘ ਅਲੀਪੁਰ, ਗੁਰਮੇਲ ਸਿੰਘ ਸੈਣੀ, ਸੁਖਵਿੰਦਰ ਸਿੰਘ ਰਤਨ, ਪਰਮਜੀਤ ਬੜਵਾ, ਬਾਬਾ ਸਤਪਾਲ, ਬਲਵੀਰ ਸਿੰਘ ਬਸਰਾ, ਦੀਪਕ ਕੁਮਾਰ, ਰੇਸ਼ਮ ਸਿੰਘ ਕਮਾਮ, ਸਰਵਣ ਸਿੰਘ, ਮੋਤੀ ਲਾਲ, ਜਗਦੀਸ਼ ਲਾਲ, ਰੇਵਲ ਸਿੰਘ ਨੰਬਰਦਾਰ, ਸੁਰਿੰਦਰ ਸਿੰਘ ਸਾਬਕਾ ਸਰਪੰਚ, ਜੋਗਾ ਸਿੰਘ ਗ੍ਰੰਥੀ ਸਿੰਘ, ਲਖਵਿੰਦਰ ਸਿੰਘ, ਰਾਜ ਕੁਮਾਰ ਮਾਲੇਵਾਲ, ਰੇਸ਼ਮ ਸਿੰਘ, ਸੁਖਵੰਤ ਸਿੰਘ, ਬਲਜੀਤ ਕੁਮਾਰ, ਹੈਪੀ ਬਾਲੀ ਆਦਿ ਨੇ ਦੁਖ ਦਾ ਪ੍ਰਗਟਾਵਾ ਕੀਤਾ।

# ਸੁਲਤਾਨਾਂ ਨੂਰਾਂ ਦਾ ਟ੍ਰੈਕ "ਦਰਦਮੰਦਾਂ ਦਾ ਦਰਦੀ" ਦਾ ਪੋਸਟਰ ਹੋਇਆ ਸੰਗਤ ਅਰਪਿਤ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**– ਯੂਐਸ ਬੀਟਸ ਡਿਵੋਸ਼ਨਲ ਅਤੇ ਸ੍ਰੀ ਕੁੰਦਨ ਲਾਲ ਪਾਲ ਜੀ ਪੇਸ਼ਕਸ਼ ਵਿੱਚ ਪ੍ਰਸਿੱਧ ਸੂਫੀ ਗਾਇਕਾ ਸੁਲਤਾਨਾਂ ਨੂਰਾਂ ਦਾ ਨਵਾਂ ਸਿੰਗਲ ਟਰੈਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਚਰਨਾਂ ਨੂੰ ਸਜਿਦਾ ਸਲਾਮ ਕਰਦਿਆਂ "ਦਰਦਮੰਦਾਂ ਦਾ ਦਰਦੀ" ਟਾਈਟਲ ਹੇਠ ਸੋਸ਼ਲ ਮੀਡੀਆ ਤੇ ਲਾਂਚ ਕੀਤਾ ਗਿਆ। ਰਿੱਕੀ ਪੌਲ ਦੇ ਇਸ ਪ੍ਰੋਜੈਕਟ ਨੂੰ ਬੋਲਾਂ ਦੇ ਬਾਦਸ਼ਾਹ ਹਰਫ਼ਨਮੌਲਾ ਕਲਾਕਾਰ ਗੀਤਕਾਰ ਗੋਲਡੀ ਦਰਦੀ ਇਟਲੀ ਨੇ ਕਲਮਬੱਧ ਕੀਤਾ ਹੈ। ਜਿਸ ਨੂੰ ਆਪਣੀ ਸੁਰੀਲੀ ਸੁਰ ਨਾਲ ਸੁਲਤਾਨਾਂ ਨੂਰਾਂ ਨੇ ਸ਼ਿੰਗਾਰ ਕੇ ਸੰਗਤ ਦੀ ਝੋਲੀ ਪਾਇਆ ਹੈ। ਇਸ ਸਿੰਗਲ ਟ੍ਰੈਕ ਦਾ ਮਿਊਜਿਕ ਅਮਰ ਦਾ ਮਿਊਜਿਕ ਮਿਰਰ ਵਲੋਂ ਦਿੱਤਾ ਗਿਆ ਹੈ ਤੇ ਡੀ ਬੀ ਸਟੂਡੀ ਵਿੱਚ ਇਸ ਦਾ ਮਿਕਸ ਮਾਸਟਰ ਤਿਆਰ ਕੀਤਾ ਗਿਆ ਹੈ। ਗੋਲਡੀ ਦਰਦੀ ਨੇ ਦੱਸਿਆ ਕਿ ਇਸ ਟ੍ਰੈਕ ਦੇ ਕੰਪੋਜ਼ਰ ਸਾਂਝ ਸ਼ਾਮੀ ਹਨ ਅਤੇ ਇਸ ਦਾ ਵੀਡੀ ਰਮਨ ਰਜਕ ਨੇ ਤਿਆਰ ਕੀਤਾ ਹੈ ,ਐਡੀਟਰ ਦਿਨੇਸ਼ ਪਰਜਾਪਤੀ ਹਨ । ਸੁਲਤਾਨਾ ਨੂਰਾਂ ਸਟੇਜ ਤੇ ਮੰਝੀ ਹੋਈ ਸੁਰ ਹੈ, ਜਿਸ ਨੇ ਆਪਣੀ ਸੁਰੀਲੀ ਗਾਇਕੀ ਨਾਲ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖੀ ਹੋਈ ਹੈ। ਆਸ ਹੈ ਉਸਦੇ ਇਸ ਟ੍ਰੈਕ ਨੂੰ ਸੰਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਪ੍ਰਵਾਨ ਕਰੇਗੀ ਅਤੇ ਉਸਨੂੰ ਆਪਣਾ ਆਸ਼ੀਰਵਾਦ ਦੇ ਕੇ ਨਿਵਾਜੇਗੀ।

# ਸਵਾਮੀ ਗੁਰਦੀਪ ਗਿਰੀ ਜੀ ਪਠਾਨਕੋਟ ਵਾਲਿਆਂ ਨੇ ਕੰਠ ਕਲੇਰ ਦਾ ਧਾਰਮਿਕ ਗੀਤ 'ਜੋ ਬੋਲੇ ਸੋ ਨਿਰਭੈ' ਕੀਤਾ ਰਿਲੀਜ਼



**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**– ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਉਸਤਤ ਵਿਚ ਵਿਸ਼ਵ ਪ੍ਰਸਿੱਧ ਸੁਰੀਲੇ ਗਾਇਕ ਕੰਠ ਕਲੇਰ ਵਲੋਂ ਹਰ ਸਾਲ ਹੀ ਆਪਣੀ ਗਾਇਕੀ ਨਾਲ ਆਪਣੀ ਸ਼ਰਧਾ ਅਰਪਣ ਕੀਤੀ ਜਾਂਦੀ ਹੈ ਅਤੇ ਇਸ ਵਾਰ ਵੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਉਹਨਾਂ ਅੱਠ ਗੀਤਾਂ ਦੀ ਇਕ ਐਲਬਮ 'ਵਿਹੜੇ ਸੰਤਾਂ ਦੇ' ਗੁਰੂ ਚਰਨਾਂ ਵਿਚ ਭੇਂਟ ਕੀਤੀ ਹੈ । ਜਿਸਦਾ ਦੂਜਾ ਗੀਤ 'ਜੋ ਬੋਲੇ ਸੋ ਨਿਰਭੈ' ਅੱਜ ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਨੇ ਨਕੋਦਰ ਵਿਖੇ ਕੰਠ ਕਲੇਰ ਦੇ ਨਵੇਂ ਦਫ਼ਤਰ ਵਿਖੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ। ਸਵਾਮੀ ਜੀ ਨੇ ਇਸ ਮੌਕੇ ਗੀਤ ਨੂੰ ਸੁਣਿਆ ਅਤੇ ਕਿਹਾ ਕਿ ਕੰਠ ਕਲੇਰ ਵਲੋਂ ਜੋ ਸਤਿਕਾਰ ਸ੍ਰੀ ਗੁਰੂ ਰਵਿਦਾਸ ਮਹਾਰਜਾ ਨੂੰ ਭੇਂਟ ਕੀਤਾ ਜਾ ਰਿਹਾ ਹੈ, ਸਮੁੱਚੀ ਕੌਮ ਉਸਦਾ ਮੁੱਲ ਜ਼ਰੂਰ ਪਾਵੇਗੀ। ਉਹਨਾਂ ਸਮੂਹ ਸੰਗਤ ਨੂੰ ਇਹ ਗੀਤ ਸੁਣਨ ਦਾ ਸੁਨੇਹਾ ਵੀ ਦਿੱਤਾ। ਗੀਤਕਾਰ ਸੁਮਨ ਸ਼ਾਮਪੁਰੀ ਦੇ ਲਿਖੇ ਬੋਲਾਂ ਨੂੰ ਸੰਗੀਤਕਾਰ ਅਮਰ ਦਾ ਮਿਊਜ਼ਕ ਮਿਰਰ ਨੇ ਮਧੁਰ ਸੰਗੀਤ ਵਿਚ ਪਰੋਇਆ ਹੈ। ਸੰਗੀਤ ਕੰਪਨੀ ਕੇ।ਕੇ।ਮਿਊਜ਼ਿਕ ਨੇ ਗੀਤ ਨੂੰ ਯੂਟਿਊਬ ਸਮੇਤ ਦੁਨੀਆਂ ਦੇ ਹਰ ਪਲੇਟਫ਼ਾਰਮ ਉੱਤੇ ਰਿਲੀਜ਼ ਕੀਤਾ ਹੈ। ਕਮਲ ਕਲੇਰ ਨੇ ਦੱਸਿਆ ਕਿ ਇਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਇਕ ਸਤਿਕਾਰਤ ਭੇਂਟ ਹੈ ਤੇ ਜਲਦ ਹੀ ਇਸ ਗੀਤ ਦਾ ਵੀਡੀ ਵੀ ਰਿਲੀਜ਼ ਕੀਤਾ ਜਾਵੇਗਾ। ਇਸ ਮੌਕੇ ਗੀਤਕਾਰ ਮਦਨ ਜਲੰਧਰੀ ਅਤੇ ਸੁਰਿੰਦਰ ਪਾਲ ਸਮਰਾ ਜੀ ਹਾਜ਼ਰ ਸਨ।

# ਟਰੈਕਟਰਾਂ ਅਤੇ ਸਬੰਧਤ ਸੰਦਾਂ ਨਾਲ ਖ਼ਤਰਨਾਕ ਸਟੰਟ ਕਰਨ 'ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਤ ਸੰਦਾਂ ਨਾਲ ਖ਼ਤਰਨਾਕ ਪ੍ਰਦਰਸ਼ਨ/ਸਟੰਟ ਕਰਨ 'ਤੇ ਪਾਬੰਦੀ ਦਾ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਉਪ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-5 ਸ਼ਾਖਾ) ਨੇ ਜਾਰੀ ਪੱਤਰ ਰਾਹੀਂ ਲਿਖਿਆ ਹੈ ਕਿ ਰਾਜ ਵਿਚ ਬੀਤੇ ਦਿਨੀਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿਚ ਟਰੈਕਟਰ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਆਈਆਂ ਹਨ ਅਤੇ ਇਕ ਨੌਜਵਾਨ ਦੀ ਮੌਤ ਵੀ ਹੋਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 9 ਮਾਰਚ, 2025 ਤੱਕ ਲਾਗੂ ਰਹੇਗਾ।



# ਖ਼ੁਦ ਦੇ ਕਾਰੋਬਾਰ ਲਈ ਨੌਜਵਾਨਾਂ ਨੂੰ ਮਿਲ ਸਕਦਾ ਹੈ 50 ਲੱਖ ਤੱਕ ਦਾ ਕਰਜ਼ਾ -ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਯੋਜਨਾ (ਪੀ.ਐਮ.ਈ.ਜੀ.ਪੀ) ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਚਾਹਵਾਨ ਉਮੀਦਵਾਰਾਂ ਨੂੰ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਬੈਂਕਾਂ ਰਾਹੀਂ 50 ਲੱਖ ਰੁਪਏ ਤੱਕ ਦੇ ਕਰਜ਼ੇ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਅੱਜ ਇਸ ਸਕੀਮ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਸਕੀਮ ਦਾ ਲਾਭ ਲੈਣ ਵਾਲੇ ਉਮੀਦਵਾਰ ਦੀ ਘੱਟੋ-ਘੱਟ ਉਮਰ 18 ਸਾਲ ਹੋਣੀ ਚਾਹੀਦੀ ਹੈ ਅਤੇ ਆਮਦਨ ਦੀ ਕੋਈ ਸੀਮਾ ਨਹੀਂ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ 5 ਲੱਖ ਤੋਂ ਵੱਧ ਲਾਗਤ ਵਾਲੇ ਪ੍ਰਾਜੈਕਟ ਦੇ ਉੱਦਮੀ ਦੀ ਘੱਟੋ-ਘੱਟ ਵਿੱਦਿਅਕ ਯੋਗਤਾ ਅੱਠਵੀਂ ਪਾਸ ਹੋਣੀ ਚਾਹੀਦੀ ਹੈ ਅਤੇ 5 ਲੱਖ ਤੋਂ ਘੱਟ ਲਾਗਤ ਵਾਲੇ ਪ੍ਰਾਜੈਕਟ ਦਾ ਲਾਭ ਆਰਟੀਕਲ (ਕਲਾ ਕ੍ਰਿਤੀ)/ਸੇਵਾ ਖੇਤਰ ਦੇ ਉੱਦਮੀ ਵੀ ਲੈ ਸਕਦੇ ਹਨ। ਇਸ ਸਕੀਮ ਅਧੀਨ ਸਰਵਿਸ/ਬਿਜ਼ਨਸ ਲਈ 10 ਲੱਖ ਰੁਪਏ ਅਤੇ ਇੰਡਸਟਰੀ ਐਕਟੀਵਿਟੀ ਲਈ 25 ਲੱਖ ਰੁਪਏ ਤੱਕ ਦਾ ਉਦਯੋਗ ਸਥਾਪਿਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਨਵੀਆਂ ਸੂਖਮ ਇਕਾਈਆਂ ਸਥਾਪਿਤ ਕਰਨ ਲਈ ਨਿਰਮਾਣ ਗਤੀਵਿਧੀਆਂ ਲਈ 50 ਲੱਖ ਅਤੇ ਸੇਵਾ ਖੇਤਰ ਦੇ ਲਈ 20 ਲੱਖ ਰੁਪਏ ਦੀ ਵਿੱਤੀ ਸਹਾਇਤਾ ਸਬਸਿਡੀ 'ਤੇ ਮੁਹੱਈਆ ਕਰਵਾਈ ਜਾਂਦੀ ਹੈ, ਜਿਸ ਵਿਚ ਉੱਦਮੀ ਵੱਲੋਂ ਆਪਣਾ ਯੋਗਦਾਨ ਜਨਰਲ ਸ਼੍ਰੇਣੀ ਲਈ 10 ਫੀਸਦੀ ਅਤੇ ਬਾਕੀ ਅਨੁਸੂਚਿਤ ਜਾਤੀ/ ਪੱਛੜੀ ਸ਼੍ਰੇਣੀ/ ਘੱਟ ਗਿਣਤੀ/ ਔਰਤਾਂ/ ਸਾਬਕਾ ਫ਼ੌਜੀ/ ਦਿਵਿਆਂਗਜਨ/ ਬਾਰਡਰ ਏਰੀਆ ਨਾਲ ਸਬੰਧਤ ਉਮੀਦਵਾਰਾਂ ਲਈ 5 ਫ਼ੀਸਦੀ ਹੋਵੇਗਾ। ਇਸੇ ਤਰ੍ਹਾਂ ਪ੍ਰਾਜੈਕਟ ਸਥਾਪਿਤ ਕਰਨ ਉਪਰੰਤ ਸ਼ਹਿਰੀ ਖੇਤਰ ਲਈ ਜਨਰਲ ਸ਼੍ਰੇਣੀ ਵਾਸਤੇ 15 ਫੀਸਦੀ, ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ/ਔਰਤਾਂ/ਸਾਬਕਾ ਫ਼ੌਜੀ/ਦਿਵਿਆਂਗਜਨ/ਬਾਰਡਰ ਏਰੀਆ ਨਾਲ ਸਬੰਧਤ ਉੱਦਮੀਆਂ ਲਈ 25 ਫੀਸਦੀ, ਪੇਂਡੂ ਖੇਤਰ ਲਈ ਜਨਰਲ ਸ਼੍ਰੇਣੀ ਵਾਸਤੇ 25 ਫੀਸਦੀ ਅਤੇ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ/ ਔਰਤਾਂ/ ਸਾਬਕਾ ਫ਼ੌਜੀ/ਦਿਵਿਆਂਗਜਨ/ਬਾਰਡਰ ਏਰੀਆ ਨਾਲ ਸਬੰਧਤ ਉੱਦਮੀਆਂ ਲਈ 35 ਫੀਸਦੀ ਸਬਸਿਡੀ ਉਪਲਬੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਨੂੰ ਈ. ਡੀ. ਪੀ ਟ੍ਰੇਨਿੰਗ ਲੈਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਵਧੇਰੇ ਜਾਣਕਾਰੀ ਲਈ ਦਫ਼ਤਰ ਜਰਨਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਜਾਂ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਨਾਲ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਉਦਯੋਗ ਕੇਂਦਰ, ਰੁਜ਼ਗਾਰ, ਖਾਦੀ ਬੋਰਡ ਦੇ ਅਧਿਕਾਰੀਆਂ ਅਤੇ ਐਲ.ਡੀ.ਐਮ ਨੂੰ ਹਦਾਇਤ ਕੀਤੀ ਕਿ ਉਹ ਇਸ ਸਕੀਮ ਸਬੰਧੀ ਜ਼ਿਲ੍ਹੇ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਜਾਗਰੂਕ ਕਰਨ ਤਾਂ ਜੋ ਉਹ ਆਪਣੇ ਖ਼ੁਦ ਦੇ ਕਾਰੋਬਾਰ ਖੋਲ੍ਹ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਬੰਧਤ ਵਿਭਾਗ ਸਾਂਝੀ ਟੀਮ ਬਣਾ ਕੇ ਇਸ ਸਕੀਮ ਤਹਿਤ ਪੈਂਡਿੰਗ ਕੇਸਾਂ ਦਾ ਨਿਪਟਾਰਾ ਜਲਦ ਤੋਂ ਜਲਦ ਕਰਨਾ ਯਕੀਨੀ ਬਣਾਉਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਐਸ.ਡੀ.ਐਮ ਬਲਾਚੌਰ ਰਵਿੰਦਰ ਕੁਮਾਰ ਬਾਂਸਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਜ਼ਿਲ੍ਹੇ ਦੇ 13 ਸੈਂਟਰਾਂ ਵਿੱਚ ਪੀਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਸਫ਼ਲਤਾ ਪੂਰਵਕ ਸੰਪੰਨ

## 2326 ਵਿਦਿਆਰਥੀਆਂ ਨੇ ਲਿਆ ਛੇਵੀਂ ਜਮਾਤ ਵਿੱਚ ਦਾਖ਼ਲੇ ਲਈ ਪ੍ਰੀਖਿਆ ਵਿੱਚ ਭਾਗ



**ਪਠਾਨਕੋਟ–** ਪੀਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਛੇਵੀਂ ਜਮਾਤ ਵਿੱਚ ਦਾਖ਼ਲੇ ਲਈ 13 ਸੈਂਟਰਾਂ ਵਿੱਚ ਸਫ਼ਲਤਾ ਪੂਰਵਕ ਸੰਪੰਨ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀਐਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ ਦੇ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪਠਾਨਕੋਟ ਦੀ ਅਗਵਾਈ ਹੇਠ ਅਤੇ ਸਿੱਖਿਆ ਵਿਭਾਗ ਪਠਾਨਕੋਟ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਅਲੱਗ - ਅਲੱਗ 13 ਸੈਂਟਰਾਂ ਵਿੱਚ ਆਯੋਜਿਤ ਕੀਤੀ ਗਈ ਪ੍ਰੀਖਿਆ ਲਈ 2878 ਵਿਦਿਆਰਥੀਆਂ ਵਿੱਚੋਂ 2326 ਵਿਦਿਆਰਥੀ ਹਾਜ਼ਰ ਹੋਏ, ਜਦਕਿ 552 ਵਿਦਿਆਰਥੀ ਗੈਰਹਾਜ਼ਰ ਰਹੇ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਅਮਨਦੀਪ ਕੁਮਾਰ ਨੇ ਵੱਖ ਵੱਖ ਸੈਂਟਰਾਂ ਦਾ ਦੌਰਾ ਕੀਤਾ ਅਤੇ ਪ੍ਰੀਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਪ੍ਰਬੰਧ ਬਹੁਤ ਹੀ ਬਿਹਤਰੀਨ ਸਨ। ਸਟਾਫ਼ ਬਹੁਤ ਹੀ ਤਨਦੇਹੀ ਨਾਲ ਡਿਊਟੀ ਨਿਭਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬਲਾਕ ਵਿਕਾਸ ਅਧਿਕਾਰੀਆਂ ਅਤੇ ਪੰਚਾਇਤ ਅਧਿਕਾਰੀਆਂ ਨੇ ਵੀ ਵੱਖ ਵੱਖ ਸਕੂਲਾਂ ਦਾ ਦੌਰਾ ਕੀਤਾ।

# ਜ਼ਿਲ੍ਹੇ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਦੀ ਕਟਾਈ 'ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਡੀਲਿਸਟ ਏਰੀਏ ਵਿਚੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਬਹੁਤ ਹੀ ਮਹੱਤਵਪੂਰਨ ਰੁੱਖਾਂ ਦੇ ਕੱਟਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੇਕਰ ਉਕਤ ਰੁੱਖਾਂ ਨੂੰ ਵਿਸ਼ੇਸ਼ ਹਾਲਾਤ ਵਿਚ ਕੱਟਣਾ ਜ਼ਰੂਰੀ ਹੋਵੇ, ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ 1900 ਦਫ਼ਾ-4 ਅਤੇ 5 ਅਧੀਨ ਬੰਦ ਰਕਬੇ ਵਿਚ ਪਰਮਿਟ ਦੇਣ ਲਈ ਅਪਣਾਈ ਜਾਂਦੀ ਹੈ। ਜੇਕਰ ਡੀਲਿਸਟ ਏਰੀਏ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਕਿਸੇ ਵੀ ਜਗ੍ਹਾਂ ਤੇ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਦਰਖੱਤਾਂ ਨੂੰ ਕੱਟਣਾ ਜ਼ਰੂਰੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਤੋਂ ਲੈਣ ਉਪਰੰਤ ਹੀ ਕੱਟੇ ਜਾਣ। ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਲੋਕਾਂ ਵੱਲੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਨੂੰ ਬਿਨਾਂ ਵਜ੍ਹਾ ਕੱਟਿਆ ਜਾ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ-ਬਸੇਰਾ ਵੀ ਆਮ ਤੌਰ 'ਤੇ ਇਨ੍ਹਾਂ ਵੱਡੇ ਦਰੱਖਤਾਂ 'ਤੇ ਹੁੰਦਾ ਹੈ। ਅਜਿਹੇ ਰੁੱਖਾਂ ਦੀ ਕਟਾਈ ਨਾਲ ਜਿਥੇ ਵਾਤਾਵਰਨ 'ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੰਛੀਆਂ ਦੇ ਰੈਣ-ਬਸੇਰੇ 'ਤੇ ਵੀ ਪ੍ਰਤੀਕੂਲ ਅਸਲ ਪੈਂਦਾ ਹੈ।

# ਸਰਕਾਰੀ ਕਾਲਜ ਵਿੱਚ "ਨਸ਼ਾ ਮੁਕਤ ਦਿਵਸ" ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਯੁਵਕ ਸੇਵਾਵਾਂ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਰਵੀ ਪਾਲ ਦੀ ਅਗਵਾਈ ਵਿੱਚ ਕਾਲਜ ਦੇ ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਪ੍ਰੋ।ਵਿਜੇ ਕੁਮਾਰ ਦੇ ਸਹਿਯੋਗ ਨਾਲ ''ਨਸ਼ਾ ਮੁਕਤ ਦਿਵਸ'' ਮਨਾਇਆ ਗਿਆ। ਜਿਸ ਵਿੱਚ ਸੈਮੀਨਾਰ, ਪੋਸਟਰ ਬਣਾਉਣ, ਭਾਸ਼ਣ ਕਰਵਾਉਣ, ਲੇਖ ਕਰਵਾਉਣ, ਰੈਲੀ ਕੱਢਣ ਅਤੇ ਸਹੁੰ ਚੁੱਕ ਪ੍ਰੋਗਰਾਮ ਕਰਵਾਏ ਗਏ। ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਵਿਜੇ ਕੁਮਾਰ ਨੇ ਨਸ਼ਿਆ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਨਸ਼ਿਆਂ ਦੀਆਂ ਕਿਸਮਾਂ ਵਿੱਚ ਆਏ ਹੋਏ ਬਦਲਾਵ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਅੱਜ-ਕੱਲ ਅਜਿਹੇ ਨਸ਼ੇ ਆ ਗਏ ਹਨ ਜਿਨ੍ਹਾਂ ਦੇ ਖਾਣ ਦਾ ਨਸ਼ੇੜੀ ਦੇ ਪਰਿਵਾਰਕ ਮੈਂਬਰਾਂ ਨੂੰ ਕੁਝ ਵੀ ਪਤਾ ਨਹੀ ਲੱਗਦਾ। ਅਜਿਹੇ ਨਸ਼ੇ ਕਰਨ ਵਾਲੇ ਆਪਣਿਆਂ ਨੂੰ ਧੋਖਾ ਦੇ ਕੇ ਆਪਣਾ ਹੀ ਨੁਕਸਾਨ ਕਰ ਰਹੇ ਹਨ। ਅੱਜ-ਕੱਲ ਨਸ਼ਿਆਂ ਤੋਂ ਹੀ ਨਹੀਂ ਬਲਕਿ ਰੋਜ਼ਾਨਾ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਵੀ ਨਸ਼ੀਲੇ ਪਦਾਰਥਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਕਿ ਮੌਤ ਦਾ ਕਾਰਨ ਵੀ ਬਣਦੇ ਹਨ। ਸਾਨੂੰ ਨਸ਼ਿਆਂ ਤੋਂ ਹੀ ਨਹੀਂ ਅਜਿਹੀਆਂ ਵਸਤੂਆਂ ਤੋਂ ਵੀ ਆਪਣਾ ਬਚਾਵ ਕਰਨਾ ਹੋਵੇਗਾ। ਉਹਨਾਂ ਨਸ਼ਿਆਂ ਦੀਆਂ ਬੁਰਾਈਆਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਕਰਵਾਏ ਭਾਸ਼ਣ ਮੁਕਾਬਲੇ ਵਿੱਚ ਖੁਸ਼ਬੂ ਨੇ ਪਹਿਲਾ, ਹਰਮਨ ਸਿਧੂ ਨੇ ਦੂਸਰਾ, ਆਦਰਸ਼ ਕੁਮਾਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪੋਸਟਰ ਬਣਾਉਣ ਵਿੱਚ ਅਰਸ਼ ਨੇ ਪਹਿਲਾ, ਸਾਹਿਲ ਨੇ ਦੂਸਰਾ ਅਤੇ ਖੁਸ਼ਬੂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਲੇਖਣ ਮੁਕਾਬਲੇ ਵਿੱਚ ਖੁਸ਼ਬੂ ਨੇ ਪਹਿਲਾ, ਸਾਹਿਲ ਨੇ ਦੂਸਰਾ ਅਤੇ ਅਰਸ਼ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਵਿੱਚ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਰੈਲੀ ਕੱਢੀ ਗਈ ਅਤੇ ਨਸ਼ੇ ਨਾ ਕਰਨ ਦੀ ਸਹੁੰ ਚੁਕਾਈ ਗਈ। ਪ੍ਰੋ. ਵਿਜੇ ਕੁਮਾਰ, ਅਸਿਸਟੈਂਟ ਪ੍ਰੋਫੈਸਰ ਡਾ. ਅਰੁਣਾ ਰਾਣੀ, ਡਾ. ਪਰਮਜੀਤ ਕੌਰ, ਸ਼੍ਰੀ ਸੂਰਜ ਕੁਮਾਰ, ਮਿਸ ਸ਼ਚੀ, ਡਾ. ਨੀਤੀ ਸ਼ਰਮਾ, ਡਾ. ਤਜਿੰਦਰ ਕੌਰ, ਸ਼੍ਰੀ ਨਿਰਮਲ ਸਿੰਘ ਤੋਂ ਇਲਾਵਾ ਲੱਗਭੱਗ 100 ਦੇ ਕਰੀਬ ਵਿਦਿਆਰਥੀ ਹਾਜ਼ਰ ਹੋਏ। ਇਸ ਮੌਕੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।




# ਸੇਵਾ ਕੇਂਦਰਾਂ ਵਿਚ ਨਵੀਆਂ ਸੇਵਾਵਾਂ ਸ਼ੁਰੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਸੇਵਾ ਕੇਂਦਰਾਂ ਵਿਚ ਅਸਲਾ-ਮੁਕਤ ਖੇਤਰ, ਈ-ਸ਼੍ਰਮ ਅਤੇ ਅਸ਼ਟਾਮ ਲਾਇਸੰਸ ਸਬੰਧੀ ਤਿੰਨ ਹੋਰ ਨਵੀਆਂ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਸਰਕਾਰ ਵੱਲੋਂ ਕੁਝ ਖੇਤਰ (ਜਿਨ੍ਹਾਂ ਵਿਚ ਪੂਜਾ ਸਥਾਨ, ਮੈਰਿਜ ਪੈਲੇਸ, ਹੋਟਲ, ਗੈਸਟ ਹਾਊਸ, ਪਬਲਿਕ ਪਾਰਕ, ਸਰਕਾਰੀ ਦਫ਼ਤਰ, ਸ਼ਾਪਿੰਗ ਮਾਲ, ਸਿਨੇਮਾ ਹਾਲ ਆਦਿ ਸ਼ਾਮਲ ਹਨ) ਨਿਰਧਾਰਿਤ ਕੀਤੇ ਗਏ ਹਨ, ਜਿਥੇ ਕੋਈ ਵੀ ਅਸਲਾਧਾਰਕ ਵਿਅਕਤੀ ਆਪਣਾ ਅਸਲਾ ਨਹੀਂ ਲਿਜਾ ਸਕਦਾ ਅਤੇ ਨਾ ਹੀ ਉਥੇ ਅਸਲੇ ਦੀ ਵਰਤੋਂ ਕਰ ਸਕਦਾ ਹੈ। ਉਪਰੋਕਤ ਥਾਵਾਂ ਦੇ ਪ੍ਰਬੰਧਕਾਂ ਨੂੰ ਅਸਲਾਧਾਰਕ ਮੁਕਤ ਖੇਤਰਾਂ ਲਈ ਇਹ ਸਰਟੀਫਿਕੇਟ ਲੈਣਾ ਲਾਜ਼ਮੀ ਹੋਵੇਗਾ ਅਤੇ ਇਹ ਸਰਟੀਫਿਕੇਟ ਹੁਣ ਸੇਵਾ ਕੇਂਦਰ ਵਿਚ ਅਸਲਾ-ਮੁਕਤ ਖੇਤਰ ਨਾਮ ਦੀ ਸੇਵਾ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸੇਵਾ ਕੇਂਦਰਾਂ ਵਿਚ ਦੂਜੀ ਨਵੀਂ ਸੇਵਾ ਈ-ਸ਼੍ਰਮ ਨਾਮ ਵਾਲੀ ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਵਿਅਕਤੀ ਆਪਣਾ ਲੇਬਰ ਰਿਕਾਰਡ ਦਰਜ ਕਰਵਾ ਸਕਦਾ ਹੈ। ਇਸ ਸਰਵਿਸ ਨੂੰ ਕੋਈ ਵੀ ਵਿਅਕਤੀ ਅਪਲਾਈ ਕਰਵਾ ਸਕਦਾ ਹੈ, ਪਰ ਇਸ ਸਰਵਿਸ ਲਈ ਬਿਨੈਕਾਰ ਦਾ ਕਿਸੇ ਵੀ ਤਰ੍ਹਾਂ ਦਾ ਸਰਕਾਰੀ ਜਾਂ ਗੈਰ ਸਰਕਾਰੀ ਫ਼ੰਡ ਨਾ ਕੱਟਦਾ ਹੋਵੇ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਆਨਲਾਈਨ ਨਵਾਂ ਅਸ਼ਟਾਮ ਲਾਇਸੰਸ ਬਣਵਉਣ ਜਾਂ ਨਵਿਆਉਣ ਲਈ ਸੇਵਾ ਕੇਂਦਰਾਂ ਵਿਚ ਸੇਵਾ ਸ਼ੁਰੂ ਕੀਤੀ ਗਈ ਹੈ ਉਨ੍ਹਾਂ ਕਿਹਾ ਕਿ ਇਹ ਤਿੰਨੇ ਨਵੀਆਂ ਸੇਵਾਵਾਂ ਜ਼ਿਲ੍ਹੇ ਦੇ ਸੇਵਾ ਕੇਂਦਰਾਂ ਵਿਚ ਸ਼ੁਰੂ ਹੋ ਗਈਆਂ ਹਨ ਅਤੇ ਜ਼ਿਲ੍ਹਾ ਵਾਸੀ ਇਨ੍ਹਾਂ ਦਾ ਲਾਭ ਉਠਾ ਸਕਦੇ ਹਨ।

# ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਕੰਨਿਆ ਸਕੂਲ ਰਾਂਹੋ ਵਿਖੇ ਲਗਾਇਆ ਟ੍ਰੇਨਿੰਗ ਕੈਂਪ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਐਨ.ਡੀ.ਆਰ.ਐਫ ਟੀਮ ਬਠਿੰਡਾ ਵੱਲੋਂ ਸਬ ਇੰਸਪੈਕਟਰ ਦਵਿੰਦਰ ਸਿੰਘ ਰਾਠੌਰ ਦੀ ਅਗਵਾਈ ਹੇਠ ਟੀਮ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਂਹੋ ਵਿਖੇ ਸਮੂਹ ਵਿਦਿਆਰਥਣਾਂ ਅਤੇ ਸਟਾਫ ਮੈਂਬਰਾਂ ਲਈ ਵੱਖ-ਵੱਖ ਤਰੀਕਿਆਂ ਰਾਂਹੀ ਕੁਦਰਤੀ ਆਫ਼ਤਾਂ ਜਾਂ ਹੰਗਾਮੀ ਸਥਿਤੀ ਮੌਕੇ ਬਚਾਅ ਵਾਸਤੇ ਟ੍ਰੇਨਿੰਗ ਕੈਂਪ ਲਗਾਇਆ ਗਿਆ। ਉਨ੍ਹਾਂ ਵੱਲੋਂ ਭੁਚਾ.ਲ ਤੋਂ ਬਚਾਅ, ਅੱਗ ਨੂੰ ਕੰਟਰੋਲ ਕਰਨਾ, ਦਿਲ ਦੇ ਦੌਰੇ ਤੋਂ ਬਚਾਅ, ਹੜ੍ਹ ਆਉਣ ਤੇ ਤੈਰਨ, ਸਟਰੈਚਰ ਤਿਆਰ ਕਰਨ, ਅੱਖ ਨਿਕਲਣ ਤੋਂ ਬਚਾਅ, ਸੱਟ ਲੱਗਣ 'ਤੇ ਖੂਨ ਦੇ ਵਹਾਅ ਨੂੰ ਰੋਕਣ ਆਦਿ ਦੇ ਵੱਖ-ਵੱਖ ਤਰੀਕੇ ਸਮਝਾਏ, ਜਿਨ੍ਹਾਂ ਨਾ.ਲ ਅਸੀਂ ਆਮ ਲੋਕਾਂ ਦੀਆਂ ਜਾਨਾਂ ਬਚਾਉਣ ਵਿਚ ਆਪਣਾ ਯੋਗਦਾਨ ਪਾ ਸਕਦੇ ਹਾਂ।ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਸਿੰਘ ਵੱਲੋਂ ਦਵਿੰਦਰ ਸਿੰਘ ਰਾਠੌਰ ਅਤੇ ਉਨ੍ਹਾਂ ਦੀ ਟੀਮ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਸਨਮਾਨ ਵੀ ਕੀਤਾ। ਟੀਮ ਵਿਚ ਸਹਾਇਕ ਇੰਸਪੈਕਟਰ ਸਤਪਾਲ ਸਿੰਘ, ਖੰਡੇ ਰਾ ਸਤੀਸ਼, ਵਰਿੰਦਰ ਕੁਮਾਰ, ਸੁਭਾਸ਼ ਚੰਦ, ਸ਼ਿਵ ਸਿੰਘ, ਰਾਜ ਕੁਮਾਰ, ਏਕਤਾ, ਦੇਵ ਸ਼੍ਰੀ ਰਾਣਾ ਸ਼ਾਮਿਲ ਸਨ। ਇਸ ਮੌਕੇ ਦਵਿੰਦਰ ਕੌਰ, ਸਤਨਾਮ ਸਿੰਘ, ਗੁਰਸ਼ਰਨਦੀਪ, ਚਰਨਜੀਤ ਸਿੰਘ, ਹਰਜਿੰਦਰ ਲਾਲ, ਰਾਜਨ ਰਾਣਾ, ਸੁਖਮਿੰਦਰ ਕੌਰ, ਸਤਿੰਦਰ ਕੌਰ, ਗਗਨਦੀਪ, ਹਰਜੀਤ ਕੌਰ, ਬਲਦੇਵ ਕ੍ਰਿਸ਼ਨ, ਸੋਨਾ ਸ਼ਰਮਾ, ਰਵਦੀਪ ਕੌਰ, ਸਤਿੰਦਰਪਾਲ ਕੌਰ, ਸੰਦੀਪ ਕੌਰ, ਜਸਵਿੰਦਰ ਕੌਰ, ਸੰਗੀਤਾ, ਨੀਲਮ ਰਾਣੀ, ਕਮਲਦੀਪ, ਰਘਵਿੰਦਰ ਕੌਰ, ਕਰਮਜੀਤ ਕੌਰ, ਬਲਵਿੰਦਰ ਕੌਰ, ਪ੍ਰੀਤੀ ਲਿਆਲ, ਜਸਵੀਰ ਰਾਜ, ਰੇਨੂੰ,ਰਣਜੀਤ ਕੌਰ, ਰਾਜਵਿੰਦਰ ਸੰਧੂ, ਨਿਧੀ ਉੱਮਟ, ਰਾਕੇਸ਼ ਰਾਣੀ, ਨਿਰਮਲਜੀਤ ਕੌਰ, ਮਨਦੀਪ ਕੌਰ, ਸੰਗੀਤਾ ਰਾਣੀ, ਰਮਨਦੀਪ ਸਿੰਘ, ਕੈਂਪਸ ਮੈਨੇਜ਼ਰ ਰਾਜਿੰਦਰ ਨਾਥ ਆਦਿ ਹਾਜ਼ਰ ਸਨ।

## ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 139ਵਾਂ ਜਨਮ ਦਿਨ

# ਉਨ੍ਹਾਂ ਦੇ ਜਨਮ ਸਥਾਨ ਪਿੰਡ ਮੁਗੋਵਾਲ ਵਿੱਚ ਗਰਾਮ ਪੰਚਾਇਤ ਦੀ ਅਗਵਾਈ ਵਿੱਚ ਮਨਾਇਆ ਗਿਆ

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ 139ਵਾਂ ਜਨਮ ਦਿਵਸ ਉਨ੍ਹਾਂ ਦੇ ਜਨਮ ਸਥਾਨ ਪਿੰਡ ਮੁੱਗੋਵਾਲ ਵਿੱਚ ਗ੍ਰਾਮ ਪੰਚਾਇਤ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਮੌਕੇ ਪ੍ਰਬੰਧਕੀ ਟੀਮ ਦੇ ਆਗੂ ਸ਼੍ਰੀ ਰੋਸ਼ਨ ਭਾਰਤੀ ਨੇ ਆਏ ਹੋਏ ਮਹਿਮਾਨਾ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਕਿਸੇ ਵੀ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਮਾਜ ਦੇ ਬੁੱਧੀਜੀਵੀਆਂ ਦਾ ਵਿਸ਼ੇਸ ਯੋਗਦਾਨ ਹੁੰਦਾ ਹੈ ਅਤੇ ਅੱਜ ਦੇ ਇਸ ਸਮਾਰੋਹ ਵਿੱਚ ਵੱਖ ਵੱਖ ਬੁੱਧੀਜੀਵੀਆਂ ਦਾ ਸ਼ਾਮਿਲ ਹੋਣਾ ਮਾਣ ਵਾਲੀ ਗੱਲ ਹੈ। ਸਰਪੰਚ ਭੁਪਿੰਦਰ ਸਿੰਘ ਦੀ ਅਗਵਾਈ ਵਿੱਚ ਹਾਜਰ ਵਿਅਕਤੀਆਂ ਅਤੇ ਮਹਿਮਾਨਾਂ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਬੁੱਤ ਤੇ ਹਾਰ ਪਾਕੇ ਉਨ੍ਹਾਂ ਵਲੋਂ ਚਲਾਏ ਮਿਸ਼ਨ ਨੂੰ ਅੱਗੇ ਚਲਾਉਣ ਦਾ ਵਿਸ਼ਵਾਸ਼ ਦਵਾਇਆ। ਇਸ ਮੌਕੇ ਹਾਜਰ ਲੋਕਾਂ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵਲੋਂ ਕੀਤੇ ਗਏ ਸੰਘਰਸ਼ ਅਤੇ ਦਰਸਾਏ ਰਸਤੇ ਤੇ ਚੱਲਕੇ ਪੀੜ੍ਹਿਤ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਘੋਸ਼ਣਾ ਕੀਤੀ।

ਇਸ ਮੌਕੇ ਬਹੁਜਨ ਅੰਦੋਲਨ ਦੇ ਕਰਾਂਤੀਕਾਰੀ ਗਾਇਕ ਹਰਨਾਮ ਸਿੰਘ ਬਹਿਬਲਪੁਰੀ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਮਿਸ਼ਨ ਨੂੰ ਸਮਰਪਿਤ ਰਚਨਾਵਾਂ ਪੇਸ ਕੀਤੀਆਂ। ਸਮਾਗਮ ਦੇ ਮੁੱਖ ਬੁਲਾਰੇ ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਪੜਪੋਤਾ ਸੁਭਾਸ਼ ਗੰਗੜ, ਸਤਵਿੰਦਰ ਮਦਾਰਾ ਆਦਿ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ। ਉਸ ਵੇਲੇ ਅਛੂਤਾਂ ਨੂੰ ਕਈ ਅਧਿਕਾਰਾਂ ਤੋਂ ਬਾਂਝੇ ਰੱਖਿਆ ਗਿਆ ਸੀ ਅਤੇ ਇਨ੍ਹਾਂ ਅਧਿਕਾਰਾਂ ਲਈ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਸੰਘਰਸ਼ ਕੀਤਾ। ਉਨ੍ਹਾਂ ਦੱਸਿਆ ਕਿ ਆਪ 1909 ਵਿੱਚ ਯੂ ਐਸ ਏ ਚਲੇ ਗਏ। ਆਪ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਸਾਲ 1915 ਵਿੱਚ ਆਪ ਦੀ ਅਗਵਾਈ ਵਿੱਚ ਇੱਕ ਸਮੁੰਦਰੀ ਬੇੜੇ ਵਿੱਚ ਭਾਰਤ ਲਈ ਹਥਿਆਰ ਲੈਕੇ ਜਾਣਾ ਸੀ ਜਿਸਨੂੰ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ 1925 ਵਿੱਚ ਭਾਰਤ ਆ ਪਹੁੰਚੇ। ਆਪ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ।

11 ਅਤੇ 12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ ਅਤੇ ਆਦਿ ਧਰਮ ਮੰਡਲ ਦੀ ਸਥ੍ਰਾਪਨਾ ਕੀਤੀ।

ਆਦਿ ਧਰਮ ਮੰਡਲ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ਼੍ਰੀਦਣ ਦਾ ਅਧਿਕਾਰ ਮਿਲਿਆ, ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ, ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਲੱਗਭੱਗ 418789 ਲੋਕਾਂ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। 1930, 1931 ਅਤੇ 1932 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦਿ ਧਰਮ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ। 1932 ਵਿੱਚ ਦਲਿਤਾਂ ਨੂੰ ਮਿਲੇ ਦੋਹਰੀ ਵੋਟ ਦੇ ਅਧਿਕਾਰ ਦੇ ਹੱਕ ਵਿੱਚ ਇਨ੍ਹਾਂ ਆਗੂਆਂ ਨੇ ਗਾਂਧੀ ਖਿਲਾਫ ਮਰਨ ਵਰਤ ਰੱਖਿਆ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 1946 ਵਿੱਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਆਪ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਨੂੰ ਸਮੱਰਥਨ ਦੇਣ ਦੀ ਆਫਰ ਠੁਕਰਾਕੇ ਦੇਸ਼ ਭਗਤੀ ਵਿਖਾਈ।

ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਪ੍ਰਬੰਧਕਾਂ ਵਲੋਂ ਪਿੰਡ ਦੀ ਪੰਚਾਇਤ ਅਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨ ਦਾਸ, ਪ੍ਰਸ਼ਾਂਤ, ਨਿਰਮਲ, ਪ੍ਰੀਤਮ ਦਾਸ ਮੱਲ, ਨਿਰਪਿੰਦਰ ਸਿੰਘ, ਬਲਵਿੰਦਰ, ਪੰਚ ਹਰਮਨ, ਸੂਰਜ, ਨਿਰਮਲ, ਹਰਸ਼, ਚਰਨ ਕੌਰ, ਹਰਭਜਨ ਸਿੰਘ, ਨਿਰਮਲ ਸਿੰਘ, ਕਰਮਜੀਤ ਸਿੰਘ, ਮਹਿੰਦਰ ਕੌਰ, ਮਨਜਿੰਦਰ ਸਿੰਘ, ਪਰਮਵੀਰ, ਇੰਦਰ, ਰਵੀ ਚੁੰਬਰ, ਦੇਸ ਰਾਜ, ਜਸਪਾਲ, ਧੀਰਜ ਆਦਿ ਹਾਜਰ ਸਨ। ਸਰਪੰਚ ਭੁਪਿੰਦਰ ਸਿੰਘ ਸਾਂਘਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਤਾ ਕਿ ਲੋਕਾਂ ਦੇ ਸਹਿਯੋਗ ਨਾਲ ਪਿੰਡ ਵਿੱਚ ਗਦਰ ਲਹਿਰ ਨਾਲ ਜੁੜ੍ਹੇ ਰਹੇ ਆਗੂਆਂ ਦੀ ਯਾਦਗਾਰ ਉਸਾਰੀ ਜਾਵੇਗੀ ਅਤੇ ਹਰ ਸਾਲ ਇਨ੍ਹਾਂ ਆਗੂਆਂ ਸਬੰਧੀ ਵਿਸ਼ਾਲ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ।















# ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ









ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਉਨ੍ਹਾਂ ਦੇ ਜਨਮ ਸਥਾਨ ਪਿੰਡ ਮੁਗੋਵਾਲ ਵਿੱਚ ਗਰਾਮ ਪੰਚਾਇਤ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਮੌਕੇ ਪ੍ਰਬੰਧਕੀ ਟੀਮ ਦੇ ਆਗੂ ਰੋਸ਼ਨ ਭਾਰਤੀ ਨੇ ਆਏ ਹੋਏ ਮਹਿਮਾਨਾ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਕਿਸੇ ਵੀ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਮਾਜ ਦੇ ਬੁੱਧੀਜੀਵੀਆਂ ਦਾ ਵਿਸ਼ੇਸ ਯੋਗਦਾਨ ਹੁੰਦਾ ਹੈ ਅਤੇ ਅੱਜ ਦੇ ਇਸ ਸਮਾਰੋਹ ਵਿੱਚ ਵੱਖ ਵੱਖ ਬੁੱਧੀਜੀਵੀਆਂ ਦਾ ਸ਼ਾਮਿਲ ਹੋਣਾ ਮਾਣ ਵਾਲੀ ਗੱਲ ਹੈ। ਸਰਪੰਚ ਭੁਪਿੰਦਰ ਸਿੰਘ ਦੀ ਅਗਵਾਈ ਵਿੱਚ ਹਾਜਰ ਵਿਅਕਤੀਆਂ ਅਤੇ ਮਹਿਮਾਨਾ ਨੇ ਬਾਬੂ ਮੰਗੂ ਰਾਮ ਦੇ ਬੁੱਤ ਤੇ ਹਾਰ ਪਾਕੇ ਉਨ੍ਹਾਂ ਵਲੋਂ ਚਲਾਏ ਮਿਸ਼ਨ ਨੂੰ ਅੱਗੇ ਚਲਾਉਣ ਦਾ ਵਿਸ਼ਵਾਸ਼ ਦਵਾਇਆ।

ਇਸ ਮੌਕੇ ਹਾਜਰ ਲੋਕਾਂ ਨੇ ਬਾਬੂ ਜੀ ਵਲੋਂ ਕੀਤੇ ਗਏ ਸੰਘਰਸ਼ ਅਤੇ ਦਰਸਾਏ ਰਸਤੇ ਤੇ ਚੱਲਕੇ ਪੀੜ੍ਹਿਤ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਘੋਸ਼ਣਾ ਕੀਤੀ। ਇਸ ਮੌਕੇ ਬਹੁਜਨ ਅੰਦੋਲਨ ਦੇ ਕਰਾਂਤੀਕਾਰੀ ਗਾਇਕ ਹਰਨਾਮ ਸਿੰਘ ਬਹਿਬਲਪੁਰੀ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜੀਵਨ ਅਤੇ ਮਿਸ਼ਨ ਨੂੰ ਸਮਰਪਿਤ ਰਚਨਾਵਾਂ ਪੇਸ ਕੀਤੀਆਂ। ਸਮਾਗਮ ਦੇ ਮੁੱਖ ਬੁਲਾਰੇ ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਪੜਪੋਤਾ ਸੁਭਾਸ਼ ਗੰਗੜ, ਸਤਵਿੰਦਰ ਮਦਾਰਾ ਆਦਿ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ। ਉਸ ਵੇਲੇ ਅਛੂਤਾਂ ਨੂੰ ਕਈ ਅਧਿਕਾਰਾਂ ਤੋਂ ਬਾਂਝੇ ਰੱਖਿਆ ਗਿਆ ਸੀ ਅਤੇ ਇਨ੍ਹਾਂ ਅਧਿਕਾਰਾਂ ਲਈ ਬਾਬੂ ਜੀ ਨੇ ਸੰਘਰਸ਼ ਕੀਤਾ। ਉਨ੍ਹਾਂ ਦੱਸਿਆ ਕਿ ਆਪ 1909 ਵਿੱਚ ਯੂ ਐਸ ਏ ਚਲੇ ਗਏ। ਆਪ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਸਾਲ 1915 ਵਿੱਚ ਆਪ ਦੀ ਅਗਵਾਈ ਵਿੱਚ ਇੱਕ ਸਮੁੰਦਰੀ ਬੇੜੇ ਵਿੱਚ ਭਾਰਤ ਲਈ ਹਥਿਆਰ ਲੈਕੇ ਜਾਣਾ ਸੀ ਜਿਸਨੂੰ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ।

ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ 1925 ਵਿੱਚ ਭਾਰਤ ਆ ਪਹੁੰਚੇ। ਆਪ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ। 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ ਅਤੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ। ਆਦਿ ਧਰਮ ਮੰਡਲ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ, ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ, ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਗਈਆਂ।

ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਲੱਗਭੱਗ 418789 ਲੋਕਾਂ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦਿ ਧਰਮ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ। 1932 ਵਿੱਚ ਦਲਿਤਾਂ ਨੂੰ ਮਿਲੇ ਦੋਹਰੀ ਵੋਟ ਦੇ ਅਧਿਕਾਰ ਦੇ ਹੱਕ ਵਿੱਚ ਇਨ੍ਹਾਂ ਆਗੂਆਂ ਨੇ ਗਾਂਧੀ ਖਿਲਾਫ ਮਰਨ ਵਰਤ ਰੱਖਿਆ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਆਪ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਨੂੰ ਸਮੱਰਥਨ ਦੇਣ ਦੀ ਆਫਰ ਠੁਕਰਾਕੇ ਦੇਸ਼ ਭਗਤੀ ਵਿਖਾਈ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ।

ਪ੍ਰਬੰਧਕਾਂ ਵਲੋਂ ਪਿੰਡ ਦੀ ਪੰਚਾਇਤ ਅਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨ ਦਾਸ, ਪ੍ਰਸ਼ਾਂਤ, ਨਿਰਮਲ, ਪ੍ਰੀਤਮ ਦਾਸ ਮੱਲ, ਨਿਰਪਿੰਦਰ ਸਿੰਘ, ਬਲਵਿੰਦਰ, ਪੰਚ ਹਰਮਨ, ਸੂਰਜ, ਨਿਰਮਲ, ਹਰਸ਼, ਚਰਨ ਕੌਰ, ਹਰਭਜਨ ਸਿੰਘ, ਨਿਰਮਲ ਸਿੰਘ, ਕਰਮਜੀਤ ਸਿੰਘ, ਮਹਿੰਦਰ ਕੌਰ, ਮਨਜਿੰਦਰ ਸਿੰਘ, ਪਰਮਵੀਰ, ਇੰਦਰ, ਰਵੀ ਚੁੰਬਰ, ਦੇਸ ਰਾਜ, ਜਸਪਾਲ, ਧੀਰਜ ਆਦਿ ਹਾਜਰ ਸਨ। ਸਰਪੰਚ ਭੁਪਿੰਦਰ ਸਿੰਘ ਸਾਂਘਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਤਾ ਕਿ ਲੋਕਾਂ ਦੇ ਸਹਿਯੋਗ ਨਾਲ ਪਿੰਡ ਵਿੱਚ ਗਦਰ ਲਹਿਰ ਨਾਲ ਜੁੜ੍ਹੇ ਰਹੇ ਆਗੂਆਂ ਦੀ ਯਾਦਗਾਰ ਉਸਾਰੀ ਜਾਵੇਗੀ ਅਤੇ ਹਰ ਸਾਲ ਇਨ੍ਹਾਂ ਆਗੂਆਂ ਸਬੰਧੀ ਵਿਸ਼ਾਲ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ।

**-ਕੁਲਦੀਪ ਚੰਦ, ਐਡਵੋਕੇਟ**

# ਇਟਲੀ 'ਚ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਨ ਨੂੰ ਸਮਰਪਿਤ ਰਿਜੋਮਿਲੀਆ 'ਚ ਵਿਸ਼ੇਸ਼ ਸਮਾਗਮ ਦਾ ਆਯੋਜਨ

## ਇਸ ਸਮਾਗਮ ਵਿੱਚ ਕੌਮੀ ਪ੍ਰਚਾਰਕ ਜਸਬੀਰ ਪਾਰਸ ਅਤੇ ਗਾਇਕ ਸੰਦੀਪ ਲੋਈ ਵੀ ਸੰਗਤਾਂ ਦੇ ਰੂ-ਬਰੂ ਹੋਏ










**ਰੋਮ (ਇਟਲੀ) ਟੇਕ ਚੰਦ ਜਗਤਪੁਰ-** ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਮਿਲੀਆ (ਇਟਲੀ) ਵੱਲੋਂ ਮਹਾਨ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 139ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦਾ ਆਯੋਜਿਨ ਫੌਸਦੌਨਦੋ ਦੀ ਕਰੇਜੋ (ਰਿਜੋਇਮੀਲੀਆ) ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ ।ਇਸ ਸਮਾਗਮ ਵਿੱਚ ਸੰਗਤਾਂ ਨੇ ਹੁੰਮ - ਹੁੰਮਾ ਕੇ ਸ਼ਿਰਕਤ ਕੀਤੀ।

ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਅਖੰਡ ਜਾਪ ਦੇ ਭੋਗ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੀ ਜਸਬੀਰ ਪਾਰਸ ਜੋ ਕਿ ਇੰਡੀਆ ਤੋਂ ਉਚੇਚੇ ਤੌਰ ਤੇ ਯੂਰਪ ਦੌਰਾਨ ਇਟਲੀ ਵਿਖੇ ਕਰਵਾਏ ਗਏ ਇਸ ਸਮਾਗਮ ਵਿੱਚ ਪਹੁੰਚੇ ਸਨ , ਨੇ ਕਿਹਾ ਕਿ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਉਹ ਪ੍ਰਮੁੱਖ ਆਗੂ ਸਨ ਜਿਨਾਂ ਦਾ ਯੋਗਦਾਨ ਦੇਸ਼ ਦੀ ਆਜ਼ਾਦੀ ਦੀ ਲਹਿਰ ਦੇ ਵਿੱਚ ਵੀ ਰਿਹਾ ਅਤੇ ਉਹਨਾਂ ਦਲਿਤ ਭਾਈਚਾਰੇ ਦੇ ਆਗੂ ਹੁੰਦਿਆਂ ਅਛੂਤਾਂ ਦੇ ਹੱਕਾਂ ਦੀ ਪ੍ਰਾਪਤੀ ਨੂੰ ਪ੍ਰਣਾਈ ਜਥੇਬੰਦੀ ਆਦਿ ਧਰਮ ਲਹਿਰ ਦੀ ਨੀਂਹ ਰੱਖੀ। ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ 'ਚ 1937 'ਚ ਪੰਜਾਬ ਵਿਧਾਨ ਸਭਾ ਕੁੱਲ 8 ਰਿਜ਼ਰਵ ਸੀਟਾਂ ਵਿੱਚੋਂ 7 ਸੀਟਾਂ ਤੇ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚਿਆ ਅਤੇ ਇਸ ਤੋਂ ਬਾਅਦ 1946 ਵਿੱਚ ਹੁਸ਼ਿਆਰਪੁਰ ਤੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਜਨਰਲ ਸਕੱਤਰ ਪੰਮਾ ਲੁਧਾਣਾ ਨੇ ਕਿਹਾ ਕਿ ਸਾਡਾ ਸਮਾਜ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖੇਗਾ। ਗਾਇਕ ਸੰਦੀਪ ਲੋਈ ਨੇ ਬਾਬੂ ਮੰਗੂ ਰਾਮ ਜੀ ਦੀ ਖੂਬਸੂਰਤ ਰਚਨਾ ਪੇਸ਼ ਕਰਨ ਦੇ ਨਾਲ ਨਾਲ ਉਹਨਾਂ ਦੇ ਜੀਵਨ ਸਬੰਧੀ ਵੀ ਚਾਨਣਾ ਪਾਇਆ ।ਸ੍ਰੀ ਕਸ਼ਮੀਰ ਲਾਲ ਮਹਿਮੀ ਨੇ ਕਿਹਾ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸੰਘਰਸ਼ਮਈ ਜ਼ਿੰਦਗੀ ਸਮੁੱਚੇ ਦਲਿਤ ਸਮਾਜ ਲਈ ਪ੍ਰੇਰਨਾ ਸਰੋਤ ਹੈ, ਉਹ ਹਮੇਸ਼ਾ ਹੀ ਦਲਿਤ ਸਮਾਜ ਦੇ ਮਹਾਂ ਨਾਇਕ ਵਜੋਂ ਜਾਣੇ ਜਾਂਦੇ ਰਹਿਣਗੇ।

ਇਸ ਮੌਕੇ ਤੇ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸ਼ਖਸ਼ੀਅਤਾਂ ਤੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ। ਇਹ ਮੌਕੇ ਤੇ ਕੁਲਦੀਪ ਕੁਮਾਰ ਲੌਧੀਪੁਰ, ਰੇਸ਼ਮ ਸਿੰਘ ਬੱਧਣ ਮਨਦੀਪ ਮਹੇ, ਮਹਿੰਦਰ ਪਾਲ, ਹਰਜੀਤ ਸਿੰਘ ਹਨੀ, ਮੰਗਾ ਲੌਧਪੁਰੀਆ ਹਾਜ਼ਰ ਸਨ।

26 ਜਨਵਰੀ-ਗਣਤੰਤਰ ਦਿਵਸ

# ਭਾਰਤੀ ਦੂਤਾਵਾਸ ਵਲਿੰਗਟਨ ਵਿਖੇ ਸਵੇਰੇ ਸਵਾ 9 ਵਜੇ ਝੰਡਾ ਲਹਿਰਾਉਣ ਦੀ ਰਸਮ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀ ਸੰਵਿਧਾਨ ਨੂੰ ਲਾਗੂ ਹੋਇਆਂ 75 ਸਾਲ ਪੂਰੇ ਹੋਣ ਜਾ ਰਹੇ ਹਨ ਅਤੇ ਦੇਸ਼ 76ਵੇਂ ਸਾਲ ਦੇ ਵਿਚ ਆਪਣੇ ਸ਼ਕਤੀ ਪ੍ਰਦਰਸ਼ਨ ਦੇ ਨਾਲ ਦਾਖਲ ਹੋ ਰਿਹਾ ਹੈ। ਭਾਰਤ ਤੋਂ ਬਾਹਰ ਸਾਰੇ ਦੇਸ਼ਾਂ ਦੇ ਵਿਚ ਜਿੱਥੇ ਵੀ ਭਾਰਤੀ ਦੂਤਾਵਾਸ ਹਨ, ਉਥੇ ਵੀ 26 ਜਨਵਰੀ ਗਣਤੰਤਰ ਦਿਵਸ ਦੇ ਜਸ਼ਨ ਮਨਾਏ ਜਾਂਦੇ ਹਨ। ਵਲਿੰਗਟਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਦਫਤਰ 72 Pipitea Street, "horndon ਵਿਖੇ ਅਗਲੇ ਐਤਵਾਰ 26 ਜਨਵਰੀ ਨੂੰ ਸਵੇਰੇ 9.15 ਵਜੇ ਭਾਰਤੀ ਤਿਰੰਗਾ ਲਹਿਰਾਇਆ ਜਾਵੇਗਾ। ਦੇਸ਼ ਭਗਤੀ ਦੇ ਗੀਤ ਗਾਏ ਜਾਣਗੇ ਅਤੇ ਸਭਿਆਚਾਰਕ ਵੰਨਗੀਆਂ ਵੀ ਪੇਸ਼ ਹੋਣਗੀਆਂ। ਭਾਰਤੀ ਹਾਈ ਕਮਿਸ਼ਨ ਵੱਲੋਂ ਗੂਗਲ ਲਿੰਕ ਉਤੇ ਜਾ ਕੇ ਆਪਣਾ ਨਾਂਅ ਦਰਜ RSVP ਕਰਨ ਦੀ ਬੇਨਤੀ ਕੀਤੀ ਗਈ ਹੈ ਤਾਂ ਕਿ ਬੈਠਣ ਅਤੇ ਚਾਹ-ਪਾਣੀ ਦੇ ਪ੍ਰਬੰਧ ਹੋ ਸਕਣ। ਲੋਕਾਂ ਨੂੰ 9 ਵਜੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

ਔਕਲੈਂਡ ਆਫਿਸ: ਮਹਾਤਮਾ ਗਾਂਧੀ ਸੈਂਟਰ, 145 ਨੌਰਥ ਰੋਡ, ਔਕਲੈਂਡ ਵਿਖੇ ਵੀ 26 ਜਨਵਰੀ ਨੂੰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਕੀਤੀ ਜਾਵੇਗੀ। ਉਪਰੰਤ ਚਾਹਪਾਣੀ ਅਤੇ ਸਾਦੇ ਖਾਣੇ ਦਾ ਪ੍ਰਬੰਧ ਰਹੇਗਾ।

**26 ਜਨਵਰੀ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ ਗਣਤੰਤਰ ਦਿਵਸ?**

ਭਾਰਤ ਦਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ। ਇਹ ਇੱਕ ਖਾਸ ਦਿਨ ਕਿਉਂ ਹੈ? ਇਸ ਦਿਨ ਸਿਰਫ਼ ਰਾਸ਼ਟਰਪਤੀ ਹੀ ਤਿਰੰਗਾ ਕਿਉਂ ਲਹਿਰਾਉਂਦੇ ਹਨ? ਜਾਣੋ ਗਣਤੰਤਰ ਦਿਵਸ ਬਾਰੇ ਕੁਝ ਦਿਲਚਸਪ ਤੱਥ।

1. ਸੰਵਿਧਾਨ ਸਭਾ ਨੇ 26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਸੀ, ਇਸ ਨੂੰ 26 ਜਨਵਰੀ 1950 ਤੋਂ ਲਾਗੂ ਕੀਤਾ ਗਿਆ ਸੀ।

2. ਗਣਤੰਤਰ ਦਿਵਸ ’ਤੇ 26 ਜਨਵਰੀ 1950 ਨੂੰ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਨੇ ਪਹਿਲੀ ਵਾਰ ਤਿਰੰਗਾ ਲਹਿਰਾਇਆ ਸੀ। ਪਹਿਲੀ ਵਾਰ 21 ਤੋਪਾਂ ਦੀ ਸਲਾਮੀ ਦਿੱਤੀ ਗਈ ਸੀ।




3. ਗਣਤੰਤਰ ਦਿਵਸ ’ਤੇ ਪਹਿਲੀ ਵਾਰ ਵਿਦੇਸ਼ੀ ਮਹਿਮਾਨਾਂ ਨੂੰ ਬੁਲਾਉਣ ਦੀ ਪਰੰਪਰਾ ਵੀ ਉਸੇ ਸਮੇਂ ਤੋਂ ਸ਼ੁਰੂ ਹੋਈ ਸੀ।

4. ਸੁਤੰਤਰਤਾ ਅੰਦੋਲਨ ਤੋਂ ਲੈ ਕੇ ਸੰਵਿਧਾਨ ਨੂੰ ਲਾਗੂ ਕਰਨ ਤੱਕ 26 ਜਨਵਰੀ ਦੀ ਤਰੀਕ ਬਹੁਤ ਮਹੱਤਵਪੂਰਨ ਰਹੀ ਹੈ। 31 ਦਸੰਬਰ 1929 ਨੂੰ ਕਾਂਗਰਸ ਦੇ ਲਾਹੌਰ ਇਜਲਾਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਪਾਸ ਕੀਤੇ ਮਤੇ ਵਿੱਚ ਭਾਰਤ ਲਈ ਪੂਰਨ ਸਵਰਾਜ ਦੀ ਮੰਗ ਉਠਾਈ ਗਈ। ਇਸ ਦੌਰਾਨ ਕਿਹਾ ਗਿਆ ਕਿ ਜੇਕਰ 26 ਜਨਵਰੀ 1930 ਤੱਕ ਭਾਰਤ ਨੂੰ ਸਵਰਾਜ ਦਾ ਦਰਜਾ ਨਾ ਦਿੱਤਾ ਗਿਆ ਤਾਂ ਭਾਰਤ ਨੂੰ ਪੂਰੀ ਤਰ੍ਹਾਂ ਆਜ਼ਾਦ ਐਲਾਨ ਦਿੱਤਾ ਜਾਵੇਗਾ। ਤੁਹਾਨੂੰ ਦੱਸ ਦਈਏ ਕਿ ਆਜ਼ਾਦੀ ਤੋਂ ਪਹਿਲਾਂ 26 ਜਨਵਰੀ 1930 ਨੂੰ ਪਹਿਲੀ ਵਾਰ ਸੁਤੰਤਰਤਾ ਦਿਵਸ ਮਨਾਇਆ ਗਿਆ ਸੀ। ਇਸ ਦਿਨ ਪੰਡਿਤ ਜਵਾਹਰ ਲਾਲ ਨਹਿਰੂ ਨੇ ਤਿਰੰਗਾ ਲਹਿਰਾਇਆ ਸੀ। ਇਸ ਤਰ੍ਹਾਂ ਆਜ਼ਾਦੀ ਤੋਂ ਪਹਿਲਾਂ ਵੀ 26 ਜਨਵਰੀ ਨੂੰ ਆਜ਼ਾਦੀ ਦਿਵਸ ਰਸਮੀ ਤੌਰ ’ਤੇ ਮਨਾਇਆ ਜਾਂਦਾ ਸੀ।

5. ਸੰਪੂਰਨ ਸਵਰਾਜ ਦਾ ਪ੍ਰਸਤਾਵ 26 ਜਨਵਰੀ 1930 ਨੂੰ ਲਾਗੂ ਕੀਤਾ ਗਿਆ ਸੀ। ਇਸ ਤਰੀਕ ਨੂੰ ਮਹੱਤਵ ਦੇਣ ਲਈ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਕੀਤਾ ਗਿਆ ਸੀ। ਇਸ ਤੋਂ ਬਾਅਦ 26 ਜਨਵਰੀ ਨੂੰ ਗਣਤੰਤਰ ਦਿਵਸ ਐਲਾਨਿਆ ਗਿਆ।

6. 1950 ਨੂੰ ਦੇਸ਼ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚੱਕਰਵਰਤੀ ਰਾਜ-ਗੋਪਾਲਾਚਾਰੀ ਨੇ 26 ਜਨਵਰੀ ਨੂੰ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ।

7. ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਨੇ 26 ਜਨਵਰੀ 1950 ਨੂੰ ਦੇਸ਼ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਅਤੇ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ। ਇਸ ਤੋਂ ਬਾਅਦ ਤੋਪਾਂ ਦੀ ਸਲਾਮੀ ਦੀ ਪਰੰਪਰਾ ਸ਼ੁਰੂ ਹੋਈ।

8. 15 ਅਗਸਤ (ਆਜ਼ਾਦੀ ਦਿਵਸ) ਦੇ ਮੌਕੇ ’ਤੇ ਲਾਲ ਕਿਲੇ ’ਤੇ ਇੱਕ ਸਮਾਰੋਹ ਹੁੰਦਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਝੰਡਾ ਲਹਿਰਾਉਂਦੇ ਹਨ। ਜਦੋਂ ਕਿ 26 ਜਨਵਰੀ (ਗਣ-ਤੰਤਰ ਦਿਵਸ) ਦੇ ਮੌਕੇ ’ਤੇ ਰਾਜਪਥ (ਕਰਤੱਬ ਮਾਰਗ) ’ਤੇ ਜਸ਼ਨ ਦੀ ਰਸਮ ਹੁੰਦੀ ਹੈ। ਇਸ ਮੌਕੇ ਦੇਸ਼ ਦੇ ਸੰਵਿਧਾਨਕ ਮੁਖੀ ਤਿਰੰਗਾ ਲਹਿਰਾਉਂਦੇ ਹਨ।

9. ਪਹਿਲਾ ਗਣਤੰਤਰ ਦਿਵਸ ਸਮਾਰੋਹ 26 ਜਨਵਰੀ 1950 ਨੂੰ ਇਰਵਿਨ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਨੂੰ ਅੱਜਕੱਲ੍ਹ ਨੈਸ਼ਨਲ ਸਟੇਡੀਅਮ ਵਜੋਂ ਜਾਣਿਆ ਜਾਂਦਾ ਹੈ।

10. ਸਾਲ 1950 ਤੋਂ 1954 ਤੱਕ ਗਣਤੰਤਰ ਦਿਵਸ ਸਮਾਰੋਹ ਦਾ ਸਥਾਨ ਬਦਲਦਾ ਰਿਹਾ। ਇਸ ਦੌਰਾਨ ਇਹ ਸਮਾਗਮ ਇਰਵਿਨ ਸਟੇਡੀਅਮ, ਰਾਜਪਥ, ਲਾਲ ਕਿਲ੍ਹਾ ਅਤੇ ਕਿੰਗਸਵੇ ਕੈਂਪ ਵਿਖੇ ਕਰਵਾਇਆ ਗਿਆ।

11. ਸਾਲ 1955 ਵਿੱਚ ਰਾਜਪਥ ਉੱਤੇ ਪਹਿਲੀ ਵਾਰ ਗਣਤੰਤਰ ਦਿਵਸ ਪਰੇਡ ਦਾ ਆਯੋਜਨ ਕੀਤਾ ਗਿਆ ਸੀ। ਪਰੇਡ ਨੇ 8 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਪਰੇਡ ਰਾਇਸੀਨਾ ਪਹਾੜੀਆਂ ਤੋਂ ਸ਼ੁਰੂ ਹੋਈ। ਰਾਜਪਥ ਇੰਡੀਆ ਗੇਟ ਤੋਂ ਲੰਘ ਕੇ ਲਾਲ ਕਿਲ੍ਹੇ ’ਤੇ ਸਮਾਪਤ ਹੋਇਆ।

12. ਸਾਲ 2021 ਤੋਂ ਪਹਿਲਾਂ 1.25 ਲੱਖ ਲੋਕ ਗਣਤੰਤਰ ਦਿਵਸ ਪਰੇਡ ਦੇਖਦੇ ਸਨ। ਸਾਲ 2021 ’ਚ ਕੋਰੋਨਾ ਸੰਕਟ ਕਾਰਨ ਇਸ ਦੀ ਗਿਣਤੀ ਘੱਟ ਗਈ ਹੈ। ਹੁਣ ਇਕ ਸਮਰੱਥਾ ਅਨੁਸਾਰ ਲੋਕਾਂ ਨੂੰ ਹੀ ਆਉਣ ਦੀ ਇਜਾਜ਼ਤ ਹੈ।

13. ਆਜ਼ਾਦੀ ਦਿਵਸ ਵਾਲੇ ਦਿਨ ਝੰਡਾ ਹੇਠਾਂ ਤੋਂ ਉਪਰ ਚੜ੍ਹਾ ਕੇ ਲਹਿਰਾਇਆ ਜਾਂਦਾ ਹੈ ਜੋ ਕਿ ਨਵੇਂ ਰਾਸ਼ਟਰ ਦਾ ਸੰਕੇਤ ਦਿੰਦਾ ਹੈ ਅਤੇ 26 ਜਨਵਰੀ ਵਾਲੇ ਦਿਨ ਪੋਲ ਦੇ ਉਤੇ ਬੰਨ੍ਹੇ ਝੰਡੇ ਨੂੰ ਲਪੇਟ ਕੇ ਰੱਖਿਆ ਜਾਂਦਾ ਹੈ ਅਤੇ ਫਿਰ ਖੋਲ੍ਹਿਆ ਜਾਂਦਾ ਹੈ।

# ਨਾਂਅ ਨਰਕ ਦਾ ਦਰਵਾਜ਼ਾ-ਸੈਲਾਨੀਆਂ ਨੂੰ ਵੇਖਣ ਦੀ ਜਗਿਆਸਾ

**ਪੇਸ਼ਕਸ: ਹਰਜਿੰਦਰ ਸਿੰਘ ਬਸਿਆਲਾ**

**ਔਕਲੈਂਡ–** Gates of Hell: ਸਵਰਗ ਤੇ ਨਰਕ ਬਾਰੇ ਅਕਸਰ ਧਾਰਮਿਕ ਕਥਾਵਾਂ ਦੇ ਵਿਚ ਸੁਣਨ ਨੂੰ ਮਿਲਦਾ ਹੈ, ਪਰ ਇਸ ਬਾਰੇ ਕੋਈ ਬਹੁਤਾ ਪ੍ਰਮਾਣ ਦੇ ਨਾਲ ਨਹੀਂ ਜਾਣਦਾ। ਉਂਝ ਖਤਰਨਾਕ ਤੇ ਭਿਆਨਕ ਚੀਜ਼ ਜਾਂ ਥਾਂ ਨੂੰ ਨਰਕ ਕਹਿ ਦਿੱਤਾ ਜਾਂਦਾ ਹੈ ਤੇ ਚੰਗੀ ਚੀਜ਼ ਤੇ ਥਾਂ ਦੀ ਤੁਲਣਾ ਸਵਰਗ ਨਾਲ ਕਰ ਲਈ ਜਾਂਦੀ ਹੈ। ਜਿਵੇਂ ਕਿ ਨਿਊਜ਼ੀਲੈਂਡ ਨੂੰ ਵੀ ‘ਧਰਤੀ ਤੇ ਸਵਰਗ’ (Heaven on earth-ਹੈਵਨ ਆਨ ਅਰਥ) ਕਿਹਾ ਜਾਂਦਾ ਹੈ। ਅੱਜ ਮੈਂ ਤੁਹਾਨੂੰ ਦੁਨੀਆ ਦੀ ਇੱਕ ਅਜਿਹੀ ਥਾਂ ਬਾਰੇ ਦੱਸਣ ਜਾ ਰਿਹਾਂ ਹਾਂ, ਜਿਸ ਨੂੰ ਨਰਕ ਦਾ ਦਰਵਾਜ਼ਾ ਕਿਹਾ ਜਾਂਦਾ ਹੈ ਪਰ ਅੱਜ ਤੱਕ ਕੋਈ ਵੀ ਇਸ ਦਾ ਰਾਜ਼ ਨਹੀਂ ਜਾਣ ਸਕਿਆ ਹੈ। ਇਹ ਨਰਕ ਦਾ ਦਰਵਾਜ਼ਾ, 1971 ਤੋਂ ਅੱਗ ਦੇ ਨਾਲ ਲਗਾਤਰ ਦਹਿਕ ਰਿਹਾ ਹੈ।




ਦਰਅਸਲ, ਤੁਰਕਮੇਨਿਸਤਾਨ ’ਚ ਇੱਕ ਵੱਡਾ ਟੋਆ ਹੈ ਤੇ ਇਸ ਵਿੱਚੋਂ ਪਿਛਲੇ ਪੰਜ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਭਿਆਨਕ ਅੱਗ ਨਿਕਲ ਰਹੀ ਹੈ। ਇਸੇ ਕਰਕੇ ਇਸ ਟੋਏ ਨੂੰ ਨਰਕ ਦਾ ਦਰਵਾਜ਼ਾ ਕਿਹਾ ਜਾਂਦਾ ਹੈ। ਇਸ ਟੋਏ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਜਾਂਦਾ ਹੈ ਅਤੇ ਇਥੇ ਸੈਲਾਨੀਆਂ ਦੀ ਗਿਣਤੀ ਵਧ ਰਹੀ ਹੈ।

ਜੇ ਕੋਈ ਗਲਤੀ ਨਾਲ ਇਸ ਟੋਏ ’ਚ ਡਿੱਗ ਜਾਵੇ ਤਾਂ ਕੁਝ ਸਕਿੰਟਾਂ ’ਚ ਉਸ ਦੀ ਜਾਨ ਜਾ ਸਕਦੀ ਹੈ। ਇਹ ਟੋਆ ਤੁਰਕਮੇਨਿਸਤਾਨ ਦੀ ਰਾਜਧਾਨੀ ਅਸ਼ਗਾਬਤ ਤੋਂ ਲਗਭਗ 260 ਕਿਲੋਮੀਟਰ ਦੂਰ ਕਾਰਾਕੁਮ ਰੇਗਿਸਤਾਨ ਦੇ ਦਰਵੇਜ਼ ਪਿੰਡ ’ਚ ਮੌਜੂਦ ਹੈ। ਦੱਸਿਆ ਜਾਂਦਾ ਹੈ ਕਿ ਜ਼ਮੀਨ ਦੇ ਅੰਦਰ ਮੌਜੂਦ ਮੀਥੇਨ ਗੈਸ ਕਾਰਨ 1971 ਤੋਂ ਇੱਥੇ ਲਗਾਤਾਰ ਅੱਗ ਲੱਗ ਰਹੀ ਹੈ। ਹਾਲਾਂਕਿ ਇਸ ਟੋਏ ਨੂੰ ਕਿਵੇਂ ਬਣਾਇਆ ਗਿਆ ਸੀ, ਇਸ ਦੇ ਪਿੱਛੇ ਇੱਕ ਦਿਲਚਸਪ ਕਹਾਣੀ ਹੈ।

ਕਿਹਾ ਜਾਂਦਾ ਹੈ ਕਿ ਸਾਲ 1971 ’ਚ ਸੋਵੀਅਤ ਸੰਘ ਦੇ ਵਿਗਿਆਨੀਆਂ ਨੇ ਇੱਥੇ ਮੀਥੇਨ ਗੈਸ ਜਮ੍ਹਾ ਕਰਨ ਲਈ ਡ੍ਰਿਲ ਕੀਤੀ ਸੀ। ਇਕ ਦਿਨ ਇੱਥੇ ਧਮਾਕਾ ਹੋਇਆ, ਜਿਸ ਤੋਂ ਬਾਅਦ ‘ਨਰਕ ਦੇ ਦਰਵਾਜ਼ੇ’ ਦੇ ਨਾਂ ਨਾਲ ਮਸ਼ਹੂਰ ਇਹ ਟੋਆ ਗੈਸ ਕ੍ਰੇਟਰ (ਗੈਸ ਜਵਾਲਾਮੁਖੀ) ਬਣ ਗਿਆ। ਹਾਦਸੇ ਤੋਂ ਬਾਅਦ ਵਿਗਿਆਨੀਆਂ ਨੇ ਮੀਥੇਨ ਗੈਸ ਨੂੰ ਵਾਯੂਮੰਡਲ ’ਚ ਫੈਲਣ ਤੋਂ ਰੋਕਣ ਲਈ ਇੱਥੇ ਅੱਗ ਲਗਾ ਦਿੱਤੀ। ਉਨ੍ਹਾਂ ਸੋਚਿਆ ਸੀ ਕਿ ਇਹ ਅੱਗ ਇੱਕ-ਦੋ ਹਫ਼ਤਿਆਂ ਬਾਅਦ ਬੁੱਝ ਜਾਵੇਗੀ, ਪਰ ਅੱਜ ਤੱਕ ਇਹ ਅੱਗ ਲਗਾਤਾਰ ਜੱਗ ਰਹੀ ਹੈ। ਜਿਹੜੇ ਟੋਏ ’ਚ ਅੱਗ ਲੱਗੀ ਹੋਈ ਹੈ, ਉਹ 229 ਫੁੱਟ ਚੌੜਾ ਤੇ ਲਗਪਗ 65 ਫੁੱਟ ਡੂੰਘਾ ਹੈ। ਅੱਜ ਇਹ ਸਥਾਨ ਇੱਕ ਮਸ਼ਹੂਰ ਸੈਰ ਸਪਾਟਾ ਦੀ ਜਗ੍ਹਾ ਬਣ ਗਿਆ ਹੈ। ਇਸ ਟੋਏ ਨੂੰ ਦੇਖਣ ਲਈ ਹਰ ਸਾਲ ਲੱਖਾਂ ਲੋਕ ਇੱਥੇ ਆਉਂਦੇ ਹਨ। ਇਹ ਥਾਂ ਹੁਣ ਸੈਰ ਸਪਾਟੇ ਵਾਲੀ ਜਗ੍ਹਾ ’ਚ ਬਦਲ ਚੁੱਕੀ ਹੈ। ਕੁਦਰਤ ਦੇ ਇਸ ਕ੍ਰਿਸ਼ਮੇ ਨੂੰ ਇਹੀ ਕਹਿ ਸਕਦੇ ਹਾਂ ਕਿ ‘ਵਾਹ ਰੇ ਕੁਦਰਤ ਨਰਕ ਦੇ ਦਰਵਾਜ਼ੇ ਨੂੰ ਵੇਖਣ ਦੇ ਲਈ ਲਈ ਸੈਲਾਨੀਆਂ ਦੀ ਜਗਿਆਸਾ ਵੀ ਬਰਕਰਾਰ ਹੈ।

# ਸਿੱਖ ਵਿਦਿਆਰਥੀ ਕਰਮਵੀਰ ਸਿੰਘ ਤਲਵਾਰ ਦੀ ਸੰਯੁਕਤ ਕਾਨੂੰਨ ਅਤੇ ਕਲਾ ਦੀ ਡਿਗਰੀ ਲਈ ਚੋਣ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਵੈਸਟ ਔਕਲੈਂਡ ਦੇ ਇਕ ਸਿੱਖ ਵਿਦਿਆਰਥੀ ਕਰਮਵੀਰ ਸਿੰਘ ਤਲਵਾਰ ਨੂੰ ਪ੍ਰਧਾਨ ਮੰਤਰੀ ਸਕਾਲਰਸ਼ਿਪ ਲਈ ਚੁਣਿਆ ਗਿਆ ਹੈ। ਸਿੱਖੀ ਸਰੂਪ ਦੇ ਵਿਚ ਪੜ੍ਹਾਈ ਕਰਦਿਆਂ ਇਹ ਨੌਜਵਾਨ ਇਕ ਵਧੀਆ ਉਦਾਹਰਣ ਦੇ ਰੂਪ ਵਿਚ ਉਭਰੇਗਾ। ਐਜੂਕੇਸ਼ਨ ਨਿਊਜ਼ੀਲੈਂਡ ਦੁਆਰਾ ਵੱਕਾਰੀ ਪ੍ਰਧਾਨ ਮੰਤਰੀ ਸਕਾਲਰਸ਼ਿਪ ਨਾਲ ਸਨਮਾਨਿਤ ਹਣਾ ਇਕ ਮੀਲ ਪੱਥਰ ਵਾਂਗ ਹੈ। ਇਸ ਸਾਲ ਆਕਲੈਂਡ ਯੂਨੀਵਰਸਿਟੀ ਤੋਂ ਸੰਯੁਕਤ ਕਾਨੂੰਨ ਅਤੇ ਕਲਾ ਦੀ ਡਿਗਰੀ ਨਾਲ ਗ੍ਰੈਜੂਏਟ ਹੋਣ ਲਈ ਤਿਆਰ, ਕਰਮਵੀਰ ਸਿੰਘ ਇਸ ਵੇਲੇ ਭਾਰਤ ਵਿੱਚ ਹੈ ਜੋ ਐਜੂਕੇਸ਼ਨ ਨਿਊਜ਼ੀਲੈਂਡ ਦੁਆਰਾ ਪੂਰੀ ਤਰ੍ਹਾਂ ਸਪਾਂਸਰ ਕੀਤੇ ਗਏ ਛੇ ਹਫ਼ਤਿਆਂ ਦੇ ਪ੍ਰੋਗਰਾਮ ਵਿੱਚ ਮੁੰਬਈ ਵਿਖੇ ਹਿੱਸਾ ਲੈ ਰਿਹਾ ਹੈ। ਕੁੱਲ ਸਤਾਰਾਂ ਬੱਚੇ ਇੰਡੀਆ ਗਏ ਹੋਏ ਹਨ। 324 ਬਿਨੈਕਾਰਾਂ ਵਿੱਚੋਂ ਸਿਰਫ਼ 17 ਨੂੰ ਇਹ ਸਕਾਲਰਸ਼ਿਪ ਮਿਲੀ ਸੀ। ਜੋ ਆਪਣੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਨੂੰ ਹੋਰ ਨਿਖਾਰਨ ਅਤੇ ਅੰਤਰਰਾਸ਼ਟਰੀ ਸਬੰਧਾਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੀ ਹੈ। ਕਰਮਵੀਰ ਸਿੰਘ ਤਲਵਾਰ ਦੀ ਅਕਾਦਮਿਕ ਯਾਤਰਾ ਪੱਛਮੀ ਆਕਲੈਂਡ ਵਿੱਚ ਸ਼ੁਰੂ ਹੋਈ ਸੀ। ਉਸਨੇ ਲਿੰਕਨ ਹਾਈਟਸ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਈ ਕੀਤੀ, ਜਿੱਥੇ ਉਸਨੂੰ 12ਵੀਂ ਤੋਂ ਸਿੱਧੇ ਅਖਤਿਆਰੀ ਪ੍ਰਵੇਸ਼ ਦੁਆਰਾ ਆਕਲੈਂਡ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਤੋਂ ਪਹਿਲਾਂ ਡਕਸ (ਲੀਡਰ) ਅਤੇ ਮੈਸੀ ਹਾਈ ਸਕੂਲ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਸ਼ਾਨਦਾਰ ਪ੍ਰਾਪਤੀ ਉਸਦੀ ਅਕਾਦਮਿਕ ਉੱਤਮਤਾ ਅਤੇ ਵਿਕਾਸ ਪ੍ਰਤੀ ਸਮਰਪਣ ਦਾ ਪ੍ਰਮਾਣ ਹੈ। ਵਰਨਣਯੋਗ ਹੈ ਕਿ ਇਹ ਨੌਜਵਾਨ ਭਾਰਤੀ ਕਮਿਊਨਿਟੀ ਦੇ ਜਾਣੇ-ਪਹਿਚਾਣੇ ਸਮਾਜ ਸੇਵਕ ਅਤੇ ਸਿਆਸਤਦਾਨ ਸ. ਗੁਰਦੀਪ ਸਿੰਘ ਤਲਵਾਰ ਅਤੇ ਕਾਰੋਬਾਰੀ ਮਹਿਲਾ ਰੂਪਨਦੀਪ ਕੌਰ ਦਾ ਹੋਣਹਾਰ ਬੇਟਾ ਹੈ। ਮੂਲ ਵਿਚ ਪੰਜਾਬੀ ਪਰ ਲਖਨਊ ਵਿਖੇ ਦਾਦਕਾ ਪਰਿਵਾਰ ਹੈ ਅਤੇ ਨਾਨਕਾ ਪਰਿਵਾਰ ਪੰਜਾਬ ਨਾਲ ਸਬੰਧਿਤ ਹੈ। ਕਰਮਵੀਰ ਸਿੰਘ ਤਲਵਾਰ ਦੇ ਪੜਦਾਦਾ ਸ। ਅਵਤਾਰ ਸਿੰਘ ਤਲਵਾਰ ਸਨ ਜਿਨ੍ਹਾਂ ਨੇ ਇਤਿਹਾਸਕ ਗੁਰਦੁਆਰਾ ਯਹੀਆਗੰਜ ਸਾਹਿਬ ਲਖਨਊ (ਉਤਰ ਪ੍ਰਦੇਸ਼) ਵਿਖੇ ਸਥਾਪਿਤ ਕੀਤਾ ਸੀ।



ਕਰਮਵੀਰ ਸਿੰਘ ਤਲਵਾਰ

# ਦੇਸ਼ ਭਗਤ ਯੂਨੀਵਰਸਿਟੀ ਦੀ ਚਮਨਪ੍ਰੀਤ ਕੌਰ ਐਨਸੀਸੀ ਯੂਨਿਟ 1ਪੀਬੀ ਨੇਵਲ ਯੂਨਿਟ, ਨਯਾ ਨੰਗਲ ਦੀ ਬਣੀ ਏਐਨਓ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ ਕਿ ਸੰਸਥਾ ਦੀ ਨੇਵੀ ਵਿੰਗ ਦੀ ਚੀਫ ਟਰੇਨਿੰਗ ਅਫਸਰ (ਸੀਟੀ ) ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਨੂੰ ਐਨਸੀਸੀ ਯੂਨਿਟ 1 ਪੀਬੀ ਨੇਵਲ ਯੂਨਿਟ, ਨਯਾ ਨੰਗਲ ਦੀ ਐਸੋਸੀਏਟ ਐਨਸੀਸੀ ਅਫਸਰ (ਏਐਨਓ) ਨਿਯੁਕਤ ਕੀਤਾ ਗਿਆ ਹੈ। ਇਹ ਮਹੱਤਵਪੂਰਨ ਪ੍ਰਾਪਤੀ ਅਫਸਰ ਸਿਖਲਾਈ ਅਕੈਡਮੀ (OTA), ਗਵਾਲੀਅਰ ਵਿਖੇ ਸਖ਼ਤ 75-ਦਿਨ ਪ੍ਰੀ-ਕਮਿਸ਼ਨਡ ਰੈਗੂਲਰ ਕੋਰਸ (PRCN) ਦੌਰਾਨ ਉਸ ਦੀ ਮਿਸਾਲੀ ਕਾਰਗੁਜ਼ਾਰੀ ਤੋਂ ਬਾਅਦ ਆਈ ਹੈ।




ਚਮਨਪ੍ਰੀਤ ਕੌਰ ਦੇ ਸਮਰਪਣ ਅਤੇ ਸਿਖਲਾਈ ਪ੍ਰੋਗਰਾਮ ਦੌਰਾਨ ਬੇਮਿਸਾਲ ਪ੍ਰਦਰਸ਼ਨ ਨੇ ਉਸ ਨੂੰ ਇਹ ਵੱਕਾਰੀ ਭੂਮਿਕਾ ਪ੍ਰਾਪਤ ਕੀਤੀ ਹੈ। ਉਸਨੇ ਨਾ ਸਿਰਫ ਸ਼ਾਨਦਾਰ ਅਨੁਸ਼ਾਸਨ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ ਬਲਕਿ ਵੱਖ-ਵੱਖ ਪ੍ਰਤੀਯੋਗੀ ਅਤੇ ਵਿਦਿਅਕ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। ਖਾਸ ਤੌਰ ’ਤੇ, ਉਸਨੇ ਥਰੋਬਾਲ ਮੁਕਾਬਲਿਆਂ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ ਅਤੇ ਬੌਧਿਕ ਸੰਪੱਤੀ (IP), ਯੋਗਾ ਸੈਸ਼ਨਾਂ, ਰਾਸ਼ਟਰੀ ਏਕਤਾ ਜਾਗਰੂਕਤਾ ਪ੍ਰੋਗਰਾਮ (NIAP), ਫਾਇਰਿੰਗ ਸਿਖਲਾਈ ਅਤੇ ਕਈ ਨੇਵਲ ਆਊਟਡੋਰ ਗਤੀਵਿਧੀਆਂ ’ਤੇ ਲੈਕਚਰਾਂ ਵਿੱਚ ਯੋਗਦਾਨ ਪਾਇਆ। ਇਹਨਾਂ ਤਜ਼ੁਰਬਿਆਂ ਨੇ ਉਸ ਦੀ ਅਗਵਾਈ, ਸਰੀਰਕ ਤੰਦਰੁਸਤੀ, ਅਤੇ ਰਣਨੀਤਕ ਗਿਆਨ – ਭਾਰਤੀ ਜਲ ਸੈਨਾ ਵਿੱਚ ਉਸਦੀ ਮੰਗ ਵਾਲੀ ਭੂਮਿਕਾ ਲਈ ਜ਼ਰੂਰੀ ਗੁਣਾਂ ਦਾ ਸਨਮਾਨ ਕੀਤਾ ਹੈ।

ਇਸ ਪ੍ਰਾਪਤੀ ਤੋਂ ਬਾਅਦ ਦੇਸ਼ ਭਗਤ ਯੂਨੀਵਰਸਿਟੀ ਕੈਂਪਸ ਵਿਖੇ ਵਾਪਸ ਪਹੁੰਚਣ ’ਤੇ ਯੂਨੀਵਰਸਿਟੀ ਲੀਡਰਸ਼ਿਪ ਵੱਲੋਂ ਚਮਨਪ੍ਰੀਤ ਕੌਰ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਸਨੂੰ ਵਧਾਈ ਦਿੱਤੀ ਗਈ। ਇਸ ਮੌਕੇ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ, ਚਾਂਸਲਰ ਦੇ ਸਲਾਹਕਾਰ ਡਾ: ਵਰਿੰਦਰ ਸਿੰਘ, ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ, ਸੀ.ਟੀ.ਓ ਆਰਮੀ ਵਿੰਗ ਡਾ: ਅਜੈਪਾਲ ਸਿੰਘ, ਸੀ.ਟੀ.ਓ. ਏਅਰ ਵਿੰਗ ਗੁਰਜੀਤ ਸਿੰਘ ਪੰਧੇਰ ਨੇ ਇਸ ਪ੍ਰਾਪਤੀ ਲਈ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਚਮਨਪ੍ਰੀਤ ਕੌਰ ਨੂੰ ਵਧਾਈ ਦਿੰਦਿਆਂ ਡਾ: ਜ਼ੋਰਾ ਸਿੰਘ ਨੇ ਕਿਹਾ ਕਿ ਇਹ ਦੇਸ਼ ਭਗਤ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਨਿੱਜੀ ਵਿਕਾਸ ਵਿੱਚ ਯੂਨੀਵਰਸਿਟੀ ਦੇ ਅਟੁੱਟ ਸਹਿਯੋਗ ਦਾ ਭਰੋਸਾ ਦਿੱਤਾ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਕਲਸੇੜਾ ਨਾਲ ਮਿਲਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਮਨਾਇਆ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਕਲਸੇੜਾ ਨਾਲ ਮਿਲਕੇ ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਪ੍ਰਧਾਨ ਰਕੇਸ਼ ਭਾਟੀਆ, ਰਿਟਾਇਰਡ ਪ੍ਰਿੰਸੀਪਲ ਰਾਮ ਸਿੰਘ ਸ਼ੁਕਲਾ, ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਬਲਬੀਰ ਭਾਟੀਆ, ਤਰਸੇਮ ਸਹੋਤਾ ਆਦਿ ਨੇ ਅਜ਼ਾਦੀ ਘੁਲਾਟੀਏ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਸਾਡੇ ਦੇਸ ਦੀ ਸਮਾਜਿਕ ਬਣਤਰ ਅਤੇ ਕੁਪ੍ਰਥਾਵਾਂ ਕਾਰਨ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੌਰ ਤੇ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਸ਼ਿਕਾਰ ਵੀ ਰਹਿਣਾ ਪਿਆ ਹੈ। ਅਜਿਹੀਆਂ ਕੁਪ੍ਰਥਾਵਾਂਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਇਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਉਨ੍ਹਾਂ ਦੱਸਿਆ ਕਿ ਬਾਬੂ ਮੰਗੂ ਰਾਮ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਆਪ 1909 ਵਿੱਚ ਯੂ ਐਸ ਏ ਚਲੇ ਗਏ ਜਿੱਥੇ ਕੁੱਝ ਸਾਲ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਕੰਮ ਕੀਤਾ। ਇਸ ਦੌਰਾਨ ਆਪ ਗਦਰ ਲਹਿਰ ਦੇ ਆਗੂਆਂ ਦੇ ਸੰਪਰਕ ਵਿੱਚ ਆ ਗਏ। ਗਦਰ ਲਹਿਰ ਵਲੋਂ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਜਿੰਮੇਵਾਰੀ ਆਪ ਨੂੰ ਦਿੱਤੀ ਗਈ ਪਰ ਇਸਨੂੰ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਆਪ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ, ਸ਼੍ਰੀ ਲੰਕਾ ਹੁੰਦੇ ਹੋਏ 1925 ਵਿੱਚ



ਭਾਰਤ ਆ ਪਹੁੰਚੇ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਸਕੂਲ ਖੋਲਿਆ। ਆਪ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਸਥਾਪਿਤ ਕੀਤੇ ਗਏ ਆਦਿ ਧਰਮ ਮੰਡਲ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ, ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ ਗਿਆ, ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਅਤੇ ਅਧਿਆਪਕ ਬਣਾਏ ਗਏ। ਆਪ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ।

ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਤਾਰਾਂ ਭੇਜੀਆਂ। ਲੋਥੀਅਨ ਕਮੇਟੀ ਜਦੋਂ ਲਹੌਰ ਆਈ ਤਾਂ ਉਨ੍ਹਾਂ ਨੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਜਦੋਂ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ ਮਰਨ ਵਰਤ ਰੱਖਿਆ ਤਾਂ ਗਾਂਧੀ ਦੇ ਵਿਰੋਧ ਵਿੱਚ ਉਨ੍ਹਾਂ ਵੀ ਮਰਨ ਵਰਤ ਰੱਖ ਲਿਆ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਆਪ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 1946 ਵਿੱਚ ਆਪ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਆਪ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਨੂੰ ਸਮੱਰਥਨ ਦੇਣ ਦੀ ਆਫਰ ਠੁਕਰਾਕੇ ਦੇਸ਼ ਭਗਤੀ ਵਿਖਾਈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਮਾੜ੍ਹੀ ਨੀਤੀ ਕਾਰਨ ਅਨੂਸੂਚਿਤ ਵਰਗਾਂ ਨੂੰ ਸਿੱਖਿਆ ਲਈ ਮਿਲਣ ਵਾਲੀਆਂ ਸਹੂਲਤਾਂ ਵਿੱਚ ਘਪਲੇਬਾਜੀ ਹੋ ਰਹੀ ਹੈ ਅਤੇ ਲੋਕਾਂ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਖਵਾਂਕਰਣ ਦਾ ਲਾਭ ਲੈਕੇ ਵੱਖ ਵੱਖ ਅਹੁਦਿਆਂ ਤੇ ਬੈਠੇ ਸਮਾਜ ਦੇ ਆਗੂ ਤਮਾਸ਼ਬੀਨ ਬਣੇ ਹੋਏ ਹਨ ਅਤੇ ਅਪਣੇ ਨਿੱਜੀ ਲਾਭਾਂ ਲਈ ਚੁੱਪ ਬੈਠੇ ਰਹਿੰਦੇ ਹਨ।

ਉਨ੍ਹਾਂ ਨੇ ਸਮਾਜ ਨੂੰ ਵਰਗਲਾਉਣ ਅਤੇ ਵਿਕਾਊ ਬਣਾਉਣ ਵਾਲੇ ਆਗੂਆਂ ਤੋਂ ਸੁਚੇਤ ਹੋਣ ਲਈ ਕਿਹਾ। ਇਸ ਮੌਕੇ ਹਾਜਰ ਆਗੂਆਂ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਵਲੋਂ ਦਰਸਾਏ ਮਿਸ਼ਨ ਤੇ ਚੱਲਕੇ ਸਮਾਜ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਮਿਸ਼ਨ ਦੇ ਨਾਮ ਤੇ ਸਮਾਜ ਨੂੰ ਵਰਗਲਾਉਣ ਤੇ ਵੇਚਣ ਵਾਲੇ ਆਗੂਆਂ ਦਾ ਚਿਹਰਾ ਸਮਾਜ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਤਾਂ ਜੋ ਅਜਿਹੇ ਦੋਗਲੇ ਆਗੂਆਂ ਨੂੰ ਸਮਾਜ ਕੋਈ ਸਹਿਯੋਗ ਨਾਂ ਦੇਵੇ। ਇਸ ਮੌਕੇ ਬਖਸ਼ੀ ਰਾਮ, ਪ੍ਰੀਤਮ ਚੰਦ, ਰਾਕੇਸ਼ ਕੁਮਾਰ, ਅਮਰਜੀਤ, ਪਵਨ ਕੁਮਾਰ, ਮੋਤੀ ਲਾਲ, ਬਲਬੀਰ ਚੰਦ, ਸ਼ਿਵ ਕੁਮਾਰ, ਸੰਜੀਵ ਕੁਮਾਰ, ਸੁਮਨ, ਚਾਹਤ, ਰਾਧਿਕਾ, ਜਸਪ੍ਰੀਤ, ਗਗਨ, ਪ੍ਰਿੰਸ, ਕਿੰਸ਼ੂ, ਰੀਤਿਕਾ, ਖ਼ੁਸ਼ੀ, ਅੰਸ਼ੂ, ਨਵਜੋਤ, ਅਨੀਤਾ ਆਦਿ ਹਾਜਰ ਸਨ।

# ਖੁਦ ਦੇ ਕਾਰੋਬਾਰ ਲਈ ਨੌਜਵਾਨਾਂ ਨੂੰ ਮਿਲ ਸਕਦਾ ਹੈ 50 ਲੱਖ ਤੱਕ ਦਾ ਕਰਜ਼ਾ -ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਯੋਜਨਾ (ਪੀ.ਐੱਮ.ਈ.ਜੀ.ਪੀ) ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਚਾਹਵਾਨ ਉਮੀਦਵਾਰਾਂ ਨੂੰ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਬੈਂਕਾਂ ਰਾਹੀਂ 50 ਲੱਖ ਰੁਪਏ ਤੱਕ ਦੇ ਕਰਜ਼ੇ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਅੱਜ ਇਸ ਸਕੀਮ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਸਕੀਮ ਦਾ ਲਾਭ ਲੈਣ ਵਾਲੇ ਉਮੀਦਵਾਰ ਦੀ ਘੱਟੋ-ਘੱਟ ਉਮਰ 18 ਸਾਲ ਹੋਣੀ ਚਾਹੀਦੀ ਹੈ ਅਤੇ ਆਮਦਨ ਦੀ ਕੋਈ ਸੀਮਾ ਨਹੀਂ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ 5 ਲੱਖ ਤੋਂ ਵੱਧ ਲਾਗਤ ਵਾਲੇ ਪ੍ਰਾਜੈਕਟ ਦੇ ਉੱਦਮੀ ਦੀ ਘੱਟੋ-ਘੱਟ ਵਿੱਦਿਅਕ ਯੋਗਤਾ ਅੱਠਵੀਂ ਪਾਸ ਹੋਣੀ ਚਾਹੀਦੀ ਹੈ ਅਤੇ 5 ਲੱਖ ਤੋਂ ਘੱਟ ਲਾਗਤ ਵਾਲੇ ਪ੍ਰਾਜੈਕਟ ਦਾ ਲਾਭ ਆਰਟੀਕਲ (ਕਲਾ ਕ੍ਰਿਤੀ)/ਸੇਵਾ ਖੇਤਰ ਦੇ ਉੱਦਮੀ ਵੀ ਲੈ ਸਕਦੇ ਹਨ। ਇਸ ਸਕੀਮ ਅਧੀਨ ਸਰਵਿਸ/ਬਿਜ਼ਨਸ ਲਈ 10 ਲੱਖ ਰੁਪਏ



ਅਤੇ ਇੰਡਸਟਰੀ ਐਕਟੀਵਿਟੀ ਲਈ 25 ਲੱਖ ਰੁਪਏ ਤੱਕ ਦਾ ਉਦਯੋਗ ਸਥਾਪਿਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਨਵੀਆਂ ਸੂਖਮ ਇਕਾਈਆਂ ਸਥਾਪਿਤ ਕਰਨ ਲਈ ਨਿਰਮਾਣ ਗਤੀਵਿਧੀਆਂ ਲਈ 50 ਲੱਖ ਅਤੇ ਸੇਵਾ ਖੇਤਰ ਦੇ ਲਈ 20 ਲੱਖ ਰੁਪਏ ਦੀ ਵਿੱਤੀ ਸਹਾਇਤਾ ਸਬਸਿਡੀ 'ਤੇ ਮੁਹੱਈਆ ਕਰਵਾਈ ਜਾਂਦੀ ਹੈ, ਜਿਸ ਵਿਚ ਉੱਦਮੀ ਵੱਲੋਂ ਆਪਣਾ ਯੋਗਦਾਨ ਜਨਰਲ ਸ਼੍ਰੇਣੀ ਲਈ 10 ਫੀਸਦੀ ਅਤੇ ਬਾਕੀ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ/ਔਰਤਾਂ/ਸਾਬਕਾ ਫ਼ੌਜੀ/ਦਿਵਿਆਂਗਜਨ/ਬਾਰਡਰ ਏਰੀਆ ਨਾਲ ਸਬੰਧਤ ਉਮੀਦਵਾਰਾਂ ਲਈ 5 ਫ਼ੀਸਦੀ ਹੋਵੇਗਾ। ਇਸੇ ਤਰ੍ਹਾਂ ਪ੍ਰਾਜੈਕਟ ਸਥਾਪਿਤ ਕਰਨ ਉਪਰੰਤ ਸ਼ਹਿਰੀ ਖੇਤਰ ਲਈ ਜਨਰਲ ਸ਼੍ਰੇਣੀ ਵਾਸਤੇ 15 ਫੀਸਦੀ, ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ/ ਔਰਤਾਂ/ ਸਾਬਕਾ ਫ਼ੌਜੀ/ ਦਿਵਿਆਂਗਜਨ/ਬਾਰਡਰ ਏਰੀਆ ਨਾਲ ਸਬੰਧਤ ਉੱਦਮੀਆਂ ਲਈ 25 ਫੀਸਦੀ, ਪੇਂਡੂ ਖੇਤਰ ਲਈ ਜਨਰਲ ਸ਼੍ਰੇਣੀ ਵਾਸਤੇ 25 ਫੀਸਦੀ ਅਤੇ ਅਨੁਸੂਚਿਤ ਜਾਤੀ/ ਪੱਛੜੀ ਸ਼੍ਰੇਣੀ/ ਘੱਟ ਗਿਣਤੀ/ ਔਰਤਾਂ/ਸਾਬਕਾ ਫ਼ੌਜੀ/ ਦਿਵਿਆਂਗਜਨ/ ਬਾਰਡਰ ਏਰੀਆ ਨਾਲ ਸਬੰਧਤ ਉੱਦਮੀਆਂ ਲਈ 35 ਫੀਸਦੀ ਸਬਸਿਡੀ ਉਪਲਬੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਨੂੰ ਈ. ਡੀ. ਪੀ. ਟ੍ਰੇਨਿੰਗ ਲੈਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਵਧੇਰੇ ਜਾਣਕਾਰੀ ਲਈ ਦਫ਼ਤਰ ਜਰਨਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਜਾਂ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਨਾਲ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਉਦਯੋਗ ਕੇਂਦਰ, ਰੁਜ਼ਗਾਰ, ਖਾਦੀ ਬੋਰਡ ਦੇ ਅਧਿਕਾਰੀਆਂ ਅਤੇ ਐਲ.ਡੀ.ਐਮ ਨੂੰ ਹਦਾਇਤ ਕੀਤੀ ਕਿ ਉਹ ਇਸ ਸਕੀਮ ਸਬੰਧੀ ਜ਼ਿਲ੍ਹੇ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਜਾਗਰੂਕ ਕਰਨ ਤਾਂ ਜੋ ਉਹ ਆਪਣੇ ਖੁਦ ਦੇ ਕਾਰੋਬਾਰ ਖੋਲ੍ਹ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਬੰਧਤ ਵਿਭਾਗ ਸਾਂਝੀ ਟੀਮ ਬਣਾ ਕੇ ਇਸ ਸਕੀਮ ਤਹਿਤ ਪੈਂਡਿੰਗ ਕੇਸਾਂ ਦਾ ਨਿਪਟਾਰਾ ਜਲਦ ਤੋਂ ਜਲਦ ਕਰਨਾ ਯਕੀਨੀ ਬਣਾਉਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਐਸ।ਡੀ।ਐਮ ਬਲਾਚੌਰ ਰਵਿੰਦਰ ਕੁਮਾਰ ਬਾਂਸਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਨੂੰ ਮਾਨਸਾ ਦੀ ਸੀਵਰੇਜ ਸਮੱਸਿਆ ਦਾ ਹੱਲ ਪਹਿਲ ਦੇ ਅਧਾਰ ਤੇ ਕੱਢਣ ਦੀ ਅਪੀਲ-ਡਾ. ਸੰਦੀਪ ਘੰਡ

**ਮਾਨਸਾ (ਪੱਤਰ ਪ੍ਰੇਰਕ)** ਮਾਨਸਾ ਵਾਸੀਆਂ ਦੀ ਲੋਕ-ਪੱਖੀ ਸੰਘਰਸ਼ਾਂ ਕਰਕੇ ਇੱਕ ਵੱਖਰੀ ਪਹਿਚਾਣ ਹੈ। ਪੰਜਾਬ ਦਾ ਕੋਈ ਵੀ ਸਘਰੰਸ਼ ਹੋਵੇ ਉਸ ਸਘਰੰਸ਼ ਨੂੰ ਸਿਖਰ ਤੇ ਪਹਚਾਉਣ ਵਿੱਚ ਮਾਨਸਾ ਵਾਸੀਆਂ ਵੱਲੋਂ ਵੱਡੀ ਭੂਮਿਕਾ ਅਦਾ ਕੀਤੀ ਗਈ ਹੈ। ਬਹੁਤੇ ਸਘਰੰਸ਼ਾਂ ਵਿੱਚ ਮਾਨਸਾ ਵਾਸੀਆਂ ਨੇ ਕਦੇ ਈਨ ਨਹੀ ਮੰਨੀ। ਪਰ ਪਿਛਲੇ ਇੱਕ ਸਾਲ ਤੋਂ ਮਾਨਸਾ ਦੇ ਲੋਕ ਇੱਕ ਅਜਿਹੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ ਜਿਸ ਦਾ ਕੋਈ ਹੱਲ ਨਹੀ ਨਿਕਲ ਰਿਹਾ।ਜਦੌਂ ਕਿ ਪ੍ਰਸ਼ਾਸ਼ਿਨਕ ਅਧਿਕਾਰੀ ਅਤੇ ਵਿਧਾਇਕ ਆਪਣੇ ਵੱਲੋਂ ਪੂਰਨ ਜੋਰ ਅਜਮਾਇਸ਼ ਕਰ ਰਹੇ ਹਨ। ਕਿਉਕਿ ਜੇਕਰ ਇਹ ਸਮੱਸਿਆ ਕੇਵਲ ਮਾਨਸਾ ਤੱਕ ਸੀਮਤ ਹੁੰਦੀ ਤਾਂ ਕਿਹਾ ਜਾ ਸਕਦਾ ਸੀ ਕਿ ਇਸ ਵਿੱਚ ਕਿਸੇ ਇੱਕ ਵਿਅਕਤੀ ਵੱਲੋਂ ਕੋਈ ਨਕਾਰਤਾਮਕ ਭੂਮਿਕਾ ਨਿਭਾਈ ਜਾ ਰਹੀ ਹੈ ਪਰ ਇਹ ਸਮੱਸਿਆ ਤਾਂ ਅੱਜ ਦੇ ਸਮੇਂ ਹਰ ਸ਼ਹਿਰ ਵਿੱਚ ਫੈਲ ਗਈ ਹੈ। ਰਾਮਪੁਰਾ, ਮੌੜ ਮੰਡੀ, ਰਾਮਾ ਮੰਡੀ ਬੁਢਲਾਡਾ ਅਤੇ ਆਸਪਾਸ ਦੇ ਕਈ ਹੋਰ ਕਸਬਿਆਂ ਵਿੱਚ ਇਹ ਸਮੱਸਿਆ ਹੋਰ ਵੀ ਭਿਆਨਕ ਰੂਪ ਧਾਰਨ ਕਰ ਗਈ ਹੈ।

ਲੋਕ ਸਭਾ ਚੋਣਾਂ ਸਮੇ ਮਾਨਸਾ ਵਾਸੀਆਂ ਵੱਲੋਂ ਲਾਏ ਧਰਨੇ ਵਿੱਚ ਕੁਝ ਆਸ ਬੱਝੀ ਸੀ। 22 ਦਿਨ ਤੱਕ ਚਲੇ ਇਸ ਧਰਨੇ ਵਿੱਚ ਲੋਕਾਂ ਦੀ ਆਪ ਮੁਹਾਰੇ ਸ਼ਮੂਲੀਅਤ ਅਤੇ ਹਰ ਵਾਪਰਕ, ਧਾਰਮਿਕ ਅਤੇ ਸਮਾਜਿਕ ਸੰਸ਼ਥਾਵਾਂ ਦੇ ਸਹਿਯੋਗ ਤੋਂ ਬਿੰਨਾਂ ਸਾਰੀਆਂ ਰਾਜਂਨੀਤਕ ਪਾਰਟੀਆਂ ਵੀ ਪੂਰਨ ਸਹਿਯੋਗ ਦੇ ਰਹੀਆਂ ਸਨ। ਜੇਕਰ ਮਾਨਸਾ ਵਾਸੀਆਂ ਦੇ ਸਘਰੰਸ਼ ਨੂੰ ਦੇਖਿਆ ਜਾਵੇ ਤਾਂ ਉਸ ਵਿੱਚ ਵੀ ਕੋਈ ਕਸਰ ਨਹੀ ਛੱਡੀ ਜਾ ਰਹੀ ਸੀ। ਇਥੋਂ ਤੱਕ ਕਿ ਫਲ-ਫਰੂਟ ਦੀ ਰੇਹੜੀ ਲਾਉਣ ਵਾਲੇ, ਬੱਸ ਸਟੈਂਡ ਤੇ ਬੇਠੇ ਮੋਚੀ ਆਸਪਾਸ ਦੇ ਦੁਕਾਨਦਾਰ ਧਰਨੇ ਵਿੱਚ ਸ਼ਾਮਲ ਹੋ ਰਹੇ ਸਨ। ਵੱਖ ਵੱਖ ਸਮਾਜ ਸੇਵੀ ਜਥੇਬੰਦੀਆਂ ਨਾਲ ਜੁੜੇ ਅਤੇ 22 ਦਿਨ ਧਰਨੇ ਵਿੱਚ ਸ਼ਾਮਲ ਰਹੇ ਸੇਵਾ ਮੁਕਤ ਅਧਿਕਾਰੀ ਡਾ. ਸੰਦੀਪ ਘੰਡ ਨੇ ਕਿਹਾ ਕਿ ਸੀਵਰੇਜ ਦੀ ਸਮੱਸਿਆ ਬਾਕੀ ਸਮੱਸਿਆਵਾਂ ਦੀ ਵੀ ਮਾਂ ਹੈ ਇਸ ਨਾਲ ਸਾਫ ਸਫਾਈ ਤੋਂ ਇਲਾਵਾ ਗੰਦਗੀ ਫੈਲਣ ਨਾਲ ਬਿਮਾਰੀਆਂ ਦਾ ਡਰ ਬਣਿਆ ਹੋਇਆ ਹੈ ਬਲਿਕ ਕਈ ਖੇਤਰਾਂ ਵਿੱਚ ਲੋਕ ਬੀਮਾਰ ਹੋ ਰਹੇ ਹਨ। ਇਸ ਲਈ ਸਰਕਾਰ ਨੂੰ ਇਸ ਵੱਲ ਪਹਿਲਕਦਮੀ ਕਰਦੇ ਹੋਏ ਜਲਦੀ ਤੋਂ ਜਲਦੀ ਮਸਲੇ ਦਾ ਹੱਲ਼ ਕੱਢਣਾ ਚਾਹੀਦਾ ਹੈ। ਉਨਾਂ ਕਿਹਾ ਕਿ ਮਾਨਸਾ ਵਾਸੀਆਂ ਨੂੰ ਵੱਖ ਵੱਖ ਜਥੇਬੰਦੀਆਂ ਵੱਲੋਂ ਲਾਏ ਗਏ ਧਰਨੇ ਵਿੱਚ ਸਹਿਯੋਗ ਦਾਨਾ ਚਾਹੀਦਾ ਹੈ।



ਲੰਘੀਆਂ ਲੋਕ ਸਭਾ ਚੋਣਾ ਮੋਕੇ ਕੁਝ ਆਸ ਵੀ ਬੱਝੀ ਸੀ ਪਰ ਅੱਜ 6 ਮਹੀਨੇ ਬੀਤਣ ਤੇ ਮਸਲਾ ਹੱਲ ਹੋਣ ਦੀ ਬਜਾਏ ਵੱਧਦਾ ਜਾ ਰਿਹਾ ਹੈ। ਧਰਨੇ ਦੋਰਾਨ ਕੀਤੀ ਸਾਝੀ ਮੀਟਿੰਗ ਵਿੱਚ ਸ਼ਹਿਰ ਦੀਆਂ ਸਾਰੀਆਂ ਸਮਾਜਿਕ, ਧਾਰਮਿਕ ਅਤੇ ਵਪਾਰਿਕ ਸੰਸ਼ਥਾਵਾਂ ਦੇ ਸ਼ਾਮਲ ਹੋਣ ਨਾਲ ਸਰਕਾਰ ਨੂੰ ਵੀ ਖਬਰ ਮਿਲ ਗਈ। ਆਉਣ ਵਾਲੀਆਂ ਲੋਕ ਸਭਾ ਚੋਣਾਂ ਤੇ ਅਸਰ ਪੈਣ ਦੀ ਸੰਭਾਵਨਾ ਨੇ ਰੰਗ ਲਿਆਦਾਂ ਅਤੇ ਆਖਰ ਧਰਨੇ ਦੇ ਵੀਹ ਦਿਨਾਂ ਬਾਅਦ ਪ੍ਰਸਾਸ਼ਨ ਵੱਲੋਂ ਬਠਿੰਡਾ ਤੋ ਗਾਰ ਕੱਢਣ ਵਾਲੀਆਂ ਮਸ਼ੀਨਾਂ ਮੰਗਵਾਈਆਂ ਗਈਆਂ। ਲੋਕਾਂ ਨੂੰ ਕੁਝ ਆਸ ਬੱਝੀ ਕਿ ਸ਼ਾਇਦ ਹੁਣ ਮਸਲਾ ਹੱਲ ਹੋ ਜਾਵੇ।ਰੋਜਾਨਾ ਮੀਡੀਆ ਵਿੱਚ ਸਰਕਾਰ ਦੀ ਹੋ ਰਹੀ ਭੰਡੀ ਕਾਰਨ ਸਰਕਾਰ ਵੱਲੋਂ ਧਰਨਾ ਚਕਾਉਣ ਲਈ ਆਪਣੀ ਪਾਰਟੀ ਦੇ ਆਗੂਆਂ ਨੂੰ ਛੱਡਿਆ ਗਿਆ। ਅਸਲੀਅਤ ਹੈ ਕਿ ਜਿਆਦਾਤਰ ਸ਼ਹਿਰੀ ਸੰਸ਼ਥਾਵਾਂ ਕਿਸੇ ਇਕ ਖਾਸ ਮਕਸਦ ਲਈ ਹੋਂਦ ਵਿੱਚ ਆਉਦੀਆਂ ਬੇਸ਼ਕ ਉਹ ਕੋਈ ਧਾਰਮਿਕ ਸਮਾਗਮ ਹੋਵੇ ਜਾਂ ਕੋਈ ਸਮਾਜ ਸੇਵਾ ਦੀ ਗਤੀਵਿਧੀ ਧਰਨੇ ਲਾਉਣਾ ਅਤੇ ਪ੍ਰਸਾਸ਼ਨ, ਪੁਲੀਸ ਅਤੇ ਰਾਜਨੀਤਕ ਨੇਤਾਵਾਂ ਖਿਲਾਫ ਬੋਲਣਾ ਬੜਾ ਔਖਾ ਕੰਮ ਹੈ। ਸੰਸ਼ਥਾ ਵਿੱਚ ਕੁਝ ਅਜਿਹੇ ਲੋਕ ਵੀ ਸਨ ਜਿੰਨਾਂ ਦਾ ਮਕਸਦ ਧਰਨੇ ਰਾਂਹੀ ਆਪਣੀ ਪਹਿਚਾਣ ਬਣਾਕੇ ਰਾਜਨੀਤਕ ਲਾਭ ਲੈਣ ਦੀ ਸੀ ਜਿਸ ਕਾਰਣ ਉਹਨਾਂ ਦਾ ਜਿਆਦਾ ਧਿਆਨ ਫੋਟੋਆਂ ਅਤੇ ਅਖਬਾਰਾਂ ਵਿੱਚ ਨਾਮ ਦਾ ਹੂੰਦਾਂ ਸੀ। ਉਹੀ ਲੋਕ ਅੱਜ ਲੋਕਾਂ ਨੂੰ ਕਹਿ ਰਹੇ ਹਨ ਕਿ ਅਸੀ ਕਿਸੇ ਨੂੰ ਰਾਜਨੀਤੀ ਨਹੀ ਕਰਨ ਦੇਵਾਂਗੇ ਜਦੋਂ ਕਿ ਉਹਨਾਂ ਦਾ ਆਪਣਾ ਮਕਸਦ ਕੇਵਲ ਰਜਨੀਤੀ ਹੀ ਹੈ।

ਧਰਨੇ ਦੇ 22 ਦਿਨ ਚੱਲਣ ਵਿੱਚ ਵੀ ਜਿਆਦਾ ਯੋਗਦਾਨ ਸੇਵਾਮੁਕਤ ਅਧਿਕਾਰੀਆਂ/ ਕਰਮਚਾਰੀਆਂ, ਪੈਨਸ਼ਨਰਾਂ, ਸੀਨੀਅਰ ਸਿਟੀਜਨ, ਰਾਜਨੀਤੀ ਨਾਲ ਸਬੰਧਤ ਵਿਅਕਤੀ ਅਤੇ ਦੁਕਾਨਦਾਰ ਸ਼ਾਮਲ ਸਨ ਜੋ ਸਾਰਾ ਸਾਰਾ ਦਿਨ ਧਰਨੇ ਵਿੱਚ ਬੈਠਦੇ। ਪਰ 22 ਦਿਨ ਬਾਅਦ ਸਰਕਾਰ ਦੇ ਨੁਮਾਇੰਦੇ ਆਉਣ ਕਾਰਨ ਉਹ ਆਪਣਾ ਪ੍ਰਭਾਵ ਪਾ ਗਏ ਅਤੇ ਧਰਨੇ ਵਿੱਚ ਅੱਗੇ ਲੱਗੇ ਕੁਝ ਆਗੂ ਧਰਨੇ ਨੂੰ ਸਮਾਪਤ ਕਰਨ ਲਈ ਰਾਜੀ ਹੋ ਗਏ। ਮੰਤਰੀ ਦੇ ਇਹ ਕਹਿਣ ਦੇ ਬਾਵਜੂਦ ਕਿ ਮੈਂ ਕੋਈ ਵਾਅਦਾ ਨਹੀ ਕਰਦਾ ਕਿ ਕਿੰਨੇ ਸਮੇਂ ਵਿੱਚ ਹੱਲ ਹੋਵੇਗਾ ਤੁਸੀ ਆਪਣਾ ਧਰਨਾ ਜਾਰੀ ਰੱਖਣਾ ਤਾਂ ਰੱਖ ਸਕਦੇ ਹੋ। ਲੋਕਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇੱਕ ਘੰਟਾ ਪਹਿਲਾਂ ਬੇਠੇ ਭੁੱਖ ਹੜਤਾਲੀਆਂ ਨੂੰ ਕੰਗਣੀ ਵਾਲਾ ਵੱਡਾ ਜੂਸ ਦਾ ਗਿਲਾਸ ਪਿਆ ਦਿਤਾ ਗਿਆ ਅਤੇ ਧਰਨਾ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ। ਜਿਸ ਨੂੰ ਦੇਖਕੇ ਲੋਕ ਹੱਕੇ ਬੱਕੇ ਰਹਿ ਗਏ।

ਧਰਨਾ ਚੁੱਕਣ ਤੋਂ ਬਾਅਦ ਮੁੱਖ ਮੰਤਰੀ ਦਾ ਭਰੋਸਾ ਕਿਸੇ ਕੰਮ ਨਹੀ ਆਉਦਾਂ। ਹੁਣ ਜਦੋਂ 5-6 ਮਹੀਨੇ ਬੀਤਣ ਤੇ ਵੀ ਕੋਈ ਹੱਲ ਨਹੀ ਨਿਕਲ ਰਿਹਾ ਤਾਂ ਲੋਕ ਕਿਤੂ ਪ੍ਰੰਤੂ ਕਰ ਰਹੇ ਹਨ ਤਾਂ ਹੁਣ ਦੁਬਾਰਾ ਧਰਨਾ ਲਾਉਣ ਅਤੇ ਸ਼ਾਖ ਬਚਾਉਣ ਲਈ ਤਰਲੋਮੱਛੀ ਹੋ ਰਹੇ ਹਨ। ਉਹਨਾਂ ਦਾ ਇਹ ਹਾਲ ਇੱਕ ਪੰਜਾਬੀ ਕਹਾਵਤ ਵਾਂਗ ਹੈ ਜਿਵੇਂ ਕਿਹਾ ਜਾਦਾਂ ਵਖਤੋਂ ਖੁਜੀਂ ਬਾਹਮਣੀ ਕੁਵੇਲੇ ਟੱਕਰਾਂ ਭਾਵ ਸਮੇਂ ਤੇ ਸਹੀ ਫੈਸਲਾ ਨਾ ਲੈਣਾ। ਧਰਨੇ ਨੂੰ ਸਮਾਪਤ ਕਰਨ ਦੀ ਕਾਹਲ ਇਥੋ ਲੱਗਦੀ ਹੈ ਕਿ ਵਿਰੋਧ ਕਰਨ ਵਾਲਿਆਂ ਨੂੰ ਉਨਾਂ ਨੂੰ ਬਿੰਨਾਂ ਪੁਛੇ ਸੰਸਥਾ ਵਿੱਚੋਂ ਹੀ ਕੱਢ ਦਿੱਤਾ ਗਿਆ ਜਿਸ ਦਾ ਸੰਸਥਾ ਵਿੱਚ ਸ਼ਾਮਲ ਲੋਕਾਂ ਨੇ ਬੁਰਾ ਵੀ ਮਨਾਇਆ।

ਜਦੋਂ ਕਿ ਉਹ ਵਿਅਕਤੀ ਮਾਨਸਾ ਦਾ ਵਾਸੀ ਨਾ ਹੋਣ ਦੇ ਬਾਵਜੂਦ ਧਰਨੇ ਵਿੱਚ 22 ਦਿਨ ਆਉਦਾਂ ਰਿਹਾ ਅਤੇ ਚਾਰ ਦਿਨ ਭੁੱਖ ਹੜਤਾਲ ਤੇ ਵੀ ਬੈਠਿਆ ਕਿਉਕਿ ਉਹ ਮਾਨਸਾ ਨੂੰ ਆਪਣਾ ਸ਼ਹਿਰ ਹੀ ਸਮਝਦਾ।

ਹੁਣ ਮਾਨਸਾ ਵਾਸੀਆਂ ਨੂੰ ਪਿਛਲੇ ਸਮੇਂ ਤੋਂ ਬੇਠੇ ਜਥੇਬੰਧੀਆਂ ਦੇ ਆਗੂਆਂ ਅਤੇ ਸਥਾਨਕ ਮਿਊਸਪਲ ਕਮਿਸ਼ਨਰਾਂ ਤੇ ਹੈ ਜੋ ਆਪਣੇ ਵੱਲੋਂ ਪੂਰਨ ਜੋਰ ਅਜਮਾਇਸ਼ ਕਰ ਰਹੇ ਹਨ। ਇਸ ਗੱਲ ਤੇ ਵੀ ਤਸੱਲੀ ਪ੍ਰਗਟ ਕੀਤੀ ਜਾ ਸਕਦੀ ਹੈ ਕਿ ਰੋਜਾਨਾ ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦਾ ਸਹਿਯੋਗ ਮਿਲ ਰਿਹਾ ਹੈ। ਇਸ ਲਈ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਵੱਖ ਵੱਖ ਯਤਨਾਂ ਦੀ ਥਾਂ ਤੇ ਸਾਰਿਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਹੋਣਾ ਚਾਹੀਦਾ ਅਤੇ ਇਸ ਵਿੱਚ ਉਨਾਂ ਲੋਕਾਂ ਨੂੰ ਸ਼ਾਮਲ ਕੀਤਾ ਜਾਵੇ ਜੋ ਕਿਸੇ ਰਾਜਨੀਤਕ ਆਗੂ ਜਾਂ ਪ੍ਰਸਾਸ਼ਨਕ ਅਧਿਕਾਰੀ ਦਾ ਅਸਰ ਨਾ ਕਬੂਲਦਾ ਹੋਵੇ।

# ਟਰੰਪ ਦੀ ਟੀਮ ’ਚ ਪੰਜ ਭਾਰਤੀ ਅਮਰੀਕਨਾਂ ਦੀ ਬੱਲੇ-ਬੱਲੇ



ਉਜਾਗਰ ਸਿੰਘ
91-94178 13072

ਅਮਰੀਕਾ ਦੇ ਨਵੇਂ ਚੁਣੇ ਗਏ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਜਾ ਰਹੇ ਹਨ। ਉਨ੍ਹਾਂ ਦੀ ਟੀਮ ਵਿੱਚ ਫਿਲਹਾਲ 5 ਭਾਰਤੀ ਮੂਲ ਦੇ ਅਮਰੀਕੀਆਂ ਲੈਫ਼.ਕਰਨਲ ਤੁਲਸੀ ਗਵਾਰਡ, ਵਿਵੇਕ ਗਨਪਥੀ ਰਾਮਾਸਵਾਮੀ, ਸ੍ਰੀ ਰਾਮ ਕ੍ਰਿਸ਼ਨਨ, ਜੈ (ਜਯੰਤ) ਭੱਟਾਚਾਰੀਆ ਅਤੇ ਹਰਮੀਤ ਕੌਰ ਢਿਲੋਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਵਿੱਚ ਦੋ ਇਸਤਰੀਆਂ ਤੁਲਸੀ ਗਵਾਰਡ ਅਤੇ ਹਰਮੀਤ ਕੌਰ ਢਿਲੋਂ ਹਨ। ਭਾਰਤੀ ਮੂਲ ਦੇ ਅਮਰੀਕਨ ਕਯਸ਼ਪ ਪ੍ਰਮੋਦ ਵਿਨੋਦ ਪਟੇਲ ਜੋ ਅਮਰੀਕਾ ਵਿੱਚ ਕੈਸ਼ ਪਟੇਲ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਫ਼ੈਡਰਲ ਬਿਓਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਅਮਰੀਕਾ ਦੇ ਪ੍ਰਬੰਧਕੀ ਢਾਂਚੇ ਵਿੱਚ ਇਹ ਸਭ ਤੋਂ ਉਚਾ ਅਹੁਦਾ ਹੈ। ਕੈਸ਼ ਪਟੇਲ ਦਾ ਕੈਰੀਅਰ ਵਿਲੱਖਣ ਹੈ। ਉਹ ਸ਼ਾਨਦਾਰ ਵਕੀਲ, ਜਾਂਚ ਕਰਤਾ ਅਤੇ ਅਮਰੀਕਾ ਦਾ ਫਸਟ ਯੋਧਾ ਹੈ। ਉਸਨੇ ਭਰਿਸ਼ਟਾਚਾਰ ਵਿਰੋਧੀ ਰੂਸ ਦੀ ਧੋਖੇਬਾਜ਼ੀ ਦਾ ਪਰਦਾ ਫਾਸ਼ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਉਸ ਦੇ ਮਾਪੇ 1970 ਵਿੱਚ ਅਫ਼ਰੀਕਾ ਤੋਂ ਕੈਨੇਡਾ ਫਿਰ ਅਮਰੀਕਾ ਆਏ ਸਨ। 44 ਸਾਲਾ ਕੈਸ਼ ਪਟੇਲ ਦਾ ਜਨਮ 25 ਫਰਵਰੀ 1980 ਨੂੰ ਅਮਰੀਕਾ ਦੇ ਗਾਰਡਨ ਸ਼ਹਿਰ ਨਿਊਯਾਰਕ ਵਿੱਚ ਭਾਰਤੀ ਗੁਜਰਾਤੀ ਇਮੀਗਰੈਂਟਸ ਮਾਪਿਆਂ ਦੇ ਘਰ ਹੋਇਆ, ਜਿਸਨੂੰ ਲਿਟਲ ਇੰਡੀਆ (ਕੂਈਨਜ਼ ਨਿਊਯਾਰਕ) ਕਿਹਾ ਜਾਂਦਾ ਹੈ। ਡੋਨਾਲਡ ਟਰੰਪ ਦੀ ਪਹਿਲੀ ਟਰਮ ਵਿੱਚ ਉਹ 2017 ਵਿੱਚ ਅਮਰੀਕੀ ਰੱਖਿਆ ਸਕੱਤਰ ਦੇ ਨੈਸ਼ਨਲ ਸੀਨੀਅਰ ਡਿਪਟੀ ਡਾਇਰੈਕਟਰ ਰੱਖਿਆ ਵਿੱਚ ਚੀਫ਼ ਆਫ਼ ਸਟਾਫ਼ ਨਿਯੁਕਤ ਸੀ। ਕੈਸ਼ ਪਟੇਲ ਨੇ ਗਾਰਡਨ ਸਿਟੀ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ 2002 ਵਿੱਚ ਰਿਚਮੰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਡਿਗਰੀ ਹਿਸਟਰੀ ਅਤੇ ਇਨ ਕਰਿਮੀਨਲ ਜਸਟਿਸ ਵਿੱਚ ਪਾਸ ਕੀਤੀਆਂ। 2004 ਵਿੱਚ ਯੂਨੀਵਰਸਿਟੀ ਕਾਲਜ ਲੰਡਨ ਤੋਂ ਸਰਟੀਫ਼ੀਕੇਟ ਆਫ਼ ਇੰਟਰਨੈਸ਼ਨਲ ਲਾਅ ਪ੍ਰਾਪਤ ਕੀਤਾ। ਉਸਨੇ ਕਾਨੂੰਨ ਦੀ ਡਿਗਰੀ ਪੇਸ ਯੂਨੀਵਰਸਿਟੀ ਸਕੂਲ ਆਫ਼ ਲਾਅ ਨਿਊਯਾਰਕ ਤੋਂ ਪਾਸ ਕੀਤੀ।

ਡੋਨਾਲਡ ਟਰੰਪ ਨੇ 43 ਸਾਲਾ ਤੁਲਸੀ ਗਵਾਰਡ ਨੂੰ ਨੈਸ਼ਨਲ ਇਨਟੈਲੀਜੈਂਸ ਦਾ ਡਾਇਰੈਕਟਰ ਬਣਾਕੇ ਮਹੱਤਵਪੂਰਨ ਕੰਮ ਦਿੱਤਾ ਹੈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੈ। ਉਹ ਅਮਰੀਕਾ ਵਿੱਚ 9/11 ਦੇ ਹੋਏ ਹਮਲੇ ਤੋਂ ਬਾਅਦ ਆਰਮੀ ਨੈਸ਼ਨਲ ਗਾਰਡ ਵਿੱਚ ਸ਼ਾਮਲ ਹੋ ਗਈ ਸੀ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿੱਚ ਤਾਇਨਾਤ ਰਹੀ ਹੈ। ਉਸਨੇ ਆਪਣਾ ਸਿਆਸੀ ਕੈਰੀਅਰ 2006 ਵਿੱਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਕਦਿਆਂ ਸ਼ੁਰੂ ਕੀਤਾ ਸੀ। ਤੁਲਸੀ ਗਵਾਰਡ ਪਹਿਲੀ ਵਾਰ ਮਹਿਜ 21 ਸਾਲ ਦੀ ਉਮਰ ਵਿੱਚ ਹਵਾਈ ਹਾਊਸ ਆਫ਼ ਰਿਪ੍ਰਜੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿੱਚ ਹੋਇਆ ਸੀ। ਉਸਦਾ ਪਾਲਣ ਪੋਸ਼ਣ ਹਵਾਈ ਵਿੱਚ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿੱਚ ਬਿਤਾਇਆ। ਉਹ ਪਹਿਲਾਂ ਡੈਮੋਕਰੈਟਿਕ ਪਾਰਟੀ ਵਿੱਚ ਕੰਮ ਕਰਦੀ ਸੀ। ਉਸਨੇ 2020 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਦਾਖ਼ਲ ਕੀਤੀ ਸੀ ਪ੍ਰੰਤੂ ਫਿਰ ਉਹ ਜੋ ਬਾਇਡਨ ਦੇ ਹੱਕ ਵਿੱਚ ਵਿਦਡਰਾਅ ਕਰ ਗਈ ਸੀ। ਪਿਛਲੇ ਸਾਲ ਉਸਨੇ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਰਿਪਬਲਿਕਨ ਪਾਰਟੀ ਜਾਇਨ ਕਰ ਲਈ ਸੀ। ਤੁਲਸੀ ਗਵਾਰਡ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। ਉਸਨੇ 2013 ਵਿੱਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖਕੇ ਸਹੁੰ ਚੁੱਕੀ ਸੀ ਤੇ 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ।

ਡਾ. ਜੈ (ਜਯੰਤ) ਭੱਟਾਚਾਰੀਆ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਨੂੰ ਦੇਸ਼ ਦੀ ਚੋਟੀ ਦੀ ਸੰਸਥਾ ਦਾ ਡਾਇਰੈਕਟਰ ਨੈਸ਼ਨਲ ਇਨਸਟੀਚਿਊਟ ਆਫ਼ ਹੈਲਥ ਨਿਯੁਕਤ ਕੀਤਾ ਹੈ। ਜੈ ਭੱਟਾਚਾਰੀਆਂ ਇੱਕ ਮੰਨੇ ਪ੍ਰਮੰਨੇ ਵਿਗਿਆਨੀ ਹਨ, ਉਨ੍ਹਾਂ ਨੇ ਕਰੋਨਾ ਕਾਲ ਵਿੱਚ ਮਹੱਤਵਪੂਰਨ ਕੰਮ ਕੀਤਾ ਸੀ। ਉਹ ਅਮਰੀਕਾ ਦੀ ਕੋਵਿਡ ਪਾਲਿਸੀ ਦਾ ਕਰਿਟਿਕ ਰਿਹਾ ਹੈ। ਜੈ ਭੱਟਾਚਾਰੀਆ ਨੈਸ਼ਨਲ ਬਿਓਰੋ ਆਫ਼ ਇਕਨਾਮਿਕਸ ਰਿਸਰਚ ਐਂਡ ਐਨ ਇਨਸਟੀਚਿਊਟ ਆਫ਼ ਹੈਲਥ ਕੈਪੀਟੋਲ ਦਾ ਪ੍ਰੋਫ਼ੈਸਰ ਅਤੇ ਰਿਸਰਚ ਐਸੋਸੀਏਟ ਰਿਹਾ ਹੈ। ਉਹ ਪ੍ਰਾਇਮਰੀ ਯੂ.ਐਸ.ਪਬਲਿਕ ਫ਼ੰਡ ਮੈਡੀਕਲ ਰਿਸਰਚ ਲਈ 47.3 ਬਿਲੀਅਨ ਬਜਟ ਵਾਲੇ ਕੰਮ ਦੀ ਸੁਪਰਵੀਜਨ ਕਰਨਗੇ। ਇਸ ਸੰਸਥਾ ਦੀਆਂ 27 ਇਨਸਟੀਚਿਊਟ ਹਨ। ਉਨ੍ਹਾਂ ਆਰਟਸ ਵਿੱਚ ਬੀ.ਏ.ਆਨਰਜ਼ ਤੇ ਐਮ.ਏ ਪਾਸ ਕੀਤੀਆਂ, ਫਿਰ 1997 ਵਿੱਚ ਸਟੈਂਨਫ਼ੋਰਡ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਤੋਂ ਡਿਗਰੀ ਕੀਤੀ। 2000 ਵਿੱਚ ਇਕਨਾਮਿਕਸ ਵਿੱਚ ਡਾਕਟਰੇਟ ਕੀਤੀ ਸੀ। ਜਯੰਤ ਭੱਟਾਚਾਰੀਆ ਦਾ ਜਨਮ 1968 ਵਿੱਚ ਕਲਕੱਤਾ ਵਿਖੇ ਹੋਇਆ। ਉਸਨੇ ਮੁੱਢਲੀ ਪੜ੍ਹਾਈ ਕਲਕੱਤਾ ਵਿੱਚੋਂ ਪ੍ਰਾਪਤ ਕੀਤੀ। ਉਸਨੇ ਆਪਣਾ ਕੈਰੀਅਰ 1998 ਵਿੱਚ ਆਰਥ ਸ਼ਾਸਤਰੀ ਦੇ ਤੌਰ ਤੇ ਸ਼ੁਰੂ ਕੀਤਾ। ਉਹ 2006 ਤੋਂ 2008 ਤੱਕ ਰਿਸਰਚ ਫ਼ੈਲੋ ਰਹੇ।

ਡੋਨਾਲਡ ਟਰੰਪ ਫੈਡਰਲ ਸਰਕਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚਿੰਤਾਤੁਰ ਹਨ। ਇਸ ਲਈ ਉਨ੍ਹਾਂ ਨੇ ਵਿਵੇਕ ਰਾਮਾ ਸਵਾਮੀ ਨੂੰ ਗਵਰਨਮੈਂਟ ਐਫ਼ੀਸ਼ੈਂਸੀ, ਸਰਕਾਰੀ ਖ਼ਰਚੇ ਘਟਾਉਣ ਵਾਲਾ (ਰੀਕਨਸਟਰਕਸ਼ਨ ਆਫ਼ ਫ਼ੈਡਰਲ ਏਜੰਸੀਜ਼) ਮਹੱਤਪੂਰਨ ਵਿਭਾਗ ਦਾ ਕੰਮ ਸੌਂਪਿਆ ਹੈ। ਉਹ ਐਲਨ ਮਸਕ ਦੇ ਨਾਲ ਕੰਮ ਕਰਨਗੇ। 39 ਸਾਲਾ ਵਿਵੇਕ ਰਾਮਾ ਸਵਾਮੀ ਅਮਰੀਕਾ ਦਾ ਵੱਡਾ ਉਦਮੀ ਹੈ, ਜਿਹੜਾ ਅਮਰੀਕਾ ਦੇ 2024 ਦੀ 100 ਅਮੀਰ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਉਸਨੇ 2014 ਵਿੱਚ 'ਰੋਇਵਾਂਟ ਸਾਇੰਸਜ਼ ਲਿਮਟਿਡ’ ਮਲਟੀਨੈਸ਼ਨਲ ਹੈਲਥ ਕੇਅਰ ਕੰਪਨੀ ਬਣਾਈ ਸੀ। ਇਸ ਕੰਪਨੀ ਦਾ ਮੁੱਖ ਦਫ਼ਤਰ ਨਿਊਯਾਰਕ ਵਿੱਚ ਹੈ। ਇਸ ਖੇਤਰ ਦਾ ਉਹ ਵੱਡਾ ਕਾਰੋਬਾਰੀ ਹੈ। ਉਸਦਾ ਸਮੁੱਚਾ ਬਾਇਓਟੈਕ ਅਤੇ ਵਿਤੀ ਕਾਰੋਬਾਰ 960 ਮਿਲੀਅਨ ਦਾ ਹੈ। ਇਸ ਲਈ ਡੋਨਾਲਡ ਟਰੰਪ ਨੇ ਉਸਦੀ ਕਾਬਲੀਅਤ ਦਾ ਲਾਭ ਉਠਾਉਣ ਲਈ ਇਹ ਜ਼ਿੰਮੇਵਾਰੀ ਦਿੱਤੀ ਹੈ। ਫ਼ੈਡਰਲ ਸਰਕਾਰ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵਿਵੇਕ ਰਾਮਾਸਵਾਮੀ ਨੇ ਸਵੈ-ਇੱਛਾ ਨਾਲ ਲਈ ਹੈ। ਫਰਵਰੀ 2023 ਵਿੱਚ ਉਸਨੇ 2024 ਦੀ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਦਾਖਲ ਕੀਤੀ ਸੀ, ਪ੍ਰੰਤੂ ਜਨਵਰੀ 2024 ਵਿੱਚ ਵਿਦਡਰਾਅ ਕਰ ਗਿਆ ਸੀ। ਉਹ ਹਾਰਵਰਡ ਯੂਨੀਵਰਸਿਟੀ ਦੀ ਪੋਲੀਟੀਕਲ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਹੈ। ਵਿਵੇਕ ਰਾਮਾ ਸਵਾਮੀ ਦਾ ਜਨਮ 9 ਅਗਸਤ 1985 ਨੂੰ ਭਾਰਤੀ ਇਮੀਗਰੈਂਟਸ ਮਾਪਿਆਂ ਮਾਤਾ ਗੀਥਾ ਰਾਮਾ ਸਵਾਮੀ ਅਤੇ ਪਿਤਾ ਵੀ.ਜੀ.ਰਾਮਾ ਸਵਾਮੀ ਦੇ ਘਰ ਹੋਇਆ। ਉਸਦਾ ਪਰਿਵਾਰ ਕੇਰਲਾ ਰਾਜ ਦੇ ਤਾਮਿਲ ਸਾਈਕਿੰਗ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਹ ਹਾਰਡਰਡ ਯੂਨੀਵਰਸਿਟੀ ਵਿੱਚ ਪੜ੍ਹਿਆ ਹੈ। ਵਿਵੇਕ ਰਾਮਾ ਸਵਾਮੀ ਨੇ ਬੀ.ਏ.ਬਾਇਆਲੋਜੀ ਵਿਸ਼ੇ ਵਿੱਚ ਅਤੇ ਲਾਅ ਯੇਲ ਯੂਨੀਵਰਸਿਟੀ ਤੋਂ ਪਾਸ ਕੀਤੀ। ਉਸਦਾ ਵਿਆਹ ਅਪੂਰਵਾ.ਟੀ.ਰਾਮਾਸਵਾਮੀ ਨਾਲ ਹੋਇਆ। ਇਸ ਸਮੇਂ ਉਹ ਓਹੀਓ ਰਾਜ ਦੇ ਸਿਨਸਿਨਾਟੀ ਸ਼ਹਿਰ ਵਿੱਚ ਰਹਿੰਦੇ ਹਨ।

ਇਸੇ ਤਰ੍ਹਾਂ ਭਾਰਤੀ ਮੂਲ ਦੇ ਅਮਰੀਕੀ ਸ੍ਰੀ ਰਾਮ ਕ੍ਰਿਸ਼ਨਨ ਨੂੰ ਆਰਟੀਫ਼ੀਸ਼ੀਅਲ ਇਨਟੈਲੀਜੈਂਸ ਬਾਰੇ ਵਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। ਉਹ ਵਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਵਿੱਚ ਆਫ਼ੀਸ਼ੀਅਲ ਇਨਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਜੋ ਡੇਵਿਡ.ਓ .ਸਾਕਸ ਨਾਲ ਕੰਮ ਕਰਨਗੇ। ਉਹ ਪੌਡਕਾਸਟਰ, ਲੇਖਕ ਅਤੇ ਪ੍ਰੋਡਕਟ ਮੈਨੇਜਰ ਵੀ ਰਹੇ ਹਨ। ਉਹ ਪਹਿਲਾਂ ਮਾਈਕ੍ਰੋਸਾਫਟ, ਟਵਿਟਰ, ਯਾਹੂ, ਫੇਸ ਬੁੱਕ ਤੇ ਸਨੈਪ ਉਤਪਾਦ ਟੀਮਾਂ ਦੀ ਅਗਵਾਈ ਕਰ ਚੁੱਕੇ ਹਨ। ਸ੍ਰੀ ਰਾਮ ਕ੍ਰਿਸ਼ਨਨ ਆਦਰੇਸੇਨ ਹੋਰੋਵਿਟਜ਼ ਕੰਪਨੀ ਵਿੱਚ 2021 ਵਿੱਚ ਸ਼ਾਮਲ ਹੋਏ। ਉਸ ਨੇ ਆਪਣੀ ਪਤਨੀ ਆਰਤੀ ਰਾਮ ਮੂਰਥੀ ਨਾਲ ਰਲਕੇ 'ਕਲੱਬ ਟਾਕ ਸ਼ੋ’ ਸ਼ੁਰੂ ਕੀਤਾ ਸੀ, ਜਿਹੜਾ ਬਹੁਤ ਹੀ ਹਰਮਨ ਪਿਆਰਾ ਬਣ ਗਿਆ। ਸਾਲ 2023 ਵਿੱਚ ਉਸਨੂੰ ਕੰਪਨੀ ਦੇ ਲੰਦਨ ਦਫ਼ਤਰ ਦਾ ਇਨਚਾਰਜ ਲਗਾਇਆ ਗਿਆ। ਉਹ ਸਾਫ਼ਟਵੇਅਰ ਇੰਜਿਨੀਅਰ ਹਨ ਅਤੇ ਸਿਲੀਕੋਨ ਵੈਲੀ ਵਿੱਚ ਜਾਣਿਆਂ ਪਛਾਣਿਆਂ ਨਾਮ ਹੈ।

ਉਸਦਾ 1984 ਵਿੱਚ ਚਨਈ ਤਾਮਿਲਨਾਡੂ ਵਿੱਚ ਜਨਮ ਹੋਇਆ। ਉਹ ਮਧ ਵਰਗ ਦੇ ਪਰਿਵਾਰ ਵਿੱਚੋਂ ਹੈ। ਉਸਨੇ 1990 ਵਿੱਚ ਆਪਣੇ ਪਿਤਾ ਨੂੰ ਕੰਪਿਊਟਰ ਖ਼੍ਰੀਦਣ ਲਈ ਮਨਾਇਆ, ਉਸ ਕੋਲ ਇੰਟਰਨੈਟ ਨਹੀਂ ਸੀ ਪ੍ਰੰਤੂ ਉਹ ਕੋਡਿੰਗ ਪੁਸਤਕਾਂ ਲੈ ਕੇ ਸਿੱਖਦਾ ਰਿਹਾ। ਇਥੇ ਹੀ ਉਸਦਾ ਆਰਤੀ ਨਾਲ ਮੇਲ ਹੋਇਆ, ਜੋ ਵਿਆਹ ਵਿੱਚ ਬਦਲ ਗਿਆ। ਉਸਨੇ 2001 ਤੋਂ 2005 ਤੱਕ ਐਸ.ਆਰ.ਐਮ.ਯੂਨੀਵਰਸਿਟੀ ਤੋਂ ਬੀ.ਟੈਕ ਦੀ ਡਿਗਰੀ ਕੀਤੀ ਤੇ ਫਿਰ ਅਮਰੀਕਾ ਆ ਗਿਆ। 2007 ਵਿੱਚ ਉਸਨੇ ਆਪਣਾ ਕੈਰੀਅਰ ਮਾਈਕਰੋਸਾਫਟ ਵਿੱਚ ਬਤੌਰ ਪ੍ਰੋਗਰਾਮ ਮੈਨੇਜਰ ਵਿਸ਼ਾਲ ਸਟੂਡੀਓ ਤੋਂ ਸ਼ੁਰੂ ਕਰਕੇ ਇੰਟਰਨੈਟ ਨੂੰ ਆਪਣਾ ਕੈਰੀਅਰ ਬਣਾਇਆ। ਫਰਵਰੀ 2021 ਵਿੱਚ ਉਹ ਅਮਰੀਕਨ ਵੈਂਚਰ ਕੈਪੀਟਲ ਫਰਮ 'ਐਂਡਰਸਨ ਹੋਰਵਿਟਜ਼’ ਵਿੱਚ ਜਨਰਲ ਪਾਟਨਰ ਨਿਯੁਕਤ ਹੋ ਗਿਆ। ਉਹ ਆਪਣੀ ਪਤਨੀ ਆਰਤੀ ਰਾਮਮੂਰਥੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ 'ਦਾ ਆਰਤੀ ਤੇ ਸ੍ਰੀਰਾਮ ਸ਼ੋਅ ’ਦੀ ਮੇਜ਼ਬਾਨੀ ਕੀਤੀ।

ਹਰਮੀਤ ਕੌਰ ਢਿਲੋਂ ਨੂੰ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਹਰਮੀਤ ਕੌਰ ਢਿਲੋਂ ਪੰਜਾਬਣ/ਜੱਟ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ। ਜੁਲਾਈ 2024 ਵਿੱਚ ਜਦੋਂ ਡੋਨਾਲਡ ਟਰੰਪ 'ਤੇ ਇੱਕ ਚੋਣ ਜਲਸੇ ਵਿੱਚ ਹਮਲਾ ਹੋਇਆ ਸੀ, ਉਸ ਤੋਂ ਬਾਅਦ ਹਰਮੀਤ ਕੌਰ ਢਿਲੋਂ ਨੇ ਇੱਕ ਹੋਰ ਜਲਸੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਿੱਖ ਪਰੰਪਰਾਵਾਂ ਅਨੁਸਾਰ ਉਸਦੀ ਸਿਹਤਯਾਬੀ, ਜਿੱਤ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ।

ਉਸਨੇ ਆਪਣਾ ਕੈਰੀਅਰ ਸੰਵਿਧਾਨਿਕ ਅਹੁਦਿਆਂ ਤੋਂ ਸ਼ੁਰੂ ਕੀਤਾ ਸੀ। ਉਹ ਡੋਨਾਲਡ ਟਰੰਪ ਲਈ ਕਾਨੂੰਨੀ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਉਣ ਲਈ ਲੜ ਰਹੀ ਸੀ। ਉਹ ਵਰਜੀਨੀਆ ਸਟੇਟ ਦੇ ਡਾਰਮਾਊਥ ਕਾਲਜ ਅਤੇ ਲਾਅ ਸਕੂਲ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ। ਉਹ ਯੂ.ਐਸ.ਫੋਰਥ ਸਰਕਟ ਕੋਰਟ ਆਫ਼ ਅਪੀਲਜ਼ ਵਿੱਚ ਕਲਰਕ ਰਹੀ ਹੈ।

ਉਹ ਰਿਪਬਲਿਕਨ ਪਾਰਟੀ ਦੀ ਪ੍ਰਧਾਨਗੀ ਦੀ ਚੋਣ ਵੀ ਲੜੀ ਪ੍ਰੰਤੂ ਅਸਫਲ ਰਹੀ ਸੀ। ਉਹ ਸਿਵਲ ਰਾਈਟਸ ਕਾਰਕੁਨ ਅਤੇ ਫਰੀ ਸਪੀਚ ਦੀ ਆਜ਼ਾਦੀ ਦੀ ਸਪੋਰਟਰ ਹੈ। ਕੋਵਿਡ ਦੌਰਾਨ ਇਸਾਈਆਂ ਦੀਆਂ ਪ੍ਰੇਅਰ ਮੀਟਿੰਗਾਂ ਤੇ ਲਗਾਈਆਂ ਪਾਬੰਦੀਆਂ ਵਿਰੁਧ ਉਨ੍ਹਾਂ ਦੀ ਵਕੀਲ ਸੀ। ਉਹ 'ਢਿਲੋਂ ਲਾਅ ਗਰੁਪ’ ਦੀ ਇੱਕ ਸੰਸਥਾਪਕ ਅਤੇ ਸੀਨੀਅਰ ਪਾਰਟਨਰ ਹੈ।

ਹਰਮੀਤ ਕੌਰ ਦਾ ਜਨਮ 2 ਅਪ੍ਰੈਲ 1969 ਨੂੰ ਪਿਤਾ ਤੇਜਪਾਲ ਸਿੰਘ ਦੇ ਘਰ ਚੰਡੀਗੜ੍ਹ ਵਿੱਚ ਹੋਇਆ ਸੀ। ਉਸਦਾ ਪਰਿਵਾਰ ਧਾਰਮਿਕ ਖਿਆਲਾਂ ਵਾਲਾ ਸੀ ਤੇ ਉਹ ਕੀਰਤਨ ਕਰਨ ਜਾਣਦੀ ਹੈ। ਉਸਦਾ ਵਿਆਹ ਸਰਵਜੀਤ ਸਿੰਘ ਨਾਲ ਰੰਧਾਵਾ ਨਾਲ ਹੋਇਆ ਸੀ, ਜੋ ਸਵਰਗਵਾਸ ਹੋ ਚੁੱਕੇ ਹਨ।











# ਸਾਨੂੰ ਆਪਣੀ ਮਾਤ ਭਾਸ਼ਾ ਤੇ ਮਾਣ ਕਰਨਾ ਚਾਹੀਦਾ ਹੈ -ਤਨਵੀਰ ਮਾਨ

**ਮਾਹਿਲਪੁਰ (ਮਾਨ)** ਸਾਨੂੰ ਆਪਣੀ ਮਾਤ ਭਾਸ਼ਾ ਤੇ ਮਾਣ ਕਰਨਾ ਚਾਹੀਦਾ ਹੈ। ਇਹ ਵਿਚਾਰ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦੇ ਕੈਨੇਡਾ ਪ੍ਰਤੀਨਿਧ ਤਨਵੀਰ ਮਾਨ ਨੇ ਮਹਿਲਪੁਰ ਵਿੱਚ ਇੱਕ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਆਖੇ । ਉਹਨਾਂ ਅੱਗੇ ਕਿਹਾ ਕਿ ਪੰਜਾਬ ਵਿੱਚੋਂ ਅਸੀਂ ਪੰਜਾਬੀ ਲੋਕ ਪੰਜਾਬੀ ਨਾਲ ਪਿਆਰ ਨਹੀਂ ਕਰ ਰਹੇ ਜਦਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਆਪਣੀ ਮਾਤ ਭਾਸ਼ਾ ਨੂੰ ਬਚਾਉਣ ਲਈ ਯਤਨਸ਼ੀਲ ਹਨ। ਜੇਕਰ ਅਸੀਂ ਆਪਣੀ ਹੋਂਦ ਨੂੰ ਬਚਾਉਣਾ ਹੈ ਤਾਂ ਸਾਨੂੰ ਮਾਤ ਭਾਸ਼ਾ ਨੂੰ ਹਰ ਹਾਲ ਅਪਣਾਉਣਾ ਹੋਵੇਗਾ। ਇਸ ਲਈ ਇਹ ਭਾਸ਼ਾ ਵਪਾਰ, ਰੁਜ਼ਗਾਰ ਅਤੇ ਨਿਆਂ ਦੀ ਭਾਸ਼ਾ ਬਣਨੀ ਚਾਹੀਦੀ ਹੈ। ਜਿਸ ਵਾਸਤੇ ਸਾਨੂੰ ਸਭ ਨੂੰ ਯਤਨ ਕਰਨ ਦੀ ਜ਼ਰੂਰਤ ਹੈ। ਉਹਨਾਂ ਦਾ ਕਰੂੰਬਲਾਂ ਭਵਨ ਵਿੱਚ ਪ੍ਰਬੰਧਕਾਂ ਅਤੇ ਟਰੱਸਟੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸੁਰ ਸੰਗਮ ਵਿੱਦਿਅਕ ਟਰੱਸਟ ਦੇ ਪੈਟਰਨ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਤਨਵੀਰ ਮਾਨ ਨੇ ਬਾਲ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਕੈਨੇਡਾ ਵਿੱਚ ਵਿਸ਼ੇਸ਼ ਕਾਰਜ ਕੀਤੇ



ਹਨ। ਉਹਨਾਂ ਵੱਲੋਂ ਇਸ ਰਸਾਲੇ ਦਾ ਕੈਨੇਡਾ ਐਡੀਸ਼ਨ ਵੀ ਜਾਰੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਜਿਸ ਬਾਰੇ ਟਰੱਸਟੀਆਂ ਅਤੇ ਸੰਪਾਦਕੀ ਬੋਰਡ ਦੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ ਹੈ। ਇਸ ਮੌਕੇ ਬਾਲ ਕਲਾਕਾਰਾਂ ਵੱਲੋਂ ਸਾਹਿਤਕ ਤੇ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਵੀ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਐਕਟਰ ਡਾਇਰੈਕਟਰ ਅਸ਼ੋਕ ਪੁਰੀ, ਚੈਂਚਲ ਸਿੰਘ ਬੈਂਸ, ਰਘੁਬੀਰ ਸਿੰਘ ਕਲੋਆ ਅਤੇ ਪ੍ਰਿੰ. ਮਨਜੀਤ ਕੌਰ ਨੇ ਕਿਹਾ ਕਿ ਟਰੱਸਟ ਵੱਲੋਂ ਬਾਲ ਸਾਹਿਤ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਾਸਤੇ ਪਿਛਲੇ 30 ਸਾਲਾਂ ਤੋਂ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਅਤੇ ਬਾਲ ਸਾਹਿਤਕ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਪ੍ਰਕਾਸ਼ਨ ਵੱਲੋਂ ਬਾਲ ਲੇਖਕਾਂ ਦੀ ਇੱਕ ਪਨੀਰੀ ਤਿਆਰ ਕੀਤੀ ਜਾ ਰਹੀ ਹੈ।

ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੇ ਮੁੱਖ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਬਾਲ ਸਾਹਿਤ ਦੀ ਸਿਰਜਣਾ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ। ਇਸ ਵਾਸਤੇ ਲੇਖਕ ਨੂੰ ਬਾਲ ਮਨ ਦੀਆਂ ਗਹਿਰਾਈਆਂ ਤੱਕ ਉਤਰਨਾ ਪੈਂਦਾ ਹੈ। ਫਿਰ ਉਹ ਬਾਲ ਮਨਾਂ ਦੀ ਹਾਣੀ ਸਿਰਜਣਾ ਕਰਨ ਦੇ ਸਮਰੱਥ ਹੁੰਦਾ ਹੈ। ਇਸ ਮੌਕੇ ਬੱਚੇ ,ਅਧਿਆਪਕ, ਮਾਪੇ ਅਤੇ ਬਾਲ ਸਾਹਿਤ ਨੂੰ ਪਿਆਰਨ ਤੇ ਸਤਿਕਾਰਨ ਵਾਲੀਆਂ ਸ਼ਖਸ਼ੀਅਤਾਂ ਵਿੱਚ ਜਸਵੀਰ ਸਿੰਘ ਮਰੂਲਾ, ਰਕੇਸ਼ ਕੁਮਾਰ ,ਪਵਨ ਸਕਰੂਲੀ, ਮਨਜਿੰਦਰ ਹੀਰ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਅੰਸ਼, ਸੁਰਿੰਦਰ ਕੌਰ, ਅਵਤਾਰ ਸਿੰਘ, ਜੀਵਨ ਚੰਦੇਲੀ, ਕੁਲਦੀਪ ਕੌਰ ਬੈਂਸ, ਸੋਨੂ ਭਾਰਟਾ, ਨਿਧੀ ਅਮਨ ਸਹੋਤਾ ਆਦਿ ਸ਼ਾਮਿਲ ਹੋਏ।

# ਲੋਕਤੰਤਰ ਉਤੇ ਸਿੱਧਾ ਹਮਲਾ-ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ



ਗੁਰਮੀਤ ਪਲਾਹੀ
91-98158-02070

ਜਿਹਨਾ ਦੇਸ਼ਾਂ ਵਿੱਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ ਉਥੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿੱਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿੱਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ 'ਤੇ ਦਿੱਸਦੀਆਂ ਹਨ, ਖ਼ਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਹਨਾਂ ਦੇ ਨਿੱਜੀ ਖਾਤੇ 'ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ; ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿੱਚ। ਕੀ ਇਹ ਸਿੱਧਿਆਂ ਤੌਰ 'ਤੇ ਵੋਟ ਖਰੀਦਣ ਦਾ ਤਰੀਕਾ ਨਹੀਂ? ਕੀ ਔਰਤਾਂ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉੱਤੇ ਸਿੱਧਾ ਹਮਲਾ ਨਹੀਂ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦਾ ਯਤਨ ਦੇਸ਼ ਵਿੱਚ ਲੰਮੇ ਸਮੇਂ ਤੋਂ ਹੋ ਰਿਹਾ ਹੈ। ਪਰ ਪਿਛਲੇ ਦਹਾਕੇ 'ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ।ਬੀ।ਆਈ, ਈ। ਡੀ ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ 'ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁੱਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ, ਉਸ ਦੀ ਨਿਯੁੱਕਤੀ ਵਿੱਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬ ਉੱਚ ਅਦਾਲਤ ਉਤੇ ਵੀ ਸਮੇਂ-ਸਮੇਂ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿੱਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਆਜ਼ਾਦੀ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ, ਅਤੇ ਗ਼ਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਖ ਅਧਿਕਾਰ ਦੇਣ ਜਿਹੇ ਵਿਸ਼ਿਆਂ ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ 'ਤੇ ਆਮ ਤੌਰ 'ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਹਨਾਂ ਵੱਲ ਖਿੱਚੇ-ਤੁਰੇ ਆਉਣ

ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਸੀ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ 'ਤੇ ਹੁੰਦੀ, ਉਥੇ ਇਕਾਈਆਂ ਦੀ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਹਨਾਂ ਨੀਤੀਆਂ ਦੇ ਅਧਾਰ 'ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ 'ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ 'ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿੱਚ ਆਈਆਂ। ਫਿਰ ਇਹਨਾਂ ਇਲਾਕਾਈ ਪਾਰਟੀਆਂ 'ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ 'ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ 'ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉੱਚਾਈ 'ਤੇ ਹੈ। ਪੰਜਾਬ 'ਚ 300 ਯੂਨਿਟ ਮਹੀਨਾ ਮੁਫ਼ਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁਫ਼ਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿੱਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਹਨਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹਫ਼ੇ ਰਿਆਇਤਾਂ ਵੱਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ 'ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁਫ਼ਤ, 500 ਰੁਪਏ ਦਾ ਗੈਸ ਸਿਲੰਡਰਾਂ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਥੇ ਆਪ ਵਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।



ਪਰ ਸਵਾਲ ਉਠੱਦਾ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ? ਉਦਹਾਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਹਨਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 'ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ਾ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਹਨਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ? ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁਫ਼ਤ ਰਾਸ਼ਨ, ਮੁਫ਼ਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇਤੰਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਆਲਾ ਹੋ ਸਕੇ? ਕਤੱਈ ਨਹੀਂ। ਉਹ ਇਹ ਗੱਲਾਂ ਸਿਰਫ਼ ਕਹਿਣ ਲਈ ਕਰਦੇ ਹਨ, ਇਹਨਾਂ ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਦੇਸ਼ ਕੂੜੇ ਦਾ ਢੇਰ ਬਣਿਆ ਨਜ਼ਰ ਆਉਂਦਾ ਹੈ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸੜਕਾਂ, ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਬਾਂਝੇ ਹਨ। ਵਾਤਾਵਰਨ ਇੰਜ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ। ਇਹੋ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿੱਚ ਉਹਨਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਹਨਾਂ ਉਤੇ ਆਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ,ਦਾਮ,ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਹਨਾਂ ਨੇ ਆਪਣਾ ਸਿਆਸਤ ਨੂੰ ਆਪਣਾ ਕਿੱਤਾ ਇਥੋਂ ਤਕਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡਕੇ, ਉਹਨਾਂ ਨੂੰ ਥੋੜੀਆਂ ਬਹੁਤੀਆਂ ਰਿਆਇਤਾਂ ਪਰੋਸਕੇ ਮੰਗਤੇ ਬਣਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖਕੇ ਕਿ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ 'ਚ ਜਦੋਂ ਇਕ ਰੁਪਏ ਕਿਲੋ (ਲਗਭਗ ਮੁਫ਼ਤ) ਅਨਾਜ ਦੀ ਵੰਡ ਹੁੰਦੀ ਹੈ ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਹਨਾਂ ਦੇ ਸਰੀਰਾਂ 'ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਗਰੀਬ ਬਣਾ ਦਿਉ। ਮੁਫ਼ਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ 'ਚ ਜਿਵੇਂ ਵੋਟਾਂ ਦੀ ਖ਼ਰੀਦੋ-ਫਰੋਖ਼ਤ, ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਵੇਖਣ ਨੂੰ ਮਿਲੀ, ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ? ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ

ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉੱਲਟ ਹੈ। ਇਹ ਵਰਤਾਰਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖਜ਼ਾਨੇ 'ਚੋਂ ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ।

ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ 'ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਹਨਾਂ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ 'ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਊੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖਲ ਦੇ ਬਾਵਜੂਦ ਵੀ ਇਸ 'ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁੱਕੜਾ ਬਣਾਕੇ ਰੱਖ ਦਿੱਤੇ ਹਨ। ਸੱਤਾ 'ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਇਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 'ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ 'ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ 'ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ਼ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ, ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵੱਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਊੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੀਆਂ ਘੋਸ਼ਣਾਵਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ 'ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ 'ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ। ਪਰ ਉਹਨਾ ਸਰਿਆਂ ਨੇ ਇੱਕ ਸੁਰ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ਼ ਕਰ ਦਿੱਤਾ।

ਦੇਸ਼ 'ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ ਅਤੇ ਸੱਤਾ ਪ੍ਰਾਪਤੀ ਬਾਅਦ ਮੁਫ਼ਤ ਰਿਊੜੀਆਂ ਵੰਡੀਆਂ ਜਾ ਰਹੀਆਂ ਹਨ, ਉਹ ਅਸਲ ਅਰਥਾਂ 'ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀ ਹੈ। ਉਹਨਾਂ ਅਸਿੱਧਿਆਂ ਤੌਰ 'ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਊੜੀਆਂ ਵੰਡਣਾ ਤਹਿ ਕਰ ਲਿਆ ਹੈ। ਜਿਹੜਾ ਸਿੱਧਿਆਂ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਇੱਕ ਵੱਡੀ ਸੱਟ ਅਤੇ ਲੋਕਤੰਤਰ 'ਤੇ ਧੱਬਾ ਹੈ।

# "ਸ਼ਹੀਦ ਰਾਮ ਪ੍ਰਕਾਸ਼ ਯਾਦਗਾਰ ਡਾ. ਬੀ. ਆਰ. ਅੰਬੇਡਕਰ ਲਾਇਬ੍ਰੇਰੀ" ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਉਸਾਰੀ ਅਧੀਨ

**ਜਲੰਧਰ-** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਨੇ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਇਕ ਬਹੁਤ ਹੀ ਆਲੀਸ਼ਾਨ ਇਮਾਰਤ ਦਾ ਨਿਰਮਾਣ ਕੀਤਾ ਹੈ ਜਿਸ ਦਾ ਨਾਮ 'ਰਮਾ ਬਾਈ ਅੰਬੇਡਕਰ ਯਾਦਗਾਰ ਹਾਲ' ਰੱਖਿਆ ਗਿਆ ਹੈ ਅਤੇ ਇਹ ਹਾਲ ਗਰੀਬ ਲੋਕਾਂ ਦੇ ਸਮਾਜਿਕ ਕਾਰਜਾਂ ਵਾਸਤੇ ਸ਼ੁਰੂ ਹੋ ਚੁੱਕਾ ਹੈ। ਵਰਤਮਾਨ ਵਿੱਚ ਟਰੱਸਟ ਨੇ ਆਪਣੀ ਉਸਾਰੀ ਅਧੀਨ ਨਵੀਂ ਲਾਇਬਰੇਰੀ ਦਾ ਨਾਮ ਆਰ.ਪੀ.ਆਈ. ਦੇ 1964 ਦੇ ਸਰਬ ਭਾਰਤ ਮੋਰਚੇ ਦੇ ਸ਼ਹੀਦ ਸ਼੍ਰੀ ਰਾਮ ਪ੍ਰਕਾਸ਼ ਦੀ ਯਾਦ ਵਿਚ 'ਸ਼ਹੀਦ ਰਾਮ ਪ੍ਰਕਾਸ਼ ਯਾਦਗਾਰ ਡਾ. ਬੀ. ਆਰ. ਅੰਬੇਡਕਰ ਲਾਇਬ੍ਰੇਰੀ' ਰੱਖਿਆ ਹੈ। ਇਹ ਨਵ-ਨਿਰਮਾਣ ਲਾਇਬ੍ਰੇਰੀ ਉਸਾਰੀ ਅਧੀਨ ਹੈ ਅਤੇ ਇਸ ਤੇ ਹੋਰ ਲਗਭਗ ਪੰਜ ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਟਰੱਸਟ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਲਾਇਬ੍ਰੇਰੀ ਦੇ ਨਿਰਮਾਣ ਲਈ ਜੋ ਵੀ ਦਾਨੀ ਸੱਜਣ 10 ਹਜਾਰ ਰੁਪਏ ਜਾਂ ਇਸ ਤੋਂ ਵੱਧ ਦੀ ਰਾਸ਼ੀ ਦਾਨ ਕਰੇਗਾ, ਉਸ ਦਾ ਨਾਮ ਇਸ ਲਾਇਬ੍ਰੇਰੀ ਤੇ ਲਿਖਿਆ ਜਾਵੇਗਾ। ਅੰਬੇਡਕਰ ਭਵਨ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਜਿਉਂ ਹੀ ਇੱਕ ਮਿਸ਼ਨਰੀ ਸਾਥੀ ਸ਼੍ਰੀ ਸੋਹਨ ਲਾਲ ਸਾਂਪਲਾ




(ਜਰਮਨੀ) ਨੂੰ ਇਸ ਲਾਇਬ੍ਰੇਰੀ ਦੇ ਨਿਰਮਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਅੰਬੇਡਕਰ ਭਵਨ ਟਰੱਸਟ ਨੂੰ ਲਾਇਬ੍ਰੇਰੀ ਵਾਸਤੇ 12 ਹਜਾਰ ਰੁਪਏ ਦੀ ਰਾਸ਼ੀ ਦਾਨ ਵਜੋਂ ਭੇਜੀ। ਬਲਦੇਵ ਭਾਰਦਵਾਜ ਨੇ ਕਿਹਾ ਕਿ ਚੇਅਰਮੈਨ ਸ਼੍ਰੀ ਸੋਹਨ ਲਾਲ ਨੇ ਸ਼੍ਰੀ ਸੋਹਨ ਲਾਲ ਸਾਂਪਲਾ ਜੀ ਦਾ ਧੰਨਵਾਦ ਕੀਤਾ ਅਤੇ ਦੇਸ਼-ਵਿਦੇਸ਼ ਵਿੱਚ ਬੈਠੇ ਦਾਨੀ ਸੱਜਣਾਂ ਨੂੰ ਇਸ ਕਾਰਜ ਵਿਚ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਅਪੀਲ ਕੀਤੀ। ਬਲਦੇਵ ਭਾਰਦਵਾਜ ਨੇ ਅੱਗੇ ਦੱਸਿਆ ਕਿ ਅੰਬੇਡਕਰ ਭਵਨ ਟਰੱਸਟ ਜਲਦ ਹੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਸਟੈਚੂ (ਬਸਟ) ਅੰਬੇਡਕਰ ਭਵਨ ਵਿਖੇ ਲਾਉਣ ਜਾ ਰਿਹਾ ਹੈ। ਇਹ ਸਟੈਚੂ ਅੰਬੇਡਕਰ ਭਵਨ ਦੇ ਵੇਹੜੇ ਵਿੱਚ ਤਥਾਗਤ ਗੌਤਮ ਬੁੱਧ ਦੀ ਪ੍ਰਤਿਮਾ ਦੇ ਨਜ਼ਦੀਕ ਲਗਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ 1963 ਵਿੱਚ ਉੱਘੇ ਅੰਬੇਡਕਰਵਾਦੀ, ਮਹਾਨ ਚਿੰਤਕ ਅਤੇ ਭੀਮ ਪਤ੍ਰਿਕਾ ਦੇ ਐਡੀਟਰ ਸ਼੍ਰੀ ਲਹੌਰੀ ਰਾਮ ਬਾਲੀ ਨੇ ਆਪਣੇ ਇੱਕ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਚਰਨ-ਛੋਹ ਪ੍ਰਾਪਤ ਭੂਮੀ, ਜਿਥੇ ਬਾਬਾ ਸਾਹਿਬ 27 ਅਕਤੂਬਰ, 1951 ਨੂੰ ਆਏ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ, ਖਰੀਦ ਕੇ 1972 ਵਿੱਚ 'ਅੰਬੇਡਕਰ ਭਵਨ ਟਰੱਸਟ' ਦੇ ਨਾਮ ਤੇ ਉਸ ਦਾ ਟਰੱਸਟ ਬਣਾਇਆ ਅਤੇ ਫਿਰ ਆਪਣੇ ਟਰੱਸਟੀ ਸਾਥੀਆਂ ਦੇ ਸਹਿਯੋਗ ਨਾਲ ਇਕ ਆਲੀਸ਼ਾਨ ਭਵਨ ਬਣਾ ਕੇ ਉੱਤਰੀ ਭਾਰਤ ਵਿੱਚ ਬਾਬਾ ਸਾਹਿਬ ਦੀ ਇੱਕ ਸ਼ਾਨਦਾਰ ਧਰੋਹਰ ਕਾਇਮ ਕੀਤੀ। ਇੱਥੋਂ ਬਾਬਾ ਸਾਹਿਬ ਦੀ ਨਿਰੋਲ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਹੋ ਰਿਹਾ ਹੈ। ਇਸ ਮੌਕੇ ਸਰਬ ਸ਼੍ਰੀ ਸੋਹਨ ਲਾਲ ਸਾਬਕਾ ਡੀਪੀਆਈ ਕਾਲਜਾਂ, ਡਾ. ਜੀ. ਸੀ. ਕੌਲ, ਹਰਮੇਸ਼ ਜਸਲ, ਬਲਦੇਵ ਰਾਜ ਭਾਰਦਵਾਜ, ਪ੍ਰੋ. ਬਲਬੀਰ, ਤਿਲਕ ਰਾਜ, ਜਸਵਿੰਦਰ ਵਰਿਆਣਾ, ਐਡਵੋਕੇਟ ਕੁਲਦੀਪ ਭੱਟੀ, ਪ੍ਰਿੰਸੀਪਲ ਪਰਮਜੀਤ ਜੱਸਲ, ਚਮਨ ਦਾਸ ਸਾਂਪਲਾ ਅਤੇ ਮਹਿੰਦਰ ਸੰਧੂ ਮੌਜੂਦ ਸਨ।

### ਜਨਮ ਦਿਨ 'ਤੇ ਵਿਸ਼ੇਸ਼

# ਸੰਘਰਸ਼ੀਲ ਜ਼ਿੰਦਗੀ ਦਾ ਨਾਂ ਸੀ ਨੇਤਾ ਜੀ ਸੁਭਾਸ਼ ਚੰਦਰ ਬੋਸ





ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਬੰਗਾਲ ਸੂਬੇ ਦੇ ਕਟਕ ਸ਼ਹਿਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਜਾਨਕੀ ਨਾਥ ਬੋਸ ਤੇ ਮਾਤਾ ਦਾ ਨਾਂ ਸ੍ਰੀ ਮਤੀ ਪ੍ਰਭਾਵਤੀ ਦੱਤ ਬੋਸ ਸੀ। ਇਹ ਪਰਿਵਾਰ ਵਕੀਲਾਂ ਦਾ ਪਰਿਵਾਰ ਸੀ। ਉਹ 14 ਬੱਚਿਆਂ ਵਿੱਚੋਂ ਨੌਵੇਂ ਸਥਾਨ 'ਤੇ ਸੀ।

ਜਨਵਰੀ 1902 ਵਿੱਚ ਉਸ ਨੂੰ ਪ੍ਰੋਟੈਸਟੇਂਟ ਯੂਰਪੀਅਨ ਸਕੂਲ (ਜਿਸ ਨੂੰ ਅੱਜ ਕੱਲ੍ਹ ਸਟੀਵਰਟ ਹਾਈ ਸਕੂਲ ਕਿਹਾ ਜਾਂਦਾ ਹੈ) ਕਟਕ ਵਿੱਚ ਦਾਖ਼ਲ ਕਰਵਾਇਆ ਗਿਆ। ਇਸ ਸਕੂਲ ਵਿੱਚ ਉਹ 1909 ਤੀਕ ਪੜ੍ਹੇ। ਫਿਰ ਉਨ੍ਹਾਂ ਨੂੰ ਰੇਵਨਸ਼ਾਅ ਕਾਲਜੀਏਟ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। 1913 ਵਿੱਚ ਮੈਟਰਿਕ ਵਿੱਚ ਉਨ੍ਹਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਉਚੇਰੀ ਸਿੱਖਿਆ ਲਈ ਉਨ੍ਹਾਂ ਪ੍ਰੈਜੀਡੈਂਸੀ ਕਾਲਜ ਵਿੱਚ ਦਾਖਲਾ ਲਿਆ। ਜਦ ਉਹ 16 ਸਾਲ ਦੇ ਸਨ ਤਾਂ ਉਹ ਸਵਾਮੀ ਵਿਵੇਕਾਨੰਦ ਅਤੇ ਰਾਮਾਕ੍ਰਿਸ਼ਨ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ।

ਉਨ੍ਹਾਂ ਦਿਨਾਂ ਵਿੱਚ ਕਲਕੱਤਾ ਵਿੱਚ ਬਰਤਾਨੀਆ ਦੇ ਲੋਕ ਭਾਰਤੀਆਂ ਵਿਰੁੱਧ ਬਹੁਤ ਮਾੜੀ ਸ਼ਬਦਾਵਲੀ ਵਰਤਦੇ ਸਨ ਤੇ ਉਨ੍ਹਾਂ ਨੂੰ ਬੇਇੱਜ਼ਤ ਕਰਦੇ ਸਨ। ਇੱਥੇ ਇੱਕ ਔਟੇਨ ਨਾਂ ਦਾ ਅੰਗਰੇਜ਼ ਪ੍ਰੋਫ਼ੈਸਰ ਭਾਰਤੀਆਂ ਬਾਰੇ ਮਾੜੇ ਸ਼ਬਦ ਬੋਲਦਾ ਸੀ। ਇੱਕ ਦਿਨ ਸੁਭਾਸ਼ ਚੰਦਰ ਬੋਸ ਨੇ ਗੁੱਸੇ ਵਿੱਚ ਉਸ ਦੇ ਮੂੰਹ 'ਤੇ ਥੱਪੜ ਮਾਰਿਆ। ਜਿਸ ਦੇ ਸਿੱਟੇ ਵਜੋਂ ਉਸ ਨੂੰ ਕਾਲਜ਼ ਵਿੱਚੋਂ ਕੱਢ ਦਿੱਤਾ ਗਿਆ। ਫਿਰ ਆਪ ਨੇ ਸਕਟਿਸ ਚਰਚ ਕਾਲਜ (ਕਲਕੱਤਾ ਯੂਨੀਵਰਸਿਟੀ) ਵਿੱਚ ਦਾਖ਼ਲਾ ਲਿਆ ਤੇ ਬੀ.ਏ. ਆਨਰਜ਼ ਫਿਲਾਸਫ਼ੀ ਦੀ 1918 ਵਿੱਚ ਪਾਸ ਕੀਤੀ। ਉਹ 1919 ਵਿੱਚ ਉਚੇਰੀ ਸਿੱਖਿਆ ਲਈ ਇੰਗਲੈਂਡ ਚਲੇ ਗਏ। ਉੱਥੇ 8 ਮਹੀਨਿਆਂ ਦੇ ਸਮੇਂ ਵਿੱਚ ਹੀ ਇੰਡੀਅਨ ਸਿਵਲ ਸਰਵਿਸ (ਆਈ.ਸੀ.ਐਸ.) ਦਾ ਇਮਤਿਹਾਨ ਪਾਸ ਕਰ ਲਿਆ। ਆਜ਼ਾਦੀ ਦੇ ਬਾਅਦ ਇਸ ਦਾ ਨਾਂ ਬਦਲ ਕੇ ਇੰਡੀਅਨ ਐਡਮਿਨ ਸਟਰੇਟਿਵ ਸਰਵਿਸਜ਼ (ਆਈ.ਏ.ਐਸ.) ਰੱਖਿਆ ਗਿਆ।

ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਦੇ ਬਹੁਤ ਵੱਡੇ ਲੋਕਾਂ ਨਾਲ ਸਬੰਧ ਸਨ। ਇਸ ਗੱਲ ਦਾ ਪਤਾ ਉਸ ਦੇ ਆਈ।ਏ।ਐਸ। ਦੀ ਪ੍ਰੀਖਿਆ ਦੇ ਫਾਰਮ ਤੋਂ ਪਤਾ ਲੱਗਦਾ ਹੈ। ਉਸ ਦੇ ਪ੍ਰੀਖਿਆ ਫਾਰਮ ਵਿੱਚ ਰਾਇਪੁਰ ਦੇ ਲਾਰਡ ਸਿਨਹਾ ਜੋ ਕਿ ਭਾਰਤ ਦਾ ਅੰਡਰ ਸੈਕਟਰੀ ਆਫ਼ ਸਟੇਟ ਸੀ ਅਤੇ ਉਹ ਪਹਿਲਾ ਭਾਰਤੀ ਸੀ ਜਿਸ ਨੇ ਬਤੌਰ ਗਵਰਨਰ ਕਿਸੇ ਰਾਜ ਵਿੱਚ ਕੰਮ ਕੀਤਾ। ਦੂਜੀ ਸ਼ਖ਼ਸੀਅਤ ਮਿਸਟਰ ਭੁਪਿੰਦਰ ਨਾਥ ਬਾਸੂ ਕਲਕੱਤੇ ਦੇ ਅਮੀਰ ਸੋਲਿਸਟਰ ਜੋ ਕਿ ਲੰਡਨ ਦੀ ਕੌਂਸਲ ਆਫ਼ ਇੰਡੀਆ ਦਾ ਮੈਂਬਰ ਸੀ।

ਉਸ ਨੇ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਾ ਚਾਹਿਆ ਪਰ ਉਸ ਦੀ ਤਰੀਕ ਲੰਘ ਗਈ ਸੀ। ਉਸ ਨੇ 19 ਨਵੰਬਰ 1919 ਨੂੰ ਇਕ ਕਾਲਜ਼ ਵਿੱਚ ਦਾਖ਼ਲਾ ਲਿਆ। ਉਹ ਆਈ.ਸੀ.ਐਸ. ਵਿੱਚ ਚੌਥੇ ਸਥਾਨ 'ਤੇ ਆਇਆ। ਉਸ ਨੇ ਆਪਣੇ ਵੱਡੇ ਭਰਾ ਸ਼ਰਤ ਚੰਦਰ ਬੋਸ ਨੂੰ ਲਿਖਿਆ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਨਾ ਚਾਹੁੰਦਾ ਤੇ ਭਾਰਤ ਨੂੰ ਆਜ਼ਾਦ ਵੇਖਣਾ ਚਾਹੁੰਦਾ ਹੈ। ਉਸ ਨੇ 23 ਅਪ੍ਰੈਲ 1921 ਨੂੰ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਭਾਰਤ ਆ ਗਿਆ।

ਉਸ ਨੇ ਸਵਰਾਜ ਅਖ਼ਬਾਰ ਸ਼ੁਰੂ ਕੀਤੀ ਤੇ ਬੰਗਾਲ ਸੂਬੇ ਦੇ ਕਾਂਗਰਸ ਕਮੇਟੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਸ ਸਮੇਂ ਬੰਗਾਲ ਵਿੱਚ ਚਿਤਰੰਜਨ ਦਾਸ ਅਗਾਂਹ ਵਧੂ ਕੌਮੀ ਲੀਡਰ ਸੀ ਉਹ ਉਸਦਾ ਉਪਾਸ਼ਕ ਸੀ। 1923 ਵਿੱਚ ਬੋਸ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਤੇ ਨਾਲ ਹੀ ਬੰਗਾਲ ਸੂਬੇ ਦੀ ਕਾਂਗਰਸ ਦਾ ਸਕੱਤਰ ਚੁਣਿਆ ਗਿਆ। ਉਹ 'ਫਾਰਵਰਡ' ਅਖ਼ਬਾਰ ਦਾ ਸੰਪਾਦਕ ਬਣਿਆ, ਜਿਸ ਦੇ ਬਾਨੀ ਸ੍ਰੀ ਚਿਤਰੰਜਨ ਦਾਸ ਸਨ। ਜਦ 1924 ਈ। ਵਿੱਚ ਸ੍ਰੀ ਚਿਤਰੰਜਨ ਦਾਸ ਕਲਕੱਤਾ ਮਿਉਂਸਿਪਲ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ ਤਾਂ ਬੋਸ ਨੇ ਉਨ੍ਹਾਂ ਨਾਲ ਬਤੌਰ ਸੀ.ਈ.ਓ. ਕੰਮ ਕੀਤਾ। 1925 ਵਿੱਚ ਉਸ ਨੂੰ ਕੌਮੀ ਲੀਡਰਾਂ ਦੇ ਨਾਲ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਤੇ ਮਾਂਡਲੇ ਜੇਲ੍ਹ ਭੇਜ ਦਿੱਤਾ। ਉਸ ਨੂੰ 1927 ਈ। ਵਿੱਚ ਰਿਹਾਅ ਕੀਤਾ ਗਿਆ।

ਉਸ ਨੂੰ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ ਤੇ ਉਸ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਆਜ਼ਾਦੀ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 1928 ਵਿੱਚ ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਾਲਾਨਾ ਮੀਟਿੰਗ ਕਲਕੱਤੇ ਕਰਵਾਈ।

ਉਸ ਦੀ ਯਾਦਗਰੀ ਭੂਮਿਕਾ ਸੀ ਬਤੌਰ ਕਾਂਗਰਸ ਸੇਵਾ ਦਲ ਦਾ ਜੀ ਓ ਸੀ ਅਰਥਾਤ ਜਨਰਲ ਔਫ਼ਿਸਰ ਕਮਾਂਡਿੰਗ ਬਣਨਾ ਜਾਂ ਨਜ਼ਰ ਆਉਣਾ। ਨੀਰਦ ਚੌਧਰੀ ਦੇ ਲਫ਼ਜ਼ਾਂ ਵਿੱਚ , "ਬੋਸ ਨੇ ਇੱਕ ਬਕਾਇਦਾ ਵਰਦੀਧਾਰੀ ਸੇਵਾ ਦਲ ਗਠਨ ਕੀਤਾ ਹੋਇਆ ਸੀ। ਅਫ਼ਸਰਾਂ ਨੂੰ ਮੋਢੇ 'ਤੇ ਲਾਉਣ ਵਾਲੇ ਸਟੀਲ ਦੇ ਬਿੱਲੇ ਦਿੱਤੇ ਹੋਏ ਸਨ। ਉਸ ਦੀ ਆਪਣੀ ਵਰਦੀ ਕਲਕੱਤੇ ਦੇ ਮਸ਼ਹੂਰ ਟੇਲਰ ਹਰਮਨ ਦੁਆਰਾ ਤਿਆਰ ਹੋ ਕੇ ਆਈ ਸੀ। ਇਹ ਟੇਲਰ ਇੱਕ ਵਲੈਤੀ ਕੰਪਨੀ ਦਾ ਸੀ। ਸੁਭਾਸ਼ ਚੰਦਰ ਦੇ ਨਾਮ ਵਾਲੀ ਇੱਕ ਟੈਲੀਗ੍ਰਾਮ ਫੋਰਟ ਵਿਲੀਅਮ ਵਿੱਚ ਮੌਕੀਮ ਇੱਕ ਅੰਗਰੇਜ਼ ਜਰਨੈਲ ਦੇ ਹੱਥ ਲੱਗੀ ਜਿਸ 'ਤੇ ਬੋਸ ਦੇ ਨਾਮ ਦੇ ਪਿੱਛੇ ਜੀ ਓ ਸੀ ਲਿਖਿਆ ਹੋਇਆ ਸੀ। ਇਸ ਨੂੰ ਇੱਕ ਮਜ਼ਾਕ ਜਿਹਾ ਸਮਝ ਕੇ ਅਖ਼ਬਾਰਾਂ ਵਿੱਚ ਕਾਫ਼ੀ ਠੱਠਾ-ਮਖ਼ੌਲ ਪੜ੍ਹਨ ਨੂੰ ਮਿਲਿਆ ਜਿਸ ਦਾ ਬੰਗਾਲੀਆਂ ਨੇ ਬਹੁਤ ਬੁਰਾ ਮਨਾਇਆ।"

ਨਾ-ਮਿਲਵਰਤਨ ਲਹਿਰ ਸਮੇਂ ਬੋਸ ਨੂੰ ਕੁਝ ਸਮੇਂ ਬਾਅਦ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਉਪਰੰਤ ਉਹ 1930 ਵਿੱਚ ਕਲਕੱਤੇ ਦਾ ਮੇਅਰ ਚੁਣਿਆ ਗਿਆ।

1930 ਦੇ ਅੱਧ ਵਿਚਕਾਰ ਵਿੱਚ ਉਸ ਨੇ ਯੂਰਪ ਦੀ ਯਾਤਰਾ ਕੀਤੀ। ਉਸ ਨੇ ਕਮਿਊਨਿਸਟ ਤੇ ਫ਼ਾਸ਼ੀਵਾਦ ਵੇਖਿਆ। ਇਸ ਸਮੇਂ ਉਸ ਨੇ ਆਪਣੀ ਕਿਤਾਬ ਦਾ ਇੰਡੀਅਨ ਸਟਰਗ ਦਾ ਪਹਿਲਾ ਭਾਗ ਮੁਕੰਮਲ ਕੀਤਾ। ਜਿਸ ਵਿੱਚ ਉਸ ਨੇ 1920 ਤੋਂ 1934 ਸਮੇਂ ਦੇ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ। ਇਹ ਕਿਤਾਬ 1935 ਵਿੱਚ ਲੰਡਨ ਵਿੱਚ ਛਪੀ ਪਰ ਬਰਤਾਨੀਆ ਸਰਕਾਰ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਇਸ ਨਾਲ ਦੇਸ਼ ਵਿੱਚ ਗੜ ਬੜੀ ਫੈਲੇਗੀ।

1938 ਵਿੱਚ ਉਨ੍ਹਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਦੋ ਉਦੇਸ਼ ਸਾਹਮਣੇ ਰੱਖਣੇ ਚਾਹੀਦੇ ਹਨ ਇਕ ਰਾਜਨੀਤਕ ਆਜ਼ਾਦੀ ਕਿਵੇਂ ਪ੍ਰਾਪਤ ਕਰਨੀ ਹੈ ਤੇ ਦੂਜਾ ਸਮਾਜਵਾਦੀ ਹਕੂਮਤ ਕਿਵੇਂ ਬਣਾਉਣੀ ਹੈ। 1938 ਈ। ਵਿੱਚ ਉਹ ਕੌਮੀ ਪੱਧਰ ਦੇ ਨੇਤਾ ਬਣ ਗਏ ਤੇ ਕਾਂਗਰਸ ਦੀ ਪ੍ਰਧਾਨਗੀ ਪ੍ਰਵਾਨ ਕਰਨ ਲਈ ਸਹਿਮਤ ਹੋ ਗਏ। ਉਹ ਸਵਰਾਜ (ਸੈਲਫ਼ ਗਵਰਨਸ) ਲਈ ਖੜ੍ਹੇ ਹੋਏ ਤੇ ਉਨ੍ਹਾਂ ਕਿਹਾ ਕਿ ਇਸ ਕੰਮ ਲਈ ਸਾਨੂੰ ਭਾਵੇਂ ਤਾਕਤ ਦੀ ਵਰਤੋਂ ਕਿਉਂ ਨਾ ਕਰਨੀ ਪਵੇ। ਇਸ ਦਾ ਮਤਲਬ ਬੋਸ ਤੇ ਮਹਾਤਮਾ ਗਾਂਧੀ ਵਿਚਕਾਰ ਟਕਰਾਉ ਸ਼ੁਰੂ ਹੋ ਗਿਆ ਕਿਉਂਕਿ ਗਾਂਧੀ ਬੋਸ ਦੀ ਪ੍ਰਧਾਨਗੀ ਦੇ ਵਿਰੁੱਧ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਫੁੱਟ ਪੈ ਗਈ।

ਬੋਸ ਨੇ ਏਕਾ ਕਾਇਮ ਰੱਖਣ ਦਾ ਯਤਨ ਕੀਤਾ ਪਰ ਗਾਂਧੀ ਨੇ ਬੋਸ ਨੂੰ ਆਪਣੀ ਕੈਬਨਿਟ ਬਣਾਉਣ ਲਈ ਕਿਹਾ। ਇਸ ਫੁੱਟ ਨਾਲ ਬੋਸ ਤੇ ਨਹਿਰੂ ਵਿੱਚ ਵੀ ਫੁੱਟ ਪੈ ਗਈ। 1939 ਈ। ਵਿੱਚ ਕਾਂਗਰਸ ਮੀਟਿੰਗ ਵਿੱਚ ਬੋਸ ਸਟਰੈਚਰ 'ਤੇ ਆਇਆ। ਬੋਸ ਗਾਂਧੀ ਦੇ ਉਮੀਦਵਾਰ ਪਤਾਭੀ ਸੀਤਾ ਰਮਈਆ ਦੇ ਮੁਕਾਬਲੇ 'ਤੇ ਪ੍ਰਧਾਨਗੀ ਦੀ ਚੋਣ ਦੁਬਾਰਾ ਜਿੱਤ ਗਿਆ। ਪਰ ਗਾਂਧੀ ਧੜੇ ਵਾਲੇ ਕਾਂਗਰਸ ਵਰਕਿੰਗ ਕਮੇਟੀ ਵਿੱਚ ਚਾਲਬਾਜ਼ੀ ਕਰਕੇ ਉਸ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਪਿਆ।

22 ਜੂਨ 1939 ਨੂੰ ਬੋਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਧੜੇ ਦੇ ਤੌਰ 'ਤੇ ਆਲ ਇੰਡੀਆ ਫਾਰਵਡ ਬਲਾਕ ਦੀ ਮੀਟਿੰਗ ਕੀਤੀ। ਬੋਸ ਦਾ ਵਿਚਾਰ ਸੀ ਕਿ ਆਜ਼ਾਦ ਇੰਡੀਆ ਨੂੰ ਸਮਾਜਵਾਦੀ ਤਾਨਾਸ਼ਾਹੀ ਜਿਵੇਂ ਕਿ ਤੁਰਕੀ ਦੇ ਕਮਲ ਅਟੇਤੁਕ ਦੀਆਂ ਲੀਹਾਂ 'ਤੇ ਘੱਟੋ ਘੱਟ ਦੋ ਦਹਾਕਿਆ ਲਈ ਚਾਹੀਦੀ ਹੈ। ਬੋਸ ਨੂੰ ਬਰਤਾਨੀਆ ਅਧਿਕਾਰੀਆਂ ਨੇ ਅੰਕਰਾ ਵਿੱਚ ਅਟੇਤਰਕ ਮਿਲਣ ਦੀ ਆਗਿਆ ਨਾ ਦਿੱਤੀ। ਬੋਸ ਨੇ ਵੱਖ ਵੱਖ ਪਾਰਟੀਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਲੇਬਰ ਪਾਰਟੀ ਅਤੇ ਲਿਬਰਲ ਪਾਰਟੀ ਨੇ ਮਿਲਣ ਲਈ ਸਹਿਮਤੀ ਦਿੱਤੀ। 1930 ਈ। ਕਨਸਰਵੇਟਿਵ ਪਾਰਟੀ ਨੇ ਭਾਰਤ ਨੂੰ ਡੋਮਿਅਨੀਅਨ ਸਟੇਟਸ ਦੀ ਵਿਰੋਧਤਾ ਕੀਤੀ। ਭਾਰਤ ਨੇ ਆਜ਼ਾਦੀ ਲੇਬਰ ਪਾਰਟੀ ਦੀ 1945-1951 ਦੀ ਸਰਕਾਰ ਸਮੇਂ ਪ੍ਰਾਪਤ ਕੀਤੀ।

ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ 'ਤੇ ਬੋਸ ਨੇ ਵਾਇਸਰਾਇ ਵੱਲੋਂ ਕਾਂਗਰਸੀ ਲੀਡਰਸ਼ਿਪ ਨੂੰ ਪੁੱਛਣ ਤੋਂ ਬਗ਼ੈਰ ਭਾਰਤ ਦੀ ਤਰਫੋਂ ਲੜਾਈ ਦਾ ਐਲਾਨ ਕਰਨ ਦੇ ਰੋਸ ਵਿੱਚ ਪ੍ਰੋਟੈਸਟ ਕਰਨਾ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਨੂੰ ਇਸ ਕੰਮ ਵਿੱਚ ਮਨਾਉਣ ਵਿੱਚ ਉਹ ਅਸਫ਼ਲ ਰਹਿਣ ਪਿੱਛੋਂ ਉਨ੍ਹਾਂ ਕਲਕੱਤੇ ਵੱਡੀ ਪੱਧਰ 'ਤੇ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ। ਉਸ ਨੂੰ ਜੇਲ੍ਹ ਡੱਕ ਦਿੱਤਾ ਗਿਆ ਪਰ ਸੱਤਾਂ ਦਿਨਾਂ ਦੀ ਭੁੱਖ ਹੜਤਾਲ ਪਿੱਛੋਂ ਰਿਹਾਅ ਕਰ ਦਿੱਤਾ ਗਿਆ। ਬੋਸ ਦੇ ਘਰ 'ਤੇ ਨਜ਼ਰ ਰੱਖਣ ਲਈ ਸੀ ਆਈ ਡੀ ਤਾਇਨਾਤ ਕਰ ਦਿੱਤੀ ਗਈ।

17 ਜਨਵਰੀ 1941 ਦੀ ਰਾਤ ਨੂੰ ਬੋਸ ਪਠਾਣ ਦੇ ਭੇਸ ਵਿੱਚ ਆਪਣੇ ਭਤੀਜੇ ਸਿਸਰ ਕੁਮਾਰ ਬੋਸ ਦੇ ਨਾਲ ਮੌਜੂਦਾ ਝਾਰਖੰਡ ਦੇ ਇਸ ਸਮੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਗੋਮੋਹ ਰੇਲਵੇ ਤੋਂ ਜਰਮਨੀ ਨੂੰ ਬਰਾਸਤਾ ਅਫ਼ਗਾਨਿਸਤਾਨ ਨੂੰ ਰਵਾਨਾ ਹੋਇ। ਉਹ ਪਹਿਲਾ ਅਬਵੇਹਰ ਦੀ ਸਹਾਇਤਾ ਨਾਲ ਪਿਸ਼ਾਵਰ ਪੁੱਜੇ, ਜਿੱਥੇ ਉਹ ਅਕਬਰ ਸ਼ਾਹ, ਮੁਹੰਮਦ ਸ਼ਾਹ ਅਤੇ ਭਗਤ ਰਾਮ ਤਲਵਾੜ ਨੂੰ ਮਿਲੇ। ਆਗਾ ਖ਼ਾਨ ਦੇ ਸਹਾਇਕਾਂ ਨਾਲ ਉਸ ਨੇ ਅਫ਼ਗਾਨਿਸਤਾਨ ਦਾ ਬਾਰਡਰ ਪਾਰ ਕੀਤਾ। ਉਹ ਇਟੈਲੀਅਨ ਪਾਸਪੋਰਟ 'ਤੇ ਮਾਸਕੋ ਪੁੱਜੇ। ਮਾਸਕੋ ਤੋਂ ਉਹ ਰੋਮ ਪੁੱਜੇ ਤੇ ਉਸ ਤੋਂ ਅੱਗੇ ਉਹ ਜਰਮਨੀ ਪਹੁੰਚ ਗਏ।

ਜਰਮਨ ਵਿੱਚ ਜਰਮਨ ਦੀ ਸਹਾਇਤ ਨਾਲ ਆਜ਼ਾਦ ਹਿੰਦ ਰੇਡੀਓ ਚਲਾਇਆ ਗਿਆ। ਬਰਲਿਨ ਵਿੱਚ ਫਰੀ ਇੰਡੀਆ ਸੈਂਟਰ ਕਾਇਮ ਕੀਤਾ ਗਿਆ ਤੇ ਇੰਡੀਅਨ ਲੀਗ ਜਿਸ ਵਿੱਚ 4500 ਫੌਜੀ ਸਨ ਕਾਇਮ ਕੀਤੀ ਗਈ। ਪਰ ਬੋਸ ਨੂੰ ਮਾਯੂਸੀ ਉਸ ਸਮੇਂ ਹੋਈ ਜਦ ਹਿਟਲਰ ਦੇ ਟੈਂਕਾਂ ਨੇ ਸੋਵੀਅਤ ਦੇ ਬਾਰਡਰ ਨੂੰ ਪਾਰ ਕੀਤਾ। ਬੋਸ ਬਰਲਿਨ ਵਿੱਚ 1941 ਤੋਂ 1943 ਤੀਕ ਰਿਹਾ।

ਇਸ ਤੋਂ ਪਹਿਲਾਂ ਉਹ 1934 ਵਿੱਚ ਆਸਟਰੀਆ ਦੀ ਰਾਜਧਾਨੀ ਵਿਏਨਾ ਵਿੱਚ ਇਲਾਜ਼ ਕਰਾਉਣ ਆਏ ਸਨ। ਉੱਥੇ ਉਨ੍ਹਾਂ ਦਾ ਮੇਲ 23 ਸਾਲ ਦੀ ਖ਼ੂਬਸੂਰਤ ਐਮਿਲੀ ਸ਼ੈਂਕਲ ਨਾਲ ਹੋਇਆ। ਉਸ ਸਮੇਂ ਬੋਸ 37 ਸਾਲ ਦੇ ਸਨ। ਇਸ ਲੜਕੀ ਦਾ ਕੰਮ 'ਇੰਡੀਅਨ ਸਟਰੱਗਲ' ਕਿਤਾਬ ਟਾਇਪ ਕਰਨਾ ਸੀ। ਉਸ ਦੀ ਦੋਸਤੀ ਸਮੇਂ ਦੋਵਾਂ ਵਿੱਚ ਖਤਾਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ। 26 ਨਵੰਬਰ 1937 ਨੂੰ ਉਨ੍ਹਾਂ ਦਾ ਵਿਆਹ ਆਸਟਰੀਆ ਦੇ ਬਾਗੀਸਤੀਨ ਵਿੱਚ ਹੋਇਆ। ਇਹ ਵਿਆਹ ਬਿਲਕੁਲ ਗੁਪਤ ਰੱਖਿਆ । ਭਾਵੇਂ ਉਨ੍ਹਾਂ ਦਾ ਸਾਥ 1934 ਤੋਂ 1945 ਵਿਚਾਲੇ 12 ਸਾਲਾਂ ਦਾ ਸੀ, ਪਰ ਉਹ ਇਕੱਠੇ ਤਿੰਨ ਸਾਲ ਤੋਂ ਵੀ ਘੱਟ ਸਮਾਂ ਰਹੇ। ਉਨ੍ਹਾਂ ਦੀ ਪ੍ਰੇਮ ਦੀ ਨਿਸ਼ਾਨੀ ਦੇ ਤੌਰ 'ਤੇ 29 ਨਵੰਬਰ 1942 ਨੂੰ ਧੀ ਦਾ ਜਨਮ ਹੋਇਆ ਜਿਸ ਦਾ ਨਾਂ ਅਨੀਤਾ ਰੱਖਿਆ ਗਿਆ। ਬੋਸ ਆਪਣੀ ਧੀ ਨੂੰ ਵੇਖਣ ਲਈ ਦਸੰਬਰ 1942 ਵਿੱਚ ਵਿਏਨਾ ਪਹੁੰਚਦੇ ਹਨ ਤੇ ਉਸ ਤੋਂ ਬਾਅਦ ਆਪਣੇ ਭਰਾ ਸ਼ਰਤ ਚੰਦਰ ਬੋਸ ਨੂੰ ਬੰਗਾਲੀ ਵਿੱਚ ਲਿਖੇ ਖ਼ਤ ਵਿਚ ਪਤਨੀ ਤੇ ਧੀ ਬਾਰੇ ਜਾਣਕਾਰੀ ਦੇਂਦੇ ਹਨ। ਐਮਿਲੀ ਸੁਭਾਸ਼ ਚੰਦਰ ਬੋਸ ਦੀਆਂ ਯਾਦਾਂ ਦੇ ਸਹਾਰੇ 1996 ਤੱਕ ਜਿੰਦਾ ਰਹੀ। ਉਸ ਨੇ ਇੱਕ ਛੋਟੇ ਜਿਹੇ ਡਾਕਘਰ ਵਿੱਚ ਕੰਮ ਕਰਦੇ ਹੋਇਆ ਬੋਸ ਦੀ ਆਖ਼ਰੀ ਨਿਸ਼ਾਨੀ ਆਪਣੀ ਧੀ ਅਨੀਤਾ ਬੋਸ ਨੂੰ ਪਾਲ ਕੇ ਵੱਡਾ ਕਰਕੇ ਜਰਮਨੀ ਦੀ ਮਸ਼ਹੂਰ ਅਰਥ ਸ਼ਾਸਤਰੀ ਬਣਾਇਆ। ਉਸ ਨੇ ਮੁਸ਼ਕਲ ਸਫ਼ਰ ਸਮੇਂ ਬੋਸ ਪਰਿਵਾਰ ਕੋਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਵਿਆਹ ਤੋਂ ਬੱਚੀ ਬਾਰੇ ਕਿਸੇ ਨੂੰ ਨਹੀਂ ਦੱਸਿਆ।

ਜਾਪਾਨ ਸਰਕਾਰ ਦੀ ਕੋਸ਼ਿਸ਼ ਸੀ ਕੋਈ ਐਸੀ ਫੌਜ ਤਿਆਰ ਕੀਤੀ ਜਾਵੇ ਜੋ ਜਾਪਾਨ ਦੇ ਨਾਲ ਰਲ ਕੇ ਅੰਗਰੇਜ਼ਾਂ ਵਿਰੁੱਧ ਲੜੇ।ਜਪਾਨੀ ਗੁਫ਼ੀਆ ਯੂਨਿਟ ਦਾ ਮੁੱਖੀ ਇੰਡੀਅਨ ਇਡੀਪੈਂਨਡੈਂਸ ਲੀਗ ਦੇ ਬੈਂਕਾਕ ਚੈਪਟਰ ਦੇ ਪ੍ਰਧਾਨ ਪ੍ਰੀਤਮ ਸਿੰਘ ਢਿੱਲੋਂ ਨੂੰ ਮਿਲਿਆ ਤੇ ਉਸ ਦੇ ਰਾਹੀਂ ਬਰਤਾਨਵੀ ਭਾਰਤੀ ਫੌਜ ਦੇ ਕੈਪਟਨ ਮੋਹਨ ਸਿੰਘ ਜਿਸ ਨੂੰ ਕਿ ਦਸੰਬਰ 1941 ਵਿੱਚ ਪੱਛਮੀ ਮਲਾਇਅਨ ਪੈਨੀਨਸੁਲਾ ਤੋਂ ਫੜ੍ਹਿਆ ਸੀ ਨੂੰ ਭਰਤੀ ਕੀਤਾ ਗਿਆ। ਸਿੱਟੇ ਵਜੋਂ ਫਸਟ ਇੰਡੀਅਨ ਨੈਸ਼ਨਲ ਆਰਮੀ ਬਣਾਈ। ਕੈਪਟਨ ਮੋਹਨ ਸਿੰਘ ਤੇ ਜਾਪਾਨ ਦੇ ਗੁਪਤਚਰ ਵਿਭਾਗ ਦੇ ਮੁੱਖੀ ਦੀ ਸਲਾਹ ਨਾਲ ਦਸੰਬਰ 1941 ਦੇ ਦੂਜੇ ਅੱਧ ਵਿੱਚ ਬਣਾਈ ਗਈ ਤੇ ਜਨਵਰੀ 1942 ਦੇ ਪਹਿਲੇ ਹਫ਼ਤੇ ਇਸ ਦਾ ਨਾਂ ਰੱਖਿਆ ਗਿਆ। ਸੁਭਾਸ਼ ਚੰਦਰ ਬੋਸ ਦੇ ਆਉਣ ਨਾਲ ਸਿੰਘਾਪੁਰ ਵਿਚ ਆਰਜੀ ਆਜ਼ਾਦ ਸਰਕਾਰ 21 ਅਕਤੂਬਰ 1943 ਵਿਚ ਬਣਾਈ ਅਤੇ ਬਰਤਾਨੀਆ ਤੇ ਅਮਰੀਕਾ ਵਿਰੁਧ ਲੜਾਈ ਲੜਨ ਦਾ ਐਲਾਨ ਕੀਤਾ।ਇਸ ਆਰਜ਼ੀ ਸਰਕਾਰ ਜਿਸ ਦੀ ਆਪਣੀ ਕਰੰਸੀ, ਡਾਕ ਟਿਕਟ, ਅਦਾਲਤ ਤੇ ਸਿਵਲ ਕੋਡ ਸੀ ਤੇ ਜਿਸ ਨੂੰ 9 ਐਕਸਿਨ ਸਰਕਾਰਾਂ ਜਿਸ ਵਿੱਚ ਜਰਮਨੀ, ਜਾਪਾਨ, ਇਟਲੀ,ਬਰਮਾ ਥਾਈਲੈਂਡ ਆਦਿ ਸ਼ਾਮਲ ਸਨ ਵਲੋਂ ਮਾਨਤਾ ਦਿੱਤੀ ਗਈ। ਆਜ਼ਾਦ ਹਿੰਦ ਫ਼ੌਜ ਦੇ ਪੁਨਰਗਠਨ ਵਿਚ ਸੁਭਾਸ਼ ਚੰਦਰ ਬੋਸ ਨੇ ਪੰਜਾਬੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਸਨ ਜਿਵੇਂ ਲੈਫ਼ਟੀਨੈਂਟ ਕਰਨਲ ਹਬੀਬ-ਉਰ-ਰਹਿਮਾਨ ਨੂੰ ਡਿਪਟੀ ਚੀਫ ਆਫ ਸਟਾਫ ਅਤੇ ਮੇਜਰ ਪੀ।ਕੇ। ਸਹਿਗਲ ਨੂੰ ਮਿਲਟਰੀ ਸਕੱਤਰ ਨਿਯੁਕਤ ਕੀਤਾ।

ਯੋਜਨਾ, ਸੈਨਿਕਾਂ ਦੀ ਸਿਖਲਾਈ ਅਤੇ ਖ਼ੁਫ਼ੀਆ ਜਾਣਕਾਰੀ ਵਿਭਾਗ ਦੀ ਜ਼ਿੰਮੇਵਾਰੀ ਪੰਜਾਬੀ ਲੈਫਟੀਨੈਂਟ ਕਰਨਲ ਸ਼ਾਹ ਨਵਾਜ਼ ਖ਼ਾਨ ਨੂੰ ਦਿੱਤੀ ਗਈ । ਸੁਭਾਸ਼ ਚੰਦਰ ਬੋਸ 18 ਅਗਸਤ 1945 ਨੂੰ ਹਵਾਈ ਦੁਆਰਾ ਢਾਰਮੂਸਾ ਪਹੁੰਚੇ। ਉੱਥੇ ਉਨ੍ਹਾਂ ਨੂੰ ਕੁਝ ਸਮਾਂ ਠਹਿਰਨਾ ਪਿਆ। ਉੱਥੇ ਤਾਈਹੂਕ ਅੱਡੇ 'ਤੇ ਹਵਾਈ ਜਹਾਜ਼ ਨੇ ਉਡਾਣ ਭਰਨ ਸਮੇਂ ਜਹਾਜ਼ ਨੂੰ ਅੱਗ ਲਗ ਗਈ ਤੇ ਉਹ ਬੁਰੀ ਤਰ੍ਹਾਂ ਝੁਲਸ ਗਏ ਤੇ ਸਮੇਂ ਬਾਦ ਅਕਾਲ ਚਲਾਣਾ ਕਰ ਗਏ।

# ਮਿਸਤਰੀ ਪਾਲ ਸਿੰਘ ਲਕੜੀ 'ਚ ਕਲਾਤਮਿਕ ਕਾਰੀਗਰੀ ਨਾਲ ਜਾਨ ਪਾਉਣ ਵਾਲਾ

ਮੇਜਰ ਸਿੰਘ ਨਾਭਾ, 9463553962

ਜੇਕਰ ਕਿੱਤਿਆਂ ਦੀ ਗੱਲ ਕੀਤੀ ਜਾਵੇ ਤਾਂ ਹਰੇਕ ਕਿੱਤੇ ਵਿੱਚ ਕਲਾ ਦੀ ਝਲਕ ਸਬੰਧਤ ਕਾਰੀਗਰ ਦੇ ਕੰਮ 'ਚੋਂ ਜਰੂਰ ਦਿਖਾਈ ਦਿੰਦੀ ਹੈ। ਲਕੜ 'ਚ ਜਾਨ ਪਾਉਣ ਵਾਲੇ ਮਿਸਤਰੀ ਦੇ ਹੱਥਾਂ ਵਿੱਚ ਸੱਚਮੁੱਚ ਕਲਾ ਸਮੋਈ ਹੁੰਦੀ ਹੈ। ਇਸੇ ਤਰ੍ਹਾਂ ਦੇ ਹੀ ਕਾਰੀਗਰ ਹਨ ਸ੍ਰ. ਪਾਲ ਸਿੰਘ ਥੂਹੀ ਵਾਲੇ ਜਿਨ੍ਹਾਂ ਦੇ ਹੱਥਾਂ ਦੀਆਂ ਬਣਾਈਆਂ ਕਲਾਤਮਿਕ ਵਸਤਾਂ ਮਨ ਨੂੰ ਦੂਰੋਂ ਹੀ ਭਾਉਂਦੀਆਂ ਹਨ। ਉਸ ਦਾ ਜਨਮ ਪਿੰਡ ਥੂਹੀ (ਪਟਿਆਲਾ) ਵਿਖੇ ਸਵ: ਸ੍ਰ. ਕਰਤਾਰ ਸਿੰਘ ਸਾਬਕਾ ਸਿਪਾਹੀ (ਮਿਲਟਰੀ) ਜਿਨ੍ਹਾਂ ਨੇ ਦੂਜੀ ਸੰਸਾਰ ਜੰਗ ਲੜਕੇ ਪੈਨਸ਼ਨ ਲਈ, ਦੇ ਘਰ ਮਾਤਾ ਸਵ: ਸਰਦਾਰਨੀ ਚੰਦ ਕੌਰ ਦੀ ਕੁੱਖੋਂ 21 ਨਵੰਬਰ 1953 ਨੂੰ ਹੋਇਆ। ਪਾਲ ਸਿੰਘ ਦੇ ਪਿਤਾ ਸ੍ਰੀ ਕਰਤਾਰ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ। ਉਨ੍ਹਾਂ ਨੇ ਬੜੇ ਔਖੇ ਦਿਨਾਂ ਵਿੱਚ ਦ੍ਰਿੜਤਾ ਨਾਲ ਬੇਝਿਜਕ ਹੋ ਕੇ ਮਿਹਨਤ ਕੀਤੀ। ਸੇਵਾ ਮੁਕਤੀ ਤੋਂ ਬਾਅਦ ਉਹ ਜੱਦੀ ਤਰਖਾਣਾ ਕੰਮ ਵੀ ਕਰਦੇ ਰਹੇ। ਉਹ ਚਰਖੇ, ਗੱਡੇ, ਬੜੀ ਰੀਝ ਨਾਲ ਬਣਾਉਂਦੇ ਸਨ। ਉਨ੍ਹਾਂ ਨੇ ਫੌਜ ਦੀ ਨੌਕਰੀ ਦੌਰਾਨ ਇਮਾਨਦਾਰੀ ਨਾਲ ਕੰਮ ਕੀਤਾ। ਪਾਲ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਪੰਜਵੀਂ ਤੱਕ ਆਪਣੇ ਪਿੰਡ ਦੇ ਹੀ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਉਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਭਾ ਤੋਂ ਮਿਡਲ ਤੱਕ ਪੜ੍ਹਾਈ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੂੰ ਪੜ੍ਹਾਈ ਛੱਡ ਕੇ ਲਕੜੀ ਦਾ ਕੰਮ ਕਰਨਾ ਪਿਆ ਜਦੋਂ ਕਿ ਉਸ ਦਾ ਪੜ੍ਹਨ ਨੂੰ ਦਿਲ ਕਰਦਾ ਸੀ। ਉਹ ਨਾਮਵਰ ਸ੍ਰੋਮਣੀ ਕਵੀ ਦਰਸ਼ਨ ਬੁੱਟਰ ਦੇ ਜਮਾਤੀ ਹਨ। ਉਸ ਦਾ ਵਿਆਹ 1973 ਵਿੱਚ ਪਿੰਡ ਧਬਲਾਨ ਵਿਖੇ ਮਹਿੰਦਰ ਕੌਰ ਨਾਲ ਹੋਇਆ ।ਉਸ ਨੇ ਆਪਣੇ ਪਿਤਾ ਨਾਲ 1975 ਤੱਕ ਲਕੜੀ ਦਾ ਕੰਮ ਕੀਤਾ ।ਵੱਡਾ ਭਰਾ ਪ੍ਰੇਮ ਸਿੰਘ ਅਤੇ ਪਾਲ ਸਿੰਘ ਇੱਕੋ ਘਰ ਘਰ ਵਿਆਹੇ ਹੋਏ ਹਨ। ਦੋਹਾਂ ਭਰਾਵਾਂ ਨੇ ਫਿਰ ਸਾਂਝਾ ਫਰਨੀਚਰ ਦਾ ਕੰਮ ਸ਼ੁਰੂ ਕੀਤਾ ਜੋ ਉਨ੍ਹਾਂ ਸਾਂਝੇ ਤੌਰ ਤੇ 2016 ਤੱਕ ਕੀਤਾ। ਮਿ: ਪਾਲ ਸਿੰਘ ਜਿਥੇ ਮੇਖ ਲਾ ਦਿੰਦਾ ਹੈ ਮਜ਼ਾਲ ਕਿ ਚੂਲ ਹਿੱਲ ਜਾਵੇ। ਥੋੜ੍ਹਾ ਚਿਰ ਉਸ ਨੇ ਵੱਖਰਾ ਕੰਮ ਕੀਤਾ ਅਤੇ ਫਿਰ ਪਵਿੱਤਰ ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਵਿਖੇ ਪੱਕੀ ਰਿਹਾਇਸ਼ ਬਣਾ ਲਈ ਕਿਉਂਕਿ ਬੇਟਾ ਹਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਵਿਖੇ ਕਲੈਰੀਕਲ ਪੋਸਟ ਤੇ ਨੌਕਰੀ ਕਰ ਰਿਹਾ ਹੈ। ਪਾਲ ਸਿੰਘ ਦੇ ਹੱਥ ਦੀ ਸਫਾਈ ਬਣਾਈ ਆਈਟਮ 'ਚੋਂ ਸਾਫ ਝਲਕਦੀ ਹੁੰਦੀ ਹੈ। ਕੋਠੀਆਂ, ਦੁਕਾਨਾਂ ਅੰਦਰ ਕੱਪ-ਬੋਰਡ, ਅਲਮਾਰੀਆਂ, ਸ਼ੌਅ-ਕੇਸ, ਹੋਰ ਸਾਰਾ ਫਰਨੀਚਰ ਆਦਿ ਦਾ ਤਸੱਲੀਬਖਸ਼ ਕੰਮ ਕਰਕੇ ਸ਼ਹਿਰ ਵਿੱਚ ਨਾਮ ਬਣਾਇਆ ਹੈ। ਉਹ ਡਿਜ਼ਾਇਨ ਵਾਲੇ ਚਰਖੇ ਬਣਾਉਣ ਤੋਂ ਇਲਾਵਾ ਨਮਕਦਾਨੀ, ਚਕਲੇ-ਵੇਲਣੇ, ਰੋਟੀ ਆਦਿ ਰੱਖਣ ਵਾਲੀਆਂ ਜਾਲੀਆਂ, ਘੋਟਣੇ, ਮੋਗਰੀਆਂ, ਬਚੀ ਹੋਈ ਲਕੜੀ ਦੇ ਟੋਟਿਆਂ ਤੋਂ ਬਣਾਉਂਦੇ ਰਹੇ ਹਨ । ਉਨ੍ਹਾਂ ਦਾ ਬੇਟਾ ਹਰਪ੍ਰੀਤ ਸਿੰਘ ਗੋਬਿੰਦਗੜ੍ਹ ਵਿਖੇ ਹਰਪ੍ਰੀਤ ਕੌਰ ਨਾਲ ਵਿਆਹਿਆ ਹੋਇਆ ਹੈ। ਉਸ ਦੀਆਂ ਬੇਟੀਆਂ ਅਰਸ਼ਜੋਤ ਕੌਰ ਅਤੇ ਪ੍ਰਭਨੂਰ ਕੌਰ ਪੜ੍ਹ ਰਹੀਆਂ ਹਨ। ਸਾਰਾ ਪਰਿਵਾਰ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ। ਬੇਟਾ ਹਰਪ੍ਰੀਤ ਸਿੰਘ ਕਈ ਧਾਰਮਿਕ ਸੰਸਥਾਵਾਂ ਨਾਲ ਜੁੜੇ ਹੋਣ ਕਾਰਨ ਲੌੜਵੰਦਾਂ ਦੀ ਹਮੇਸ਼ਾ ਮਦਦ ਕਰਨ ਲਈ ਤੱਤਪਰ ਰਹਿੰਦਾ ਹੈ। ਮਿ: ਪਾਲ ਸਿੰਘ ਆਪਣੇ ਪਰਿਵਾਰ ਨਾਲ ਮਾਡਰਨ ਵੈਲੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਰਹਿ ਰਹੇ ਹਨ ਅਤੇ ਹੁਣ ਵੀ ਉਹ ਵੀ ਉਹ ਕੰਮ ਕਰਦੇ ਰਹਿੰਦੇ ਹਨ। ਵਾਹਿਗੁਰੂ ਜੀ ਪਰਿਵਾਰ ਨੂੰ ਹਮੇਸ਼ਾਂ ਸਿਹਤਯਾਬੀ ਅਤੇ ਚੜ੍ਹਦੀਕਲਾ ਬਖਸ਼ਣ।



# ਗਣਤੰਤਰ ਦੇ ਗਹਿਰੇ ਅਰਥ ਭਾਰਤ ਲਈ ਲੋਕਤੰਤਰ, ਸਮਾਨਤਾ, ਨਿਆਂ ਅਤੇ ਸੁਤੰਤਰਤਾ ਵਰਗੇ ਮੁੱਲਾਂ ਨੂੰ ਜੀਨ ਦੀ ਆਗਿਆ ਦਿੰਦਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਭਾਰਤ ਦੇ ਕੁਝ ਦਿਨ ਬਾਅਦ ਆਪਣਾ 76ਵਾਂ ਗਣਤੰਤਰ ਦਿਵਸ ਮਨਾਏ ਜਾ ਰਿਹਾ ਹੈ। ਇਹ ਸਾਰੇ ਦੇਸ਼ ਵਿੱਚ ਤਿਆਰ ਹਨ। ਰਾਜਧਾਨੀ ਦਿੱਲੀ ਵਿੱਚ ਮੁੱਖ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਜੇਕਰ ਕੋਈ ਪੁੱਛਦਾ ਹੈ ਕਿ ਭਾਰਤ ਲਈ ਗਣਤੰਤਰ ਦਿਵਸ ਕਿਉਂ ਖਾਸ ਹੈ, ਤਾਂ ਇਸ ਸਵਾਲ ਦਾ ਜਵਾਬ ਹੋਵੇਗਾ ਕਿ ਗਣਤੰਤਰ ਰਾਸ਼ਟਰ ਬਣਨ ਦੇ ਬਾਅਦ ਦੇਸ਼ ਵਿੱਚ ਤੁਹਾਡੇ ਅੰਦਰੂਨੀ ਅਤੇ ਬਾਹਰੀ ਮਾਮਲਿਆਂ ਵਿੱਚ ਫੈਸਲਾ ਲੈਣ ਲਈ ਆਜ਼ਾਦ ਹੋ ਸਕਦਾ ਹੈ। ਗਣਤੰਤਰੀ ਭਾਰਤ ਲਈਬਹੁਤ ਗਹਰਾ ਅਤੇ ਮਹੱਤਵਪੂਰਨ ਅਰਥ ਹੈ। ਇਹ ਇੱਕ ਸਿਆਸੀ ਵਿਵਸਥਾ ਨਹੀਂ ਹੈ, ਇਹ ਸਾਡੇ ਦੇਸ਼ ਦੇ ਮੁੱਲਾਂ, ਇਤਿਹਾਸ ਅਤੇ ਭਵਿੱਖ ਦੀ ਦਿਸ਼ਾ ਨੂੰ ਬਦਲਦਾ ਹੈ। ਗਣਤੰਤਰ ਨੇ ਆਪਣੀ ਸਿਆਸੀ, ਆਰਥਿਕ ਅਤੇ ਸਮਾਜਿਕ ਭਾਰਤ ਨੂੰ ਖੁਦ ਨੂੰ ਮਜ਼ਬੂਤ ਕਰਨ ਦਾ ਅਧਿਕਾਰ ਦਿੱਤਾ ਹੈ। ਇਸੇ ਤਹਿਤ ਦੇਸ਼ ਵਿੱਚ ਇੱਕ ਲੋਕਤੰਤਰਿਕ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ, ਜਨਤਾ ਨੂੰ ਆਪਣੇ ਪ੍ਰਤੀਨਿਧੀਆਂ ਨੂੰ ਚੁਣਨ ਦਾ ਹੱਕ ਮਿਲਿਆ। ਭਾਰਤ ਵਿੱਚ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਸਾਰੇ ਬਾਲ ਨਾਗਰਿਕਾਂ ਨੂੰ ਅਧਿਕਾਰ ਮਿਲਦੇ ਹਨ। ਇਹ ਸਭ ਆਮ ਗੱਲਾਂ ਕੀ ਹਨ? ਗਣਤੰਤਰ ਦੇਸ਼ ਬਣਾਉਣ ਦਾ ਬਾਸਰਕਾਰ ਦੇ ਲੋਕ ਜਵਾਬਦੇਹ ਬਣਦੇ ਹਨ ਅਤੇ ਉਨ੍ਹਾਂ ਦੇ ਨਿਯਮਿਤ ਚੋਣ ਦੇ ਮਾਧਿਅਮ ਤੋਂ ਉਨ੍ਹਾਂ ਦੀ ਜਵਾਬਦੇਹੀ ਦਾ ਜਵਾਬ ਦੇਣਾ ਹੁੰਦਾ ਹੈ। ਕੀ ਇਹ ਸਭ ਰਾਜਸ਼ਾਹੀ ਜਾਂ ਗੋਰੀ ਸਰਕਾਰ ਦਾ ਵਚਨ ਸੰਭਵ ਹੈ... ਨਹੀਂ। ਗਣਤੰਤਰ ਨੇ ਕਾਨੂੰਨ ਦੇ ਰਾਜ ਦੀ ਸਥਾਪਨਾ ਦੀ, ਸਾਰੇ ਨਾਗਰਿਕ ਕਾਨੂੰਨਾਂ ਦੀ ਸਮਝ ਸਮਾਨ ਹੈ। ਨਾਗਰਿਕਾਂ ਨੂੰ ਮੌਲਿਕ ਅਧਿਕਾਰ ਮਿਲੇ, ਜਿਵੇਂ ਕਿ ਸਮਾਨਤਾ ਦਾ ਅਧਿਕਾਰ, ਆਜ਼ਾਦਤਾ ਦਾ ਅਧਿਕਾਰ, ਧਾਰਮਿਕ ਆਜ਼ਾਦੀ ਦਾ ਅਧਿਕਾਰ, ਆਦਿ। ਇਹ ਅਧਿਕਾਰ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਪ੍ਰਾਪਤ ਹੁੰਦੇ ਹਨ। ਵਿੱਚ ਦਾਖਲਾ ਦਾ ਕਾਨੂੰਨ ਨਹੀਂ ਦਿੱਤਾ ਜਾ ਸਕਦਾ ਹੈ ਅਤੇ ਕਾਨੂੰਨ ਸਾਰੇ ਨਾਗਰਿਕਾਂ ਨੂੰ ਇਨਹਮੇਸ਼ਾ ਦੀ ਰੱਖਿਆ ਕਰਦੀ ਹੈ। गणतंत्र बनने से भारत में कानून का शासन लागू हो गया। ਇਸੇ ਦੇ ਨਾਲ ਦੇਸ਼ ਵਿੱਚ ਕਾਨੂੰਨ ਦੀ ਸਥਾਪਨਾ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਇਆ ਗਿਆ। ਸ਼ਬਦ ਦਾ ਮਤਲਬ ਹੈ ਕਿ ਦੇਸ਼ ਵਿੱਚ ਸਾਰੇ ਨਾਗਰਿਕ, ਉਹਨਾਂ ਦੀ ਸਮਾਜਿਕ ਸਥਿਤੀ, ਧਰਮ, ਜਾਤੀ ਜਾਂ ਲਿੰਗ ਕੁਝ ਵੀ ਹੋ, ਕਾਨੂੰਨ ਦੇ ਸਮਕਸ਼ ਸਮਾਨ ਹਨ। ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ ਅਤੇ ਸਾਰੇ ਕਾਨੂੰਨ ਦਾ ਪਾਲਣ ਕਰਨਾ ਹੈ। ਗਣਤੰਤਰ ਬਣਨ ਤੋਂ ਪਹਿਲਾਂ, ਭਾਰਤ ਵਿੱਚ ਬ੍ਰਿਟੇਨ ਸਰਕਾਰ, ਕਾਨੂੰਨ ਅੰਗ੍ਰੇਜ਼ਾਂ ਦੁਆਰਾ ਬਣਾਏ ਜਾਂਦੇ




ਹਨ ਅਤੇ ਉਦੇਸ਼ ਭਾਰਤ 'ਤੇ ਆਪਣਾ ਨਿਯੰਤਰਣ ਬਣਾਇਆ ਜਾਂਦਾ ਹੈ।। उस समय, ਭਾਰਤੀਆਂ ਨੂੰ ਸਮਾਨ ਅਧਿਕਾਰ ਪ੍ਰਾਪਤ ਨਹੀਂ ਹੁੰਦੇ ਅਤੇ ਉਹਨਾਂ ਨੂੰ ਅਕਸਰ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਗੱਲ ਕਨੂੰਨ ਦੀ ਸਰਕਾਰ ਦੀ ਸਥਾਪਨਾ ਵਿੱਚ ਗਣਤੰਤਰ ਬਣਾਉਣ ਦੇ ਬਾਅਦ ਉਠਾਏ ਗਏ ਮਹੱਤਵਪੂਰਨ ਕਦਮ ਵੀ ਚੁੱਕਦੇ ਹਨ। ਭਾਰਤ ਦੇ ਸੰਵਿਧਾਨ ਨੇ ਕਾਨੂੰਨ ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਵਿਧਾਨ ਨੇ ਸ਼ਕਤੀਆਂ ਨੂੰ ਸਰਕਾਰ ਦੇ ਵੱਖ-ਵੱਖ ਅੰਗ (ਵਿਧਾਯ, ਕਾਰਜਪਾਲਿਕਾ ਅਤੇ ਜਸਟਿਸਪਾਲਿਕਾ) ਦੇ ਵਿਚਕਾਰਲੇ ਭਾਗ, ਕਿਸੇ ਇੱਕ ਅੰਗ ਦੇ ਪਾਸ ਬਹੁਤ ਜ਼ਿਆਦਾ ਸ਼ਕਤੀ ਨਹੀਂ ਹੈ। ਦੇਸ਼ ਵਿੱਚ ਇੱਕ ਆਜ਼ਾਦ ਨਿਆਂਪਾਲਿਕਾ ਦੀ ਸਥਾਪਨਾ ਕੀਤੀ, ਜੋ ਕਾਨੂੰਨਾਂ ਦੀ ਵਿਆਖਿਆਸਰਕਾਰ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਨਾਗਰਿਕਾਂ ਨੂੰ ਮਿਲੇ। ਨਿਆਪਾਲਿਕਾ ਕਾਰਜਪਾਲਿਕਾ ਅਤੇ ਵਿਦਾਇਕਾ ਦੇ ਪ੍ਰਭਾਵ ਤੋਂ ਮੁਕਤ ਹੈ। ਕਾਨੂੰਨ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ, ਨਿਯੰਤਰਣ ਅਤੇ ਮਹਾਲੇਖਾ ਪਰੀਦਾਰ ਵਰਗੀ ਸੰਸਥਾ ਦਾ ਨਿਰਮਾਣ ਕੀਤਾ ਗਿਆ, ਜੋ ਕਿ ਇਹ ਯਕੀਨੀ ਬਣਾਉਣਾ ਕਿ ਸਰਕਾਰ ਦੇ ਕਾਨੂੰਨ ਅਨੁਸਾਰ ਕੰਮ ਕਰਨਗੇ। ਸਮੇਂ ਦੇ ਨਾਲ, ਕਾਨੂੰਨਾਂ ਵਿੱਚ ਸੰਸ਼ੋਧਨ ਦੀ ਪ੍ਰਕਿਰਿਆ ਨੂੰ ਸਥਾਪਿਤ ਕੀਤਾ ਗਿਆ ਹੈ, ਤਾਂ ਜੋ ਬਦਲੇ ਸਮਾਜਿਕ ਮੁੱਲ ਅਤੇ ਲੋੜਾਂ ਅਨੁਕੂਲ ਹੋ ਸਕਦੀਆਂ ਹਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕਾਨੂੰਨ ਦਾ ਰਾਜ ਲੋਕਤੰਤਰ ਦੀ ਨੀਂਵ ਹੈ ਅਤੇ ਯਾ ਕਿਸੇ ਵੀ ਦੇਸ਼ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਜ਼ਰੂਰੀ ਹੈ। ਇਹ ਯਕੀਨੀ ਬਣਾਓ ਕਿ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਮਹਿਸੂਸ ਕਰੋ, ਸਾਰੇ ਨਾਗਰਿਕਾਂ ਨੂੰ ਸਮਾਨ ਮੌਕੇ ਮਿਲਦੇ ਹਨ, ਸਰਕਾਰ ਜਵਾਬਦੇਹ ਹੈ, ਭ੍ਰਿਸ਼ਟਚਾਰ ਖ਼ਤਮ ਹੋ ਜਾਂਦੀ ਹੈ ਅਤੇ ਦੇਸ਼ ਵਿੱਚ ਸ਼ਾਂਤੀ ਅਤੇ ਸਥਿਰਤਾ ਬਣ ਜਾਂਦੀ ਹੈ। ਹਾਲਾਂਕਿ, ਇਹ ਵੀ ਸੱਚ ਹੈ ਕਿ ਭਾਰਤ ਵਿੱਚ ਕਾਨੂੰਨ ਦੇ ਨਿਯਮ ਪੂਰੀ ਤਰ੍ਹਾਂ ਲਾਗੂ ਹੋਣ ਦੇ ਬਾਵਜੂਦ ਵੀ ਚੁਣੌਤੀਆਂ ਹਨ। ਗਰੀਬ ਅਤੇ ਹਾਸ਼ੀਏ 'ਤੇ ਰਹਿਣ ਵਾਲੇ ਸਮੂਹਾਂ ਨੂੰ ਨਿਆਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਘਬਰਾਹਟ ਅਤੇ ਤਣਾਅਪੂਰਨ ਵੀ ਕਾਨੂੰਨ ਦੇ ਕਾਰਨ ਸਰਕਾਰ ਕਮਜ਼ੋਰ ਹੁੰਦੀ ਹੈ। ਫਿਰ ਵੀ, ਭਾਰਤ ਵਿੱਚ ਕਾਨੂੰਨ ਦਾ ਰਾਜਇੱਕ ਆਦਰਸ਼ ਦੇਖਣ ਲਈ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। गणतंत्र बनने से भारत में कानून के शासन की नींव रखी गई। ਪਰ ਅਜੇ ਵੀ ਕੁਝ ਚੁਣਨੀਆਂ ਹਨ, ਪਰ ਦੇਸ਼ ਵਿੱਚ ਲਗਾਤਾਰ ਇਹੋ ਜਿਹਾ ਸਮਾਜ ਵਧਦਾ ਜਾ ਰਿਹਾ ਹੈ ਜਿੱਥੇ ਸਾਰੇ ਕਾਨੂੰਨ ਸਮਾਨ ਰੂਪ ਵਿੱਚ ਲਾਗੂ ਹੁੰਦੇ ਹਨ। ਇਹ ਇੱਕ ਨਿਰੰਤਰ ਪ੍ਰਕਿਰਿਆ ਹੈ, ਸਰਕਾਰ, ਨਿਆਪਾਲਿਕਾ, ਨਾਗਰਿਕ ਸਮਾਜ ਅਤੇ ਸਾਰੇ ਨਾਗਰਿਕਾਂ ਨੂੰ ਮਿਲਕਰ ਕੰਮ ਕਰਨਾ ਹੋਵੇਗਾ। ਗਣਤੰਤਰ ਨੇ ਸਮਾਜਿਕ ਨਿਆਂ ਲਈ ਟੀਚਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਸਮਾਜ ਦੇ ਸਾਰੇ ਵਰਗਾਂ ਨੂੰ ਸਮਾਨ ਮੌਕਾ ਪ੍ਰਦਾਨ ਕਰਨਾ ਸ਼ਾਮਲ ਹੈ। गणतंत्र ने भारत को अधनਮੈਂ ਆਰਥਿਕ ਵਿਕਾਸ ਨੂੰ ਆਪਣੇ ਆਪ ਨੂੰ ਠੀਕ ਕਰਨ ਦਾ ਅਧਿਕਾਰ ਦਿੱਤਾ ਹੈ। ਗਣਤੰਤਰ ਨੇ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਨੂੰ ਜੋੜਿਆ, ਸਾਕਸ਼ਰਤਾ ਦਰ ਵਿੱਚ ਵਾਧਾ ਹੋਇਆ। ਗਣਤੰਤਰ ਬਣਨ ਦੇ ਬਾਅਦ ਭਾਰਤ ਦੀ ਆਰਥਿਕ ਤਰੱਕੀ ਦਾ ਰਾਹ ਕਿਵੇਂ ਸਾਫ਼ ਕਰਨਾ, ਇਸ ਲਈ ਸਾਨੂੰ ਕੁਝ ਮਹੱਤਵਪੂਰਨ ਪਹਿਲੂਆਂ 'ਤੇ ਧਿਆਨ ਦੇਣਾ ਚਾਹੀਦਾ ਹੈ: ਭਾਰਤ ਨੇ ਸੋਵੀਅਤ ਸੰਘ ਦੇ ਨਿਰਮਾਤਾਵਾਂ ਦੇ ਹੋਕਰ ਪੰਚਵਾਦੀ ਯੋਜਨਾਵਾਂ ਦੀ ਸ਼ੁਰੂਆਤ। ਇਨਕਾ ਉਦੇਸ਼ ਦੇਸ਼ ਦੀ ਅਰਥਵਿਵਸਥਾ ਨੂੰ ਨਿਯੋਜਿਤ ਵਿਧੀ ਤੋਂ ਵਿਕਸਿਤ ਕਰਨਾ। ਇਨ ਯੋਜਨਾਵਾਂ ਵਿੱਚ ਖੇਤੀਬਾੜੀ, ਉਦਯੋਗ, ਸਿੱਖਿਆ, ਸਿਹਤ ਅਤੇ ਸਬੰਧਢੇਰ ਵਰਗਾ ਧਿਆਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਭਾਰਤ ਨੇ ਇੱਕ ਮਿਸ਼ਰਿਤ ਜਨਤਕ ਅਰਥ ਵਿਵਸਥਾ ਨੂੰ ਅਪਣਾਇਆ, ਇਸ ਵਿੱਚ ਨਿੱਜੀ ਅਤੇ ਦੋਸੀਆਂ ਦੀ ਮਹੱਤਵਪੂਰਨ ਭੂਮਿਕਾ ਨਿਭਾਈ। ਜਨਤਕ ਖੇਤਰ ਨੂੰ ਭਾਰੀ ਉਦਯੋਗਾਂ ਅਤੇ ਢੁਕਵਾਂ ਵਿਕਾਸ ਦੀ ਜ਼ਿੰਮੇਵਾਰੀ ਦਿੱਤੀ ਗਈ, ਜਦੋਂ ਕਿ ਨਿੱਜੀ ਖੇਤਰ ਨੂੰ ਖਪਤਕਾਰਾਂ ਦੇ ਖਾਣ-ਪੀਣ ਦੇ ਉਤਪਾਦ ਅਤੇ ਸੇਵਾ ਨੂੰ ਉਤਸ਼ਾਹਿਤ ਕੀਤਾ ਗਿਆ। ਜ਼ਮੀਨੀਦਾਰੀ ਪ੍ਰਥਾ ਨੂੰ ਖਤਮ ਕਰਨ ਅਤੇ ਕਿਸਾਨਾਂ ਦੇ ਵਿਚਕਾਰ ਸਮਾਨ ਰੂਪ ਤੋਂ ਸੋਧ ਲਈ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕੀਤੇ ਗਏ ਹਨ। ਖੇਤੀ ਉਤਪਾਦਨ ਵਿੱਚ ਵਾਧਾ ਹੋਇਆ। 1960 ਦੇ ਦਸ਼ਾ ਮੇੳੰ ਹਰਿਤ ਕ੍ਰਾਂਤੀ ਦੀ ਸ਼ੁਰੂਆਤ, ਇਸ ਦੇ ਅਧੀਨ ਉੱਚ ਉਪਜ ਦੇਣ ਵਾਲੇ ਬੀਜਾਂ, ਉਰਵਰਕਾਂ ਅਤੇ ਸਿੰਚਾਈ ਤਕਨੀਕਾਂ ਦਾ ਉਪਯੋਗ ਕੀਤਾ ਗਿਆ।

ਖਾਣ-ਪੀਣ ਵਾਲੇ ਭਾਰਤ ਉਤਪਾਦ ਵਿੱਚ ਆਤਮ-ਨਿਰਭਰ ਬਣਾਉ। ਕਿਸਾਨਾਂ ਨੂੰ ਕਰਜ਼ਾ ਅਤੇ ਸਬਸਿਡੀ ਪ੍ਰਦਾਨ ਕੀਤੀ, ਉਨ੍ਹਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਨੂੰ ਅਪਣਾਉਣ ਵਿੱਚ ਮਦਦ ਮਿਲੀ। ਗਣਤੰਤਰ ਭਾਰਤ ਲਈ ਇੱਕ ਮਹਾਨ ਉਪਲਬਧ ਹੈ। ਇਹ ਇੱਕ ਅਜਿਹਾ ਸਿਆਸੀ ਢਾਂਚਾ ਹੈ ਜੋ ਸਾਨੂੰ ਸੰਪ੍ਰਭੂਤਾ, ਲੋਕਤੰਤਰ, ਸਮਾਨਤਾ, ਨਿਆਂ ਅਤੇ ਸੁਤੰਤਰਤਾ ਵਰਗੇ ਮੁੱਲਾਂ ਨੂੰ ਜੀਨੇ ਦੀ ਇਜਾਜ਼ਤ ਦਿੰਦਾ ਹੈ। ਇਹ ਸਾਨੂੰ ਇੱਕ ਮਜ਼ਬੂਤ, ਇੱਕਜੁਟ ਅਤੇ ਖੁਸ਼ਹਾਲ ਰਾਸ਼ਟਰ ਬਣਾਉਣ ਦਾ ਰਸਤਾ ਪ੍ਰਦਾਨ ਕਰਦਾ ਹੈ। ਅਸੀਂ ਗਣਤੰਤਰ ਨੂੰ ਕਾਇਮ ਕਰਨਾ ਅਤੇ ਇਸ ਦੇ ਆਦਰਸ਼ਾਂ ਨੂੰ ਅੱਗੇ ਵਧਾਉਣ ਲਈ ਕਾਇਮ ਰਹਿਣਾ ਚਾਹੀਦਾ ਹੈ। ਤੁਸੀਂ ਕਹਿ ਸਕਦੇ ਹੋ ਕਿ ਗਣਤੰਤਰ ਭਾਰਤ ਹਰ ਨਾਗਰਿਕ ਦੇ ਸੁਖ ਅਤੇ ਸਪਨਾਂ ਨੂੰ ਪੂਰਾ ਕਰਨ ਨੂੰ ਮਿਲਣਾ ਹੈ। ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹੋ ਸਕਦੀ।

# ਭਾਰਤ ਵਿੱਚ ਮਰਦਾਂ ਵਿਰੁੱਧ ਲਿੰਗ ਅਸਮਾਨਤਾ ਦੀ ਅਣਕਹੀ ਕਹਾਣੀ

ਵਿਜੇ ਗਰਗ

ਭਾਰਤੀ ਸਮਾਜ, ਲੰਬੇ ਸਮੇਂ ਤੋਂ ਪੁਰਸ਼ਾਂ ਦੇ ਵਿਰੁੱਧ ਲਿੰਗਕ ਅਸਮਾਨਤਾ ਅਤੇ ਪੁਰਸ਼ਾਂ ਦੇ ਵਿਰੁੱਧ ਲਿੰਗ ਅਸਮਾਨਤਾ ਵਿੱਚ ਫਸਿਆ ਹੋਇਆ ਹੈ, ਹੁਣ ਇਸ ਮੁੱਦੇ ਦੇ ਇੱਕ ਅਣਦੇਖੀ ਪਹਿਲੂ ਨਾਲ ਜੂਝ ਰਿਹਾ ਹੈ- ਮਰਦਾਂ ਦੇ ਵਿਰੁੱਧ ਲਿੰਗ ਅਸਮਾਨਤਾ ਭਾਰਤੀ ਸਮਾਜ ਵਿੱਚ ਹਮੇਸ਼ਾ ਹੀ ਔਰਤਾਂ ਦੇ ਖਿਲਾਫ ਮਰਦਪ੍ਰਸਤੀ ਅਤੇ ਲਿੰਗ ਅਸਮਾਨਤਾ ਦਾ ਦਬਦਬਾ ਰਿਹਾ ਹੈ। ਹਾਲਾਂਕਿ, ਇੱਕ ਟੈਕਨੀ ਅਤੇ ਇੱਕ ਹੈੱਡ ਕਾਂਸਟੇਬਲ ਦੀਆਂ ਦੋ ਹਾਲ ਹੀ ਦੀਆਂ ਖੁਦਕੁਸ਼ੀਆਂ, ਦੋਨਾਂ ਨੇ ਆਪਣੀਆਂ ਵਿਛੜੀਆਂ ਪਤਨੀਆਂ ਅਤੇ ਪਰਿਵਾਰਾਂ ਦੁਆਰਾ ਜਬਰੀ ਵਸੂਲੀ ਅਤੇ ਪਰੇਸ਼ਾਨ ਕਰਨ ਦਾ ਦੋਸ਼ ਲਗਾਇਆ, ਇੱਕ ਬਹੁਤ ਹੀ ਤਿੱਖੇ, ਔਰਤ-ਅਧਾਰਿਤ ਅਤੇ ਪੁਰਾਣੇ ਕਾਨੂੰਨੀ ਢਾਂਚੇ ਵੱਲ ਇਸ਼ਾਰਾ ਕੀਤਾ। ਲਿੰਗ ਅਸਮਾਨਤਾ ਬਹੁਤ ਹੱਦ ਤੱਕ ਇੱਕ ਅੱਧੀ ਕਹਾਣੀ ਬਣ ਕੇ ਰਹਿ ਗਈ ਹੈ, ਜੋ ਕਿ ਮਰਦ ਹਮਰੁਤਬਾ ਤੋਂ ਵਾਂਝੀ ਹੈ। ਭਾਰਤ ਵਿੱਚ ਕਾਨੂੰਨੀ ਪ੍ਰਣਾਲੀ ਔਰਤਾਂ ਦਾ ਪੱਖ ਪੂਰਦੀ ਹੈ ਕਿਉਂਕਿ ਭਾਰਤ ਵਿੱਚ ਦਾਜ ਦੇ ਕਾਨੂੰਨ ਵਿਸ਼ੇਸ਼ ਤੌਰ 'ਤੇ ਬਹੁਤ ਜ਼ਿਆਦਾ ਵਿਤਕਰੇ ਵਾਲੇ ਹਨ। ਇੰਡੀਅਨ ਐਵੀਡੈਂਸ ਐਕਟ, 1872 (ਹੁਣ ਭਾਰਤੀ ਸਕਸ਼ਮ ਅਧਿਅਮ, 2023) ਦੀ ਧਾਰਾ 113ਬੀ ਦੇ ਅਨੁਸਾਰ ਜੇਕਰ ਕੋਈ ਵਿਆਹੁਤਾ ਔਰਤ ਵਿਆਹ ਦੇ 7 ਸਾਲਾਂ ਦੇ ਅੰਦਰ ਆਤਮਹੱਤਿਆ ਕਰ ਲੈਂਦੀ ਹੈ, ਤਾਂ ਇਹ ਮੰਨਿਆ ਜਾਂਦਾ ਹੈ ਕਿ ਪਤੀ ਜਾਂ ਉਸਦੇ ਪਰਿਵਾਰ ਨੇ ਖੁਦਕੁਸ਼ੀ ਲਈ ਉਕਸਾਇਆ ਹੈ, ਜਦੋਂ ਕਿ ਇਹ ਲਾਗੂ ਨਹੀਂ ਹੁੰਦਾ। ਔਰਤਾਂ ਮੈਰਿਜ ਲਿਟੀਗੇਸ਼ਨ ਮਾਹਿਰਾਂ ਦਾ ਦਾਅਵਾ ਹੈ ਕਿ ਜਦੋਂ ਔਰਤਾਂ ਆਪਣੇ ਪਤੀਆਂ ਅਤੇ ਪਰਿਵਾਰਾਂ ਦੇ ਖਿਲਾਫ ਸ਼ਿਕਾਇਤਾਂ ਦਰਜ ਕਰਦੀਆਂ ਹਨ, ਤਾਂ ਦੁਰਵਿਵਹਾਰ ਦੀ ਗਤੀਸ਼ੀਲਤਾ ਅਤੇ ਅਸਪਸ਼ਟ ਦਸਤਾਵੇਜ਼ ਅਕਸਰ ਇਹਨਾਂ ਮਾਮਲਿਆਂ ਨੂੰ ਬਹੁਤ ਗੁੰਝਲਦਾਰ ਬਣਾਉਂਦੇ ਹਨ ਅਤੇ ਇੱਕ ਔਰਤ ਦੇ ਬਿਆਨ ਨੂੰ ਆਮ ਤੌਰ 'ਤੇ ਕੀਮਤੀ ਮੰਨਿਆ ਜਾਂਦਾ ਹੈ, ਜਿਸ ਨਾਲ ਕਾਨੂੰਨੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਅਸੰਤੁਲਨ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ, ਹਿੰਦੂ ਘੱਟ ਗਿਣਤੀ ਅਤੇ ਗਾਰਡੀਅਨਸ਼ਿਪ ਐਕਟ, 1956 ਦੇ ਅਨੁਸਾਰ, ਜ਼ਿਆਦਾਤਰ ਤਲਾਕ ਦੇ ਮਾਮਲਿਆਂ ਵਿੱਚ, ਖਾਸ ਤੌਰ 'ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹਿਰਾਸਤ ਵਿੱਚ ਔਰਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (NCRB) 2022 ਦੇ ਅੰਕੜਿਆਂ ਦੇ ਅਨੁਸਾਰ, ਮਰਦ ਕੁੱਲ 1,70,896



ਵਿੱਚੋਂ 1,22,724 ਖੁਦਕੁਸ਼ੀਆਂ ਹੋਈਆਂ। ਇਹ ਕੁੱਲ ਖੁਦਕੁਸ਼ੀਆਂ ਦਾ 71.81 ਫੀਸਦੀ ਹੈ। ਅੰਕੜੇ ਇਹ ਵੀ ਉਜਾਗਰ ਕਰਦੇ ਹਨ ਕਿ ਹਰ 4.45 ਮਿੰਟਾਂ ਵਿੱਚ ਇੱਕ ਆਦਮੀ ਖੁਦਕੁਸ਼ੀ ਕਰਦਾ ਹੈ ਜਦੋਂ ਕਿ ਇੱਕ ਔਰਤ ਹਰ 9 ਮਿੰਟਾਂ ਵਿੱਚ। ਇਸ ਤੋਂ ਇਲਾਵਾ, ਵਿਆਹੁਤਾ ਮਰਦਾਂ ਵਿਚ ਖੁਦਕੁਸ਼ੀ ਦੀ ਦਰ ਵਿਆਹੀਆਂ ਔਰਤਾਂ ਨਾਲੋਂ ਤਿੰਨ ਗੁਣਾ ਹੈ। 2021 ਵਿੱਚ 81,063 ਵਿਆਹੇ ਪੁਰਸ਼ਾਂ ਨੇ ਖੁਦਕੁਸ਼ੀ ਕੀਤੀ ਜਦੋਂ ਕਿ ਔਰਤਾਂ ਦੀ ਗਿਣਤੀ 28,660 ਸੀ। ਮੈਟਰੋਪੋਲੀਟਨ ਸ਼ਹਿਰਾਂ ਵਿੱਚ ਪਰਿਵਾਰਕ ਸਮੱਸਿਆਵਾਂ ਅਤੇ ਵਿਆਹ-ਸਬੰਧਤ ਮੁੱਦੇ ਖੁਦਕੁਸ਼ੀ ਦੇ ਪ੍ਰਮੁੱਖ ਕਾਰਨ ਸਨ, ਜੋ ਕਿ 32.5 ਪ੍ਰਤੀਸ਼ਤ ਮਾਮਲਿਆਂ ਵਿੱਚ ਸ਼ਾਮਲ ਹਨ। ਮਰਦਾਂ ਪ੍ਰਤੀ ਲਿੰਗ ਅਸਮਾਨਤਾ ਨਾ ਸਿਰਫ਼ ਭਾਰਤ ਵਿੱਚ ਸਗੋਂ ਵਿਸ਼ਵ ਪੱਧਰ 'ਤੇ ਸੱਭਿਆਚਾਰਕ ਅਤੇ ਅਕਾਦਮਿਕ ਖੋਜਾਂ ਵਿੱਚ ਸੀਮਤ ਚਰਚਾਵਾਂ ਲੱਭਦੀ ਹੈ। ਹਾਲਾਂਕਿ, ਤੱਥਾਂ 'ਤੇ ਡੂੰਘਾਈ ਨਾਲ ਨਜ਼ਰ ਮਾਰਨਾ ਮੁੱਖ ਤੌਰ 'ਤੇ ਪੱਖਪਾਤੀ ਨਾਰੀਵਾਦੀ ਸਮਾਜਕ ਢਾਂਚੇ ਨੂੰ ਪ੍ਰਗਟ ਕਰਦਾ ਹੈ। ਦਿੱਲੀ-ਅਧਾਰਤ ਸੰਗਠਨ, ਪੁਰਸ਼ ਆਯੋਗ ਦੇ ਸੰਸਥਾਪਕ ਦੇ ਅਨੁਸਾਰ, ਸਮਾਜ ਦੇ ਰੂੜ੍ਹੀਵਾਦੀ ਧਾਰਨਾਵਾਂ ਮੰਨਦੀਆਂ ਹਨ ਕਿ 'ਪੁਰਸ਼ ਸ਼ਿਕਾਰ ਨਹੀਂ ਹੋ ਸਕਦੇ', ਜਿਸ ਨਾਲ ਉਨ੍ਹਾਂ ਦੇ ਸਾਹਮਣੇ ਆਉਣ ਵਾਲੇ ਮੁੱਦਿਆਂ ਨੂੰ ਅਣਗੌਲਿਆ ਅਤੇ ਅਣਗੌਲਿਆ ਕੀਤਾ ਜਾਂਦਾ ਹੈ। ਸਟੋਏਟ ਐਂਡ ਗੇਰੀ, 2019 ਦੁਆਰਾ 134 ਦੇਸ਼ਾਂ ਲਈ ਕੀਤੇ ਗਏ ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ 91 (68 ਪ੍ਰਤੀਸ਼ਤ) ਦੇਸ਼ਾਂ ਵਿੱਚ ਮਰਦ ਔਰਤਾਂ ਦੇ ਮੁਕਾਬਲੇ ਜ਼ਿਆਦਾ ਵਾਂਝੇ ਸਨ। ਉਹਨਾਂ ਨੇ ਦਲੀਲ ਦਿੱਤੀ ਕਿ ਗਲੋਬਲ ਜੈਂਡਰ ਗੈਪ ਇੱਕ ਤਰੁੱਟੀ ਮਾਪਣ ਦੀਆਂ ਤਕਨੀਕਾਂ ਦੇ ਕਾਰਨ ਨੁਕਸਦਾਰ ਸੀ, ਜਿਸ ਵਿੱਚ ਸਾਹਿਤ ਦੀ ਅਣਹੋਂਦ ਕਾਰਨ ਅਜਿਹੀਆਂ ਸਥਿਤੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿੱਥੇ ਪੁਰਸ਼ਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ। ਫਰਾਂਸ ਵਿੱਚ ਇੱਕ ਹੋਰ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਔਰਤਾਂ ਦੇ ਦਬਦਬੇ ਵਾਲੇ ਕਾਰਜ ਸਥਾਨਾਂ ਵਿੱਚ ਪੁਰਸ਼ਾਂ ਦੇ ਵਿਰੁੱਧ ਵਿਤਕਰਾ ਪੁਰਸ਼-ਪ੍ਰਧਾਨ ਕਾਰਜ ਸਥਾਨਾਂ ਵਿੱਚ ਔਰਤਾਂ ਦੇ ਵਿਰੁੱਧ ਵਿਤਕਰੇ ਨਾਲੋਂ ਵਧੇਰੇ ਪ੍ਰਚਲਿਤ ਹੈ। ਉਲਟ ਲਿੰਗਵਾਦ ਦੀਆਂ ਅਜਿਹੀਆਂ ਉਦਾਹਰਣਾਂ, ਮਰਦ-ਵਿਰੋਧੀ ਪੱਖਪਾਤ ਦੇ ਨਾਲ ਬਹੁਤ ਜ਼ਿਆਦਾ ਪ੍ਰਚਲਿਤ ਹਨ, ਪਰ ਵਿਅੰਗਾਤਮਕ ਤੌਰ 'ਤੇ ਬਹੁਤ ਘੱਟ ਹਵਾਲਾ ਦਿੱਤਾ ਗਿਆ ਹੈ। ਮਾਨਸਿਕ ਸਿਹਤ ਖੋਜ ਵੀ ਔਰਤਾਂ 'ਤੇ ਕੇਂਦ੍ਰਿਤ ਹੈ, ਅਤੇ ਵਿਦਵਾਨ ਮਰਦਾਂ ਦੁਆਰਾ ਦਰਪੇਸ਼ ਸਮੱਸਿਆਵਾਂ ਨੂੰ 'ਚੁੱਪ ਮਹਾਂਮਾਰੀ' ਵਜੋਂ ਚੇਤਾਵਨੀ ਦਿੰਦੇ ਹਨ। ਕਾਨੂੰਨੀ ਢਾਂਚੇ ਵਿੱਚ ਔਰਤ ਦੋਸ਼ੀਆਂ ਨੂੰ ਇਸੇ ਤਰ੍ਹਾਂ ਦੇ ਜੁਰਮਾਂ ਲਈ ਲੰਮੀ ਅਤੇ ਜ਼ਿਆਦਾ ਸਖ਼ਤ ਕੈਦ ਹੋਣ ਦੀ ਸੰਭਾਵਨਾ ਘੱਟ ਹੈ। ਪ੍ਰਗਤੀਸ਼ੀਲ ਸਮਾਜਿਕ ਢਾਂਚੇ ਲਈ ਔਰਤਾਂ ਦਾ ਉਦਾਰੀਕਰਨ ਅਤੇ ਸਸ਼ਕਤੀਕਰਨ ਜ਼ਰੂਰੀ ਹੈਅਤੇ ਵਿਕਸਤ ਆਰਥਿਕਤਾ। ਫਿਰ ਵੀ, ਲਿੰਗ-ਸਮਾਨ ਦਾ ਦਰਜਾ ਮਰਦ ਸ਼ੋਸ਼ਣ ਦੀ ਕੀਮਤ 'ਤੇ ਨਹੀਂ ਵਧਣਾ ਚਾਹੀਦਾ। ਆਧੁਨਿਕ ਸਮਾਜ ਵਿੱਚ, ਲਿੰਗਕ ਭੂਮਿਕਾਵਾਂ ਅਤੇ ਸਬੰਧਾਂ ਦੇ ਵਿਕਾਸ ਦੇ ਨਾਲ; ਬਿਹਤਰ ਸਿੱਖਿਆ ਅਤੇ ਜਾਗਰੂਕਤਾ; ਅਤੇ ਇੱਕ ਨਾਰੀਵਾਦ ਜੋ ਸ਼ਕਤੀ ਪ੍ਰਾਪਤ ਕਰ ਰਿਹਾ ਹੈ, ਸੰਤੁਲਿਤ ਵਿਆਹ ਸੰਬੰਧੀ ਕਾਨੂੰਨ ਪਹਿਲਾਂ ਨਾਲੋਂ ਜ਼ਿਆਦਾ ਢੁਕਵੇਂ ਹਨ। ਸਰਕਾਰ ਨੂੰ ਵਿੱਤੀ ਜਟਿਲਤਾਵਾਂ, ਵਿਵਾਦਾਂ ਅਤੇ ਕਾਨੂੰਨੀ ਅਧਿਕਾਰਾਂ ਨੂੰ ਹੱਲ ਕਰਨ ਲਈ ਵਿਆਹ ਤੋਂ ਪਹਿਲਾਂ ਦੇ ਸਮਝੌਤਿਆਂ ਨੂੰ ਸ਼ਾਮਲ ਕਰਨ ਲਈ ਵਿਆਹ ਕਾਨੂੰਨਾਂ ਵਿੱਚ ਸੋਧ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

# ਸਰਦੀਆਂ ਵਿੱਚ ਗੁਰਦੇ ਦੀ ਪੱਥਰੀ ਦਾ ਖ਼ਤਰਾ ਕਿਉਂ ਵੱਧ ਜਾਂਦਾ ਹੈ?

ਵਿਜੈ ਗਰਗ

ਗੁਰਦੇ ਦੀ ਪੱਥਰੀ ਜਾਂ ਗੁਰਦੇ ਦੀ ਕੈਲਕੂਲੀ ਇੱਕ ਆਮ ਸਿਹਤ ਹੈ ਕੋਈ ਸਮੱਸਿਆ ਹੈ। ਜਿਸ ਦਾ ਸਮੇਂ ਸਿਰ ਇਲਾਜ ਨਾ ਹੋਣ 'ਤੇ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪੀਲਾ ਪਿਸ਼ਾਬ, ਜਲਨ ਦੀ ਭਾਵਨਾ ਪੱਥਰੀ ਦੇ ਕਾਰਨ ਹੋ ਸਕਦੀ ਹੈ। ਜਦੋਂ ਪੱਥਰੀ ਬਣ ਜਾਂਦੀ ਹੈ, ਤਾਂ ਇਹ ਛੋਟੇ-ਛੋਟੇ ਸਖ਼ਤ ਖਣਿਜ ਗੁਰਦਿਆਂ ਦੇ ਅੰਦਰ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕੀ ਸਰਦੀਆਂ ਵਿੱਚ ਗੁਰਦੇ ਦੀ ਪੱਥਰੀ ਦੇ ਮਾਮਲੇ ਵੱਧਦੇ ਹਨ? ਸਰਦੀਆਂ ਵਿੱਚ ਗੁਰਦੇ ਦੀ ਪੱਥਰੀ ਵਧਣ ਦੇ ਕਾਰਨਾਂ ਨੂੰ ਸਮਝਣ ਲਈ ਅਸੀਂ ਕਈ ਖੋਜ ਪੱਤਰ ਦੇਖੇ ਹਨ। ਤਾਂ ਜੋ ਸੱਚ ਤੁਹਾਡੇ ਤੱਕ ਪਹੁੰਚਾਇਆ ਜਾ ਸਕੇ।ਗੁਰਦੇ ਦੀ ਪੱਥਰੀ ਦੇ ਲੱਛਣ ਗੰਭੀਰ ਦਰਦ, ਮਤਲੀ ਅਤੇ ਉਲਟੀਆਂ ਦਾ ਕਾਰਨ ਬਣ ਸਕਦੇ ਹਨ। ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਇਹ ਗੁਰਦੇ ਦੇ ਕੰਮ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਇਸ ਕਾਰਨ ਸਰਦੀਆਂ ਵਿੱਚ ਗੁਰਦੇ ਦੀ ਪੱਥਰੀ ਬਣਨੀ ਸ਼ੁਰੂ ਹੋ ਜਾਂਦੀ ਹੈ। ਸਰਦੀ ਆਪਣੇ ਨਾਲ ਕਈ ਜੀਵਨ ਸ਼ੈਲੀ ਅਤੇ ਸਰੀਰਕ ਬਦਲਾਅ ਲੈ ਕੇ ਆਉਂਦੀ ਹੈ ਜੋ ਕਿ ਕਿਡਨੀ ਸਟੋਨ ਦਾ ਕਾਰਨ ਬਣਦੀ ਹੈ। ਠੰਡੇ ਮਹੀਨਿਆਂ ਦੌਰਾਨ ਲੋਕ ਸਰੀਰਕ ਤੌਰ 'ਤੇ ਘੱਟ ਸਰਗਰਮ ਹੁੰਦੇ ਹਨ। ਜਿਸ ਕਾਰਨ ਪਾਚਨ ਅਤੇ ਅੰਤੜੀਆਂ ਦੀ ਗਤੀ ਹੌਲੀ ਹੋ ਸਕਦੀ ਹੈ। ਜਿਸ ਕਾਰਨ ਕਿਡਨੀ ਸਟੋਨ ਬਣਨ ਦਾ ਖਤਰਾ ਵੱਧ ਜਾਂਦਾ ਹੈ। ਘੱਟ ਪਾਣੀ ਪੀਣ ਅਤੇ ਸਰੀਰਕ ਤੌਰ 'ਤੇ ਘੱਟ ਸਰਗਰਮ ਹੋਣ ਕਾਰਨ ਟਾਇਲਟ ਜਾਣ 'ਚ ਮੁਸ਼ਕਲ ਆਉਂਦੀ ਹੈ।ਇਸ ਪੈਟਰਨ ਵਿੱਚ ਵੀ ਇੱਕ ਸਮੱਸਿਆ ਹੈ। ਜੋ ਕਿਡਨੀ ਵਿੱਚ ਪੱਥਰੀ ਬਣਨ ਦਾ ਕਾਰਨ ਬਣਦਾ ਹੈ।

**ਡੀਹਾਈਡਰੇਸ਼ਨ:** ਜਰਨਲ ਆਫ਼ ਐਨਵਾਇਰਨਮੈਂਟਲ ਹੈਲਥ ਐਂਡ ਪ੍ਰੀਵੈਂਟਿਵ ਮੈਡੀਸਨ ਵਿੱਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ, ਸਰਦੀਆਂ ਵਿੱਚ ਡੀਹਾਈਡਰੇਸ਼ਨ ਜ਼ਿਆਦਾ ਹੁੰਦੀ ਹੈ ਕਿਉਂਕਿ ਲੋਕ ਘੱਟ ਪਾਣੀ ਪੀਂਦੇ ਹਨ। ਅਕਸਰ ਆਪਣੇ ਸਰੀਰ ਦੀਆਂ ਹਾਈਡਰੇਸ਼ਨ ਲੋੜਾਂ ਨੂੰ ਘੱਟ ਸਮਝੋ। ਇਸ ਨਾਲ ਟਾਇਲਟ ਮੋਟਾ ਹੋ ਜਾਂਦਾ ਹੈ। ਜੋ ਕਿ ਗੁਰਦੇ ਦੀ ਪੱਥਰੀ ਨੂੰ ਬਣਨ ਲਈ ਇੱਕ ਆਦਰਸ਼ ਵਾਤਾਵਰਣ ਬਣਾਉਂਦਾ ਹੈ।

**ਡਾਈਟ ਕਾਰਨ ਵੀ ਗੁਰਦੇ ਦੀ ਪੱਥਰੀ ਹੋ ਸਕਦੀ ਹੈ:** ਕੁਝ ਖਾਣ ਵਾਲੀਆਂ ਚੀਜ਼ਾਂ ਜਿਵੇਂ ਕਿ ਗਿਰੀਦਾਰ ਅਤੇ ਗਿਰੀਦਾਰ ਉਤਪਾਦ, ਮੂੰਗਫਲੀ, ਪਾਲਕ, ਲਾਲ ਮੀਟ, ਚਿਕਨ,ਬਹੁਤ ਜ਼ਿਆਦਾ ਪਨੀਰ ਅਤੇ ਹੋਰ ਡੇਅਰੀ ਉਤਪਾਦ ਖਾਣ ਨਾਲ ਸਰਦੀਆਂ ਵਿੱਚ ਪੱਥਰੀ ਬਣਨ ਦਾ ਖ਼ਤਰਾ ਵਧ ਸਕਦਾ ਹੈ। ਇਨ੍ਹਾਂ ਭੋਜਨ ਪਦਾਰਥਾਂ ਵਿੱਚ ਆਕਸੀਲੇਟਸ ਅਤੇ ਪ੍ਰੋਟੀਨ ਦੀ ਮਾਤਰਾ ਵਧੇਰੇ ਹੁੰਦੀ ਹੈ। ਜੋ ਪੱਥਰੀ ਬਣਾਉਣ ਵਿੱਚ ਮਦਦ ਕਰਦਾ ਹੈ।

**ਗੁਰਦੇ ਦੀ ਪੱਥਰੀ ਦੇ ਲੱਛਣ**

**ਟਾਇਲਟ ਦੀ ਮਾਤਰਾ ਵਿੱਚ ਕਮੀ:** ਵਾਰ-ਵਾਰ ਟਾਇਲਟ ਜਾਣਾ ਅਤੇ ਪਿਸ਼ਾਬ ਦੀ ਮਾਤਰਾ ਘਟਣ ਨਾਲ ਗੁਰਦੇ ਦੀ ਪੱਥਰੀ ਘੱਟ ਜਾਂਦੀ ਹੈ।

**ਪਿੱਠ ਜਾਂ ਪੇਟ ਦੇ ਹੇਠਲੇ ਹਿੱਸੇ ਵਿੱਚ ਤੇਜ਼ ਦਰਦ:** ਜੇਕਰ

*(ਬਾਕੀ ਅਗਲੇ ਸਫੇ ‘ਤੇ)*

# ਹਿੰਦੀ ਸਿਨੇਮਾ ਜਗਤ ਦੀ ਮੀਲ ਪੱਥਰ ਫਿਲਮ-ਸ਼ੋਅਲੇ ਗੋਲਡਨ ਜੁਬਲੀ ਵਰ੍ਹੇ 'ਚ ਪ੍ਰਵੇਸ਼



ਇੰਜੀ ਸਤਨਾਮ ਸਿੰਘ ਮੱਟੂ
91-97797-08257

"ਸ਼ੋਅਲੇ" ਫਿਲਮ ਦਾ ਸੁਣਦਿਆਂ ਹੀ ਬਸੰਤੀ, ਵੀਰੂ, ਜੈ, ਗੱਬਰ ਸਿੰਘ ਅਤੇ ਠਾਕੁਰ ਦਾ ਨਾਮ ਅਤੇ ਇਸਦੇ ਯਾਦਗਾਰੀ ਕਿਰਦਾਰਾਂ ਦੇ ਸੀਨ ਆਪ ਮੁਹਾਰੇ ਇੱਕਦਮ ਅੱਖਾਂ ਅੱਗੇ ਆ ਜਾਂਦੇ ਹਨ।ਫਿਲਮ ਦੇ ਡਾਇਲਾਗ "ਕੁੱਤੇ ਕਮੀਨੇ ਮੈਂ ਤੇਰਾ ਖੂਨ ਪੀ ਜਾਊਂਗਾ", "ਅਬ ਤੇਰਾ ਕਿਆ ਹੋਗਾ ਕਾਲੀਆ", "ਬਸੰਤੀ ਕੁੱਤੋਂ ਕੇ ਸਾਮ੍ਹਨੇ ਮੱਤ ਨਾਚਨਾ", "ਇਤਨਾ ਸੰਨਾਟਾ ਕਿਉਂ ਹੈ ਭਾਈ" ਆਦਿ ਉਸ ਸਮੇਂ ਦੇ ਬੱਚੇ ਬੱਚੇ ਅਤੇ ਅੱਜ ਦੀ ਜੁਬਾਨ 'ਤੇ ਸਨ ਅਤੇ ਅੱਜ ਵੀ ਉਹਨਾਂ 50ਵਿਆਂ ਨੂੰ ਟੱਪ ਚੁੱਕਿਆਂ ਦੇ ਜ਼ਿਹਨ 'ਚ ਤਰੋਤਾਜ਼ਾ ਹਨ।

ਸਿੱਪੀ ਫ਼ਿਲਮਜ਼ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਰਿਲੀਜ਼ ਹੋਈ ਇਸ ਫਿਲਮ ਦੇ ਹੀਰੋ ਅਤਿਤਾਬ ਬਚਨ (ਜੈਅ), ਧਰਮਿੰਦਰ (ਬੀਰੂ) ਅਤੇ ਹੀਰੋਇਨ ਹੇਮਾ ਮਾਲਿਨੀ (ਬਸੰਤੀ), ਸੰਜੀਵ ਕੁਮਾਰ (ਠਾਕੁਰ) ਦੇ ਕਿਰਦਾਰਾਂ ਨੇ ਲੋਕ ਦਿਲਾਂ ਤੇ ਅਮਿੱਟ ਛਾਪ ਛੱਡੀ ਹੋਈ ਹੈ। ਫਿਲਮ ਦੇ ਖਲਨਾਇਕ ਹੀਰੋ ਅਮਜਦ ਖਾਨ (ਗੱਬਰ ਸਿੰਘ) ਦੇ ਰੋਲ ਦਾ ਫਿਲਮ ਨੂੰ ਸੁਪਰ ਡੁਪਰ ਹਿੱਟ ਕਰਨ ਚ ਕੋਈ ਘੱਟ ਯੋਗਦਾਨ ਨਹੀਂ ਸੀ।ਬਾਲੀਵੁਡ ਦੀ ਬਲਾਕ ਬਸਟਰ ਇਸ ਫ਼ਿਲਮ 'ਸ਼ੋਅਲੇ' ਨੂੰ ਰਿਲੀਜ਼ ਹੋਏ ਭਾਵੇਂ 49 ਸਾਲ ਪੂਰੇ ਹੋ ਗਏ ਹਨ, ਪਰ ਅੱਜ ਵੀ ਲੋਕ ਦਿਲਾਂ 'ਤੇ ਇਸਦੀ ਅਦੁੱਤੀ, ਵਿਲੱਖਣ ਅਤੇ ਅਮਿੱਟ ਛਾਪ ਹੈ। ਸੁਤੰਤਰਤਾ ਦਿਵਸ ਮੌਕੇ 15 ਅਗਸਤ, 1975 ਨੂੰ ਰਿਲੀਜ਼ ਹੋਈ ਇਸ ਫਿਲਮ ਵਿੱਚ ਐਕਸ਼ਨ, ਕਾਮੇਡੀ, ਰੋਮਾਂਸ ਅਤੇ ਟਰੈਜਡੀ ਦਰਸ਼ਕਾਂ ਦੇ ਮਾਨਸਿਕ ਮਨੋਰੰਜਨ ਮੁਤਾਬਿਕ ਸਭ ਕੁਝ ਸੀ। ਇਸ ਮਲਟੀ ਸਟਾਰ ਫਿਲਮ ਵਿੱਚ ਸਭ ਫਿਲਮੀ ਐਕਟਰਾਂ ਦੇ ਕਿਰਦਾਰ ਹੀ ਕੁੱਝ ਇਸ ਤਰ੍ਹਾਂ ਸਨ ਕਿ ਅੱਜ ਵੀ ਉਹਨਾਂ ਕਲਾਕਾਰਾਂ ਨੂੰ ਉਨ੍ਹਾਂ ਦੇ ਫ਼ਿਲਮੀ ਕਿਰਦਾਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਫਿਲਮ ਦੇ ਸਾਰੇ ਹੀ ਕਿਰਦਾਰ ਹੀ ਇੱਕ ਦੂਜੇ ਤੋਂ ਵੱਧ ਕੇ ਖਾਸ ਸਨ; ਜਿਵੇਂ ਕਿ ਫਿਲਮ ਸ਼ੋਅਲੇ 'ਚ ਬਸੰਤੀ (ਹੇਮਾ ਮਾਲਿਨੀ) ਦਾ ਕਿਰਾਦਰ, ਜੈ (ਅਭਿਤਾਬ ਬਚਨ) ਅਤੇ ਵੀਰੂ (ਧਰਮਿੰਦਰ), ਗੱਬਰ ਸਿੰਘ (ਅਮਜਦ ਖਾਨ) ਅਤੇ ਠਾਕੁਰ (ਸੰਜੀਵ ਕੁਮਾਰ) ਦਾ ਕਿਰਦਾਰ ਆਦਿ ਸਭ ਕਿਰਦਾਰਾਂ ਨੂੰ ਅਜੇ ਤੱਕ ਵੀ ਲੋਕ ਯਾਦ ਕਰਕੇ ਨਕਲ ਕਰਦੇ ਹਨ। ਫਿਲਮ ਦੀ ਪੂਰੀ ਸ਼ੂਟਿੰਗ ਕਰਨਾਟਕ ਦੇ ਬੰਗਲੁਰੂ ਅਤੇ ਮੈਸੂਰ ਵਿੱਚ ਸਥਿਤ ਪਹਾੜੀਆਂ ਨਾਲ ਘਿਰੇ ਰਾਮਨਗਰਮ ਪਿੰਡ ਵਿੱਚ ਹੋਈ ਸੀ। ਇੱਥੇ ਸ਼ੋਅਲੇ ਫਿਲਮ ਦੇ ਠਾਕੁਰ (ਸੰਜੀਵ ਕੁਮਾਰ) ਦਾ ਪਿੰਡ ਰਾਮਗੜ ਅਤੇ ਗੱਬਰ ਸਿੰਘ (ਅਮਜਦ ਖਾਨ) ਦਾ ਅੱਡਾ ਪਹਾੜੀਆਂ ਨੂੰ ਬਣਾਇਆ ਗਿਆ ਸੀ।

ਦੱਖਣ ਦੇ ਰਾਮਨਗਰਮ ਨੂੰ ਡਕੈਤਾਂ ਦੇ ਸੰਤਾਪ ਨਾਲ ਪੀੜਿਤ ਇੱਕ ਪਿੰਡ ਰਾਮਗੜ ਦੀ ਸ਼ਕਲ ਦਿੱਤੀ ਗਈ। ਨਿਰਮਾਤਾਵਾਂ ਨੇ ਰਾਮਗੜ ਦੇ ਰੂਪ ਵਿੱਚ ਇੱਕ ਪੂਰੇ ਪਿੰਡ ਨੂੰ ਵਸਾਇਆ ਸੀ। ਪਿੰਡ ਤੱਕ ਪਹੁੰਚਣ ਲਈ ਪੱਕੀ ਸੜਕ ਵੀ ਬਣਾਈ ਗਈ ਸੀ। ਉਂਝ ਇਹ ਪਿੰਡ ਫਿਲਮ ਸ਼ੋਅਲੇ ਤੋਂ ਪਹਿਲਾਂ ਵੀ ਸੀ ਪਰ ਸ਼ੋਅਲੇ ਤੋਂ ਬਾਅਦ ਹੀ ਲੋਕਾਂ ਵਿੱਚ ਇਸ ਪਿੰਡ ਦੀ ਪਹਿਚਾਣ ਜ਼ਿਆਦਾ ਹੋਈ ਸੀ।

ਇੱਥੇ ਲਗਭਗ ਦੋ ਸਾਲ 1973 ਤੋਂ 1975 ਤੱਕ ਫਿਲਮ ਦੀ ਸ਼ੂਟਿੰਗ ਹੁੰਦੀ ਰਹੀ ਸੀ। ਜਦੋਂ ਫਿਲਮ ਦੀ ਸ਼ੂਟਿੰਗ ਖਤਮ ਹੋਈ ਸੀ ਤਾਂ ਲੋਕਾਂ ਨੇ ਰਾਮਨਗਰਮ ਦੇ ਇੱਕ ਹਿੱਸੇ ਨੂੰ ਡਾਇਰੈਕਟਰ ਦੇ ਨਾਮ ਤੇ ਸਿੱਪੀ ਨਗਰ ਦਾ ਨਾਮ ਦੇ ਕੇ ਨਿਰਮਾਤਾਵਾਂ ਦਾ ਧੰਨਵਾਦ ਕੀਤਾ ਸੀ। ਕਿਹਾ ਜਾਂਦਾ ਹੈ ਕਿ ਜਦੋਂ ਫਿਲਮ ਦੀ ਸ਼ੂਟਿੰਗ ਪੂਰੀ ਹੋ ਜਾਣ ਤੇ ਹੀ ਪ੍ਰੋਡਕਸ਼ਨ ਟੀਮ ਨੇ ਪਿੰਡ ਨੂੰ ਉਜਾੜਿਆ ਸੀ।

ਮੁੰਬਈ ਵਾਪਸ ਮੁੜਦੇ ਸਮੇਂ ਫਿਲਮ ਦੇ ਡਾਇਰੈਕਟਰ ਜੀਪੀ ਸਿੱਪੀ ਚਾਹੁੰਦੇ ਸਨ ਕਿ ਰਾਮਗੜ ਪਿੰਡ ਵਸਾਉਣ ਲਈ ਜੋ ਕੀਮਤੀ ਸਮਾਨ ਖਰੀਦਿਆ ਗਿਆ ਹੈ, ਉਸ ਨੂੰ ਵੇਚ ਦਿੱਤਾ ਜਾਵੇ ਪਰ ਅਜਿਹਾ ਨਹੀਂ ਹੋ ਸਕਿਆ। ਆਖ਼ਿਰਕਾਰ ਪਿੰਡ ਦੇ ਉਸਾਰੀ ਵਿੱਚ ਇਸਤੇਮਾਲ ਹੋਇਆ ਸਾਰਾ ਸਾਮਾਨ ਵੰਡ ਦਿੱਤਾ ਗਿਆ। ਕੁੱਝ ਸਾਮਾਨ ਨਿਲਾਮ ਕਰ ਦਿੱਤਾ ਗਿਆ ਅਤੇ ਕਾਫ਼ੀ ਸਾਰਾ ਸਾਮਾਨ ਫਿਲਮ ਯੂਨਿਟ ਦੇ ਨਾਲ ਕੰਮ ਕਰ ਰਹੇ ਮਜਦੂਰਾਂ ਨੂੰ ਹੀ ਦੇ ਦਿੱਤਾ ਗਿਆ ਸੀ। ਦੱਸ ਦੇਈਏ ਕਿ ਜਦੋਂ 15 ਅਗਸਤ 1975 ਨੂੰ ਸ਼ੋਅਲੇ ਫਿਲਮ ਰਿਲੀਜ਼ ਹੋਈ ਤਾਂ ਉਸ ਨੂੰ ਬਹੁਤ ਕੋਈ ਵਧੀਆ ਹੁੰਗਾਰਾ ਨਹੀਂ ਮਿਲਿਆ ਸੀ। ਰਿਵਿਊਕਾਰ ਨੇ ਵੀ ਫਿਲਮ ਨੂੰ ਵਧੀਆ ਰਿਵਿਊ ਨਹੀਂ ਦਿੱਤਾ ਸੀ। ਉਂਝ ਫਿਲਮ ਦੇ ਨਾਮ ਕਈ ਰਿਕਾਰਡ ਦਰਜ ਹੋਏ ਹਨ ਅਤੇ ਫ਼ਿਲਮ ਦੇ ਨਾਮ ਹੋਏ ਰਿਕਾਰਡਜ਼ ਨੂੰ ਵਾਚਦਿਆਂ ਇਹ ਕਹਿੰਦਿਆਂ ਕੋਈ ਹਿਚਕਚਾਹਟ ਨਹੀਂ ਹੈ ਕਿ ਨਵੇਂ ਨਵੇਂ ਕੀਰਤੀਮਾਨ ਸਥਾਪਤ ਕਰਨ 'ਚ 'ਸ੍ਹੋਅਲੇ' ਫਿਲਮ ਦਾ ਕੋਈ ਸਾਨੀ ਨਹੀਂ ਹੈ।

ਪੰਜਾਬੀ ਪੁੱਤ ਧਰਮਿੰਦਰ, ਸੰਜੀਵ ਕੁਮਾਰ, ਸਦਾ ਬਹਾਰ ਐਕਟਰ ਅਮਿਤਾਭ ਬੱਚਨ, ਜਯਾ ਬੱਚਨ, ਫਿਲਮ ਕੁਈਨ ਹੇਮਾ ਮਾਲਿਨੀ ਅਤੇ ਅਮਜ਼ਦ ਖਾਨ ਨੂੰ ਮੁੱਖ ਭੂਮਿਕਾਵਾਂ ਵਿਚ ਚਮਕਾਉਣ ਵਾਲੀ ਅਤੇ ਲੋਕ ਦਿਲਾਂ ਤੇ ਅਮਿੱਟ ਛਾਪ ਛੱਡਣ ਵਾਲੀ ਇਸ ਫਿਲਮ ਨੂੰ 15 ਅਗਸਤ 1975 ਨੂੰ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਸੀ।

ਕਿਸੇ ਫ਼ਿਲਮ ਦੇ ਇੱਕੋ ਦਿਨ 250 ਪ੍ਰਿੰਟ ਰਿਲੀਜ਼ ਹੋਣਾ ਇੱਕ ਬਹੁਤ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਸੀ। ਕਦੇ ਵੀ ਇਸ ਤੋਂ ਪਹਿਲਾਂ ਕਿਸੇ ਹਿੰਦੀ ਫ਼ਿਲਮ ਦੇ ਏਨੇ ਪ੍ਰਿੰਟ ਸਿਨੇਮਾ ਘਰਾਂ ਵਿੱਚ ਨਹੀਂ ਪਹੁੰਚੇ ਸਨ। ਉਦੋਂ ਤੋਂ ਲੈਕੇ ਕੇ ਸਿਨੇਮਾ ਜਗਤ ਦੀ ਅਜਾਇਰੇਦਾਰੀ ਕਾਇਮ ਰਹਿਣ ਤੱਕ 'ਸ਼ੋਅਲੇ' ਫਿਲਮ ਦੇ 1100 ਪ੍ਰਿੰਟ ਸਿਨੇਮਾ ਘਰਾਂ ਚ ਚਲਦੇ ਰਹੇ ਹਨ। ਇਹ ਵੀ ਆਪਣੇ ਆਪ ਫਿਲਮ ਦੇ ਨਾਂ ਇੱਕ ਰਿਕਾਰਡ ਹੈ। ਅੱਜ ਵੀ ਇਲੈਕਟ੍ਰਾਨਿਕ ਯੁੱਗ ਦੀ ਸਕਰੀਨ ਤੇ ਦੇਖਦਿਆਂ ਇਹ ਫਿਲਮ ਅਤੀਤ ਦੀਆਂ ਯਾਦਾਂ ਨੂੰ ਤਰੋ ਤਾਜ਼ਾ ਕਰਨ ਚ ਸਫਲ ਹੋ ਜਾਂਦੀ ਹੈ ਅਤੇ ਫ਼ਿਲਮ ਦੀ ਅਜਾਰੇਦਾਰੀ ਅੱਜ ਵੀ ਕਾਇਮ ਹੈ।

ਇਹ ਫਿਲਮ ਮੁੰਬਈ ਦੇ ਮਿਨਰਵਾ ਸਿਨੇਮਾ ਘਰ ਦਾ ਸਾਢੇ ਪੰਜ ਸਾਲ ਭਾਵ 286 ਹਫ਼ਤੇ ਜਾਂ 2002 ਦਿਨ ਨਿਰੰਤਰ ਸ਼ਿੰਗਾਰ ਰਹੀ ਸੀ। ਕਿਸੇ ਫ਼ਿਲਮ ਦਾ ਇਤਨੇ ਲੰਮੇਂ ਸਮੇਂ ਤਕ ਇੱਕ ਹੀ ਸਿਨੇਮਾ ਘਰ ਚ ਮੁਸੱਲਸਲ ਚੱਲਣਾ ਵੀ ਆਪਣੇ ਆਪ ਚ ਇੱਕ ਰਿਕਾਰਡ ਹੈ। ਫਿਲਮ ਹਿਸਟਰੀ ਤੇ ਝਾਤੀ ਮਾਰੀਏ ਤਾਂ ਪਤਾ ਚਲਦਾ ਹੈ ਕਿ ਮਿਨਰਵਾ ਸਿਨੇਮਾ ਘਰ ਦੀ ਡੇਢ ਸਾਲ ਤੱਕ ਕਰੰਟ ਬੁੱਕਿੰਗ ਦੀ ਖਿੜਕੀ ਖੋਲ੍ਹਣੀ ਹੀ ਨਹੀਂ ਪਈ ਸੀ ਕਿਉਂਕਿ ਐਡਵਾਂਸ ਵਿਚ ਹੀ ਸਾਰੇ ਟਿਕਟ ਵਿਕੇ ਜਾਂਦੇ ਸਨ,ਪਰ ਕਈ ਸ਼ੋਆਂ ਚ ਬੁੱਕਿੰਗ ਐਡਵਾਂਸ ਵੀ ਰਹਿੰਦੀ ਸੀ।

ਇਤਨੇ ਲੰਮੇਂ ਸਮੇਂ ਤੱਕ 'ਕਰੰਟ ਬੁੱਕਿੰਗ ਖਿੜਕੀ' ਨਾ ਖੁੱਲ੍ਹਣਾ ਵੀ ਫਿਲਮ ਦੀ ਸਫਲਤਾ ਦੀ ਹਾਮੀ ਭਰਦਾ ਹੈ। ਇਸ ਇਕੱਲੇ ਮਿਨਰਵਾ ਸਿਨੇਮਾ ਘਰ ਤੋਂ ਫ਼ਿਲਮ ਨੇ ਪ੍ਰੋਡਿਊਸਰ ਨੂੰ ਉਸ ਸਮੇਂ 50 ਲੱਖ ਰੁਪਏ ਦੀ ਕਮਾਈ ਕਰ ਕੇ ਦਿੱਤੀ ਸੀ,ਜ਼ੋ ਅਜੋਕੇ 25-30 ਕਰੋੜ ਰੁਪਏ ਬਣ ਜਾਂਦੇ ਨੇ। ਹਿੰਦੀ ਫ਼ਿਲਮਾਂ ਚੋਂ ਕਿਸੇ ਇੱਕ ਥੀਏਟਰ ਵਿੱਚ ਏਨਾ ਵੱਡਾ ਕਾਰੋਬਾਰ ਕਰਨ ਕਰਨ ਵਾਲੀ "ਸ਼ੋਅਲੇ" ਫਿਲਮ ਇੱਕ ਮਾਤਰ ਹਿੰਦੀ ਫ਼ਿਲਮ ਹੈ। ਇਸ ਫਿਲਮ ਦਾ ਨਾਮ ਇਹ ਵੀ ਰਿਕਾਰਡ ਹੈ ਕਿ ਉਸ ਸਮੇਂ ਇਹ ਪਹਿਲੀ ਫ਼ਿਲਮ ਸੀ ਜਿਸ ਦੇ ਪ੍ਰਿੰਟ 70 ਐਮ ਐਮ ਸਟੀਰੀਓਫੋਨਿਕ ਸਾਊਂਡ ਵਿਚ ਸਨ ਅਤੇ ਇਹ ਵੀ ਸਿਹਰਾ ਇਸ ਫਿਲਮ ਨੂੰ ਜਾਂਦਾਂ ਹੈ ਕਿ ਇਸ ਫਿਲਮ ਦੇ ਡਾਇਲਾਗ ਦੀ ਪਹਿਲੀ ਐਪ.ਪੀ. ਕੱਢੀ ਗਈ ਸੀ,ਜ਼ੋ ਰਿਕਾਰਡ ਤੋੜ ਵਿਕੀ ਸੀ।

ਇਸ ਫਿਲਮ ਦੇ ਗੱਡੀ ਵਾਲੇ ਐਕਸ਼ਨ ਦ੍ਰਿਸ਼ਾਂ ਦੀ ਖੂਬ ਚਰਚਾ ਅਤੇ ਸਿਫ਼ਤ ਹੋਈ ਸੀ, ਕਿਉਂਕਿ ਇਸ ਤਰ੍ਹਾਂ ਦੇ ਦਿਲ ਧੜਕਾਊ ਦ੍ਰਿਸ਼ ਹਿੰਦੀ ਫ਼ਿਲਮ ਵਿਚ ਪਹਿਲੀ ਵਾਰ ਦੇਖਣ ਨੂੰ ਮਿਲੇ ਸਨ। ਇਹ ਦੱਸਣਾ ਬਣਦਾ ਹੈ ਕਿ ਇਹਨਾਂ ਸੀਨਾਂ ਦੀ ਸ਼ੂਟਿੰਗ ਨੂੰ ਤੀਹ ਦਿਨ ਦਾ ਸਮਾਂ ਲੱਗਾ ਸੀ, ਜਦਕਿ ਉਸ ਜ਼ਮਾਨੇ ਚ ਰਾਜਸ਼੍ਰੀ ਵਾਲੇ ਇਤਨੇ ਸਮੇਂ ਚ ਪੂਰੀ ਫਿਲਮ ਫਿਲਮਾਅ ਲੈਂਦੇ ਸਨ।

ਇਸ ਫਿਲਮ ਨੂੰ ਬੁਲੰਦੀ ਦੀਆਂ ਮੰਜ਼ਿਲਾਂ ਸਰ ਕਰਨ ਲਈ ਬਹੁਤ ਹੀ ਨਿਰਾਰਥਕ ਪ੍ਰੀਕ੍ਰਿਆਵਾਂ ਚੋਂ ਲੰਘਣਾ ਪਿਆ ਸੀ। ਜਦੋਂ ਸ਼ੋਅਲੇ ਫਿਲਮ ਨੂੰ ਸੈਂਸਰ ਲਈ ਭੇਜਿਆ ਗਿਆ ਤਾਂ ਸੈਂਸਰ ਬੋਰਡ ਨੇ ਇਹ ਕਹਿ ਕੇ ਪਾਸ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਇਸ ਫਿਲਮ 'ਚ ਬਹੁਤ ਹੀ ਹਿੰਸਕ ਦ੍ਰਿਸ਼ ਹਨ ਅਤੇ ਫ਼ਿਲਮ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦਾ ਸੰਦੇਸ਼ ਦਿੰਦੀ ਹੈ ਕਿਉਂਕਿ ਫਿਲਮਾਏ ਗਏ ਅਸਲ ਕਲਾਈਮੈਕਸ ਮੁਤਾਬਿਕ ਠਾਕੁਰ ਬਲਦੇਵ ਸਿੰਘ (ਸੰਜੀਵ ਕੁਮਾਰ) ਆਪਣੇ ਪੈਰਾਂ ਨਾਲ ਗੱਬਰ ਸਿੰਘ (ਅਮਜ਼ਦ ਖਾਂ) ਦੇ ਦੋਵੇਂ ਹੱਥ ਫੇਹ ਦਿੰਦਾ ਹੈ ਅਤੇ ਉਸਨੂੰ ਜਾਨੋਂ ਮਾਰ ਦਿੰਦਾ ਹੈ।ਸੈਂਸਰ ਬੋਰਡ ਦੀ ਨਾਂਹ ਤੋਂ ਬਾਅਦ ਫਿਲਮ ਦਾ ਕਲਾਈਮੈਕਸ ਦੁਬਾਰਾ ਫਿਰ ਮੌਜੂਦਾ ਸੀਨ ਅਨੁਸਾਰ ਸ਼ੂਟ ਕੀਤਾ ਗਿਆ,ਜਿਸ ਵਿਚ ਪੁਲਿਸ ਐਨ ਮੌਕੇ ਤੇ ਪਹੁੰਚ ਕੇ ਗੱਬਰ ਖਾਨ ਨੂੰ ਗ੍ਰਿਫਤਾਰ ਕਰ ਲੈਂਦੀ ਹੈ। ਰਿਲੀਜ਼ ਤੋਂ ਬਾਅਦ ਉਸ ਸਮੇਂ ਦੇ ਸੁਪ੍ਰਸਿੱਧ ਅਖ਼ਬਾਰ "ਟਰੇਡ ਗਾਈਡ" ਨੇ ਇਸ ਫਿਲਮ ਨੂੰ ਆਪਣੇ ਰਿਵਿਊ ਵਿਚ ਫਲਾਪ ਫਿਲਮ ਕਰਾਰ ਦੇ ਦਿੱਤਾ ਸੀ। ਫਿਰ ਦੂਜੇ ਹਫਤੇ ਫਿਰ ਇੱਕ ਹੋਰ ਰਿਵਿਊ 'ਚ ਪ੍ਰਕਾਸ਼ਿਤ ਟਰੇਡ ਗਾਈਡ ਨੇ ਇਹ ਲਿਖਿਆ ਕਿ ਫਿਲਮ ਵਾਕਿਆ ਹੀ ਫਲਾਪ ਹੈ। ਪਰ ਅਗਲੇ ਯਾਨਿ ਤੀਸਰੇ ਹਫ਼ਤੇ ਤੋਂ ਫਿਲਮ ਸ਼ੋਅਜ਼ ਚ ਭੀੜ ਹੋਣ ਲੱਗ ਪਈ ਅਤੇ ਅਖਬਾਰਾਂ ਚ ਚਰਚਾ ਹੋਣੀ ਸੰਭਾਵਿਤ ਸੀ, ਸੋ ਟਰੇਡ ਗਾਈਡ ਨੇ ਆਪਣੇ ਨਵੇਂ ਰਿਵਿਊ 'ਚ ਫਿਲਮ ਨੂੰ ਹਿੱਟ ਫਿਲਮ ਐਲਾਨ ਦਿੱਤਾ।ਉਸ ਜ਼ਮਾਨੇ ਨੇ ਪ੍ਰਸਿੱਧ ਇੱਕੋ ਅਖ਼ਬਾਰ 'ਚ ਤਿੰਨ ਰਿਵਿਊ ਛਪਣਾ ਵੀ ਆਪਣੇ ਆਪ ਇਕਮਾਤਰ ਰਿਕਾਰਡ ਹੈ ਜ਼ੋ 'ਸ੍ਹੋਅਲੇ' ਫਿਲਮ ਦੇ ਨਾਮ ਹੈ। ਫਿਲਮ ਦੀ ਚੁਲਬਲੀ ਹੀਰੋਇਨ ਹੇਮਾ ਮਾਲਿਨੀ ਦਾ ਵੀ ਫਿਲਮ ਦੀ ਕਾਮਯਾਬੀ ਵਿਚ ਅਹਿਮ ਯੋਗਦਾਨ ਕਿਸੇ ਤੋਂ ਗੁੱਝਾ ਨਹੀਂ। ਜੇਕਰ ਇਸ ਫਿਲਮ ਨੂੰ ਹਿੰਦੀ ਸਿਨੇਮਾ ਜਗਤ ਦੀ ਮੀਲ ਪੱਥਰ ਫਿਲਮ ਕਹਿ ਦਿੱਤਾ ਜਾਵੇ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ।






# ਸਰਦੀਆਂ ਵਿੱਚ ਗੁਰਦੇ ਦੀ ਪੱਥਰੀ ਦਾ ਖ਼ਤਰਾ ਕਿਉਂ ਵੱਧ ਜਾਂਦਾ ਹੈ?

*(ਸਫਾ 23 ਦੀ ਬਾਕੀ)*

ਤੁਹਾਡਾ ਦਰਦ ਇਨ੍ਹਾਂ ਹਿੱਸਿਆਂ ਵਿੱਚ ਅਚਾਨਕ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਦਰਦ ਕਦੇ ਤੀਬਰ ਅਤੇ ਕਦੇ ਘੱਟ ਹੋ ਸਕਦਾ ਹੈ।

**ਖ਼ੂਨ ਨਿਕਲਣਾ:** ਗੁਰਦੇ ਦੀ ਪੱਥਰੀ ਦੇ ਕਾਰਨ। ਖ਼ੂਨ ਵਹਿਣਾ ਵੀ ਆਮ ਗੱਲ ਹੈ।

**ਪਿਸ਼ਾਬ ਨਾਲੀ ਵਿੱਚ ਜਲਨ ਅਤੇ ਸੰਕਰਮਣ:** ਜੇਕਰ ਪਿਸ਼ਾਬ ਕਰਦੇ ਸਮੇਂ ਜਲਨ ਜਾਂ ਦਰਦ ਹੁੰਦਾ ਹੈ, ਤਾਂ ਇਹ ਗੁਰਦੇ ਦੀ ਪੱਥਰੀ ਅਤੇ ਸੰਕਰਮਣ ਦੇ ਕਾਰਨ ਹੋ ਸਕਦਾ ਹੈ। ਗੁਰਦੇ ਦੀ ਪੱਥਰੀ ਦੇ ਕਾਰਨ ਸਰੀਰ ਵਿੱਚ ਖਣਿਜਾਂ ਦੀ ਘਾਟ ਜਦੋਂ ਪਖਾਨੇ ਵਿੱਚ ਕੈਲਸ਼ੀਅਮ, ਆਕਸਲੇਟ, ਯੂਰਿਕ ਐਸਿਡ ਵਰਗੇ ਖਣਿਜ ਪਦਾਰਥ ਬਣਨ ਲੱਗਦੇ ਹਨ, ਤਾਂ ਇਹ ਪੱਥਰੀ ਦਾ ਕਾਰਨ ਬਣ ਸਕਦਾ ਹੈ। ਵਾਧੂ ਕੈਲਸ਼ੀਅਮ ਅਤੇ ਆਕਸੀਲੇਟ ਪੱਥਰ ਬਣਾਉਂਦੇ ਹਨ। ਸਰੀਰ ਵਿੱਚ ਪਾਣੀ ਦੀ ਕਮੀ: ਵਿਅਕਤੀ ਨੂੰ ਹਰ ਰੋਜ਼ 8-10 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਇਹ ਪਿਸ਼ਾਬ ਨੂੰ ਨਿਯੰਤਰਿਤ ਕਰਦਾ ਹੈ ਅਤੇ ਗੁਰਦੇ ਦੀ ਪੱਥਰੀ ਨੂੰ ਬਣਨ ਤੋਂ ਰੋਕਦਾ ਹੈ। ਜੇਕਰ ਸਰੀਰ ਵਿੱਚ ਪਾਣੀ ਦੀ ਕਮੀ ਹੋਵੇ, ਜੇਕਰ ਟਾਇਲਟ ਮੋਟਾ ਹੋ ਜਾਂਦਾ ਹੈ, ਤਾਂ ਖਣਿਜ ਇਕੱਠੇ ਹੋ ਜਾਂਦੇ ਹਨ ਅਤੇ ਪੱਥਰ ਬਣਦੇ ਹਨ। ਬਹੁਤ ਜ਼ਿਆਦਾ ਨਮਕ, ਪ੍ਰੋਟੀਨ, ਖੰਡ, ਮੋਟਾਪਾ, ਸ਼ੂਗਰ ਖਾਣ ਨਾਲ ਗੁਰਦੇ ਦੀ ਪੱਥਰੀ ਹੋ ਸਕਦੀ ਹੈ, ਕਿਡਨੀ ਦੀ ਇਨਫੈਕਸ਼ਨ ਅਤੇ ਪੱਥਰੀ ਦੀ ਸਮੱਸਿਆ ਹੋ ਸਕਦੀ ਹੈ।

# "ਕਾਰ ਦੀ ਛੱਤ ਉੱਤੇ ਰਾਜਾ: ਇੱਕ ਅਵਾਰਾ ਕੁੱਤੇ ਦੀ ਰੋਮਾਂਚਕ ਕਹਾਣੀ"

**ਪਠਾਨਕੋਟ-** ਠੰਢ ਨਾਲ ਅਤੇ ਠੰਢੀਆਂ ਹਵਾਵਾਂ ਨਾਲ ਜਿਥੇ ਲੋਕਾਂ ਦੀਆਂ ਦੰਦੋ ਤ੍ਰਿਕੀਆ ਵੱਜ ਰਹੀਆਂ ਸਨ, ਦੂਜ਼ੇ ਪਾਸੇ ਪਠਾਨਕੋਟ ਦੇ ਸਿਵਲ ਹਸਪਤਾਲ ਵਿਖੇ ਖੜ੍ਹੀ ਇੱਕ ਕਾਰ 'ਤੇ ਇੱਕ ਅਨੋਖਾ ਦ੍ਰਿਸ਼ ਇਹ ਸੀ ਕਿ ਇੱਕ ਅਵਾਰਾ ਕੁੱਤਾ, ਜਿਹੜਾ ਅਕਸਰ ਇਧਰ ਉਧਰ ਘੁੰਮਦਾ ਤੇ ਸੜਕ ਦੇ ਕਿਸੇ ਮੋੜ 'ਤੇ ਪਿਆ ਹੁੰਦਾ ਸੀ, ਕਾਰ ਦੀ ਛਤ ਉੱਤੇ ਬੈਠਿਆ ਸੀ। ਉਹ ਠੰਡ ਦੇ ਮੌਸਮ ਦਾ ਅਨੰਦ ਲੈਂਦਿਆਂ ਰਾਜਿਆਂ ਵਾਲੀ ਠਾਟ ਵਿੱਚ ਕਾਰ ਦੀ ਛਤ 'ਤੇ ਆਰਾਮ ਫਰਮਾ ਰਿਹਾ ਸੀ। ਉਸਦਾ ਮੂੰਹ ਚੜ੍ਹਿਆ ਹੋਇਆ ਸੀ, ਜਿਵੇਂ ਕਿ ਕਹਿ ਰਿਹਾ ਹੋਵੇ, "ਹਾਂ, ਲੋਕੋ, ਅੱਜ ਦੇਖੋ ਮੈਂ ਵੀ ਰਾਜਾ ਬਣ ਗਿਆ ਹਾਂ!" ਹਸਪਤਾਲ ਦੇ ਲੋਕ, ਜੋ ਅਕਸਰ ਆਪਣੇ ਕੰਮ 'ਚ ਰੁੱਝੇ ਰਹਿੰਦੇ ਸਨ, ਅੱਜ ਉਸ ਦੇ ਵਿਅੰਗੀ ਰਾਜ-ਮਨੋਰਥ ਦਾ ਹਿੱਸਾ ਬਣ ਗਏ। ਕੁੱਤਾ ਲੋਕਾਂ ਵੱਲ ਝਾਕਦਾ ਹੋਇਆ ਸੋਚ ਰਿਹਾ ਸੀ, "ਮੇਰੀ ਉਮਰ ਭਰ ਦੀ ਸੜਕਾਂ ਦੀ ਰੋਮਾਂਚਕ ਯਾਤਰਾ ਨੇ ਅੱਜ ਮੈਨੂੰ ਇਸ ਮੋੜ 'ਤੇ ਪਹੁੰਚਾਇਆ ਹੈ। ਤੁਸੀਂ ਮੈਨੂੰ ਹਮੇਸ਼ਾ ਥੱਲੇ ਹੀ ਵੇਖਿਆ ਸੀ, ਪਰ ਅੱਜ ਮੈਨੂੰ 'ਚਾਰ ਚੱਕਿਆਂ' ਤੇ ਵਜੀਰ ਦਾ ਮਕਾਮ ਮਿਲਿਆ ਹੈ। ਮੈਨੂੰ ਹਾਲੇ ਚਕਰਾਂ ਵਾਲੇ ਰਾਜਸੀ ਜੀਵਨ ਦਾ ਮਜ਼ਾ ਲੈਣ ਦਿਓ।" ਲੋਕ ਉਸ ਕੁੱਤੇ ਦੇ ਰਾਜ ਕੁਮਾਰ ਵਾਲੇ ਅੰਦਾਜ਼ ਨੂੰ ਵੇਖ ਕੇ ਹੱਸਦੇ ਜਾ ਰਹੇ ਸਨ। ਕਿਸੇ ਨੇ ਕਹਿ ਦਿੱਤਾ, "ਵਾਹ ਭਾਈ ਵਾਹ, ਹੁਣ ਅਵਾਰਾ ਕੁੱਤੇ ਵੀ ਓਲਾ ਰਾਇਡ ਚਲਾਉਣ ਲੱਗੇ ਨੇ!"

ਇਕ ਬੱਚਾ ਆਪਣੇ ਪਿਓ ਨੂੰ ਪੁੱਛ ਰਿਹਾ ਸੀ, "ਪਾਪਾ, ਇਹ ਕੁੱਤਾ ਰਾਜਾ ਕਿਉਂ ਬਣਿਆ ਹੈ?" ਪਿਓ ਨੇ ਹੱਸਦੇ ਹੋਏ ਕਿਹਾ, "ਬੇਟਾ, ਰਾਜੇ ਤਾਂ ਹੌਸਲੇ ਨਾਲ ਬਣਦੇ ਨੇ, ਅਤੇ ਇਹ ਤਾ ਬਹਾਦਰ ਹੈ, ਕਿਉਂਕਿ ਇਸ ਨੇ ਕਾਰ ਦੀ ਛਤ ਫਤਿਹ ਕਰ ਲਈ ਹੈ!" ਸੱਚ-ਮੁੱਚ, ਇਹ ਦ੍ਰਿਸ਼ ਪਠਾਨਕੋਟ ਦੇ ਸਿਵਲ ਹਸਪਤਾਲ ਦੇ ਸਧਾਰਨ ਦਿਨ ਨੂੰ ਇੱਕ ਵਿਅੰਗਮਈ ਤੇ ਦਿਲਚਸਪ ਮੋੜ ਦੇ ਗਿਆ।

# ਭਾਕਿਯੂ ਕ੍ਰਾਂਤੀਕਾਰੀ ਦੇ ਆਗੂਆਂ ਖ਼ਿਲਾਫ਼ ਪੁਲਸ ਕੇਸ ਦਰਜ਼ ਕਰਨ ਦੀ ਨਿਖੇਧੀ

**ਚੰਡੀਗੜ੍ਹ, (ਦਲਜੀਤ ਕੌਰ):** ਤਿੰਨ ਸਾਲ ਪਹਿਲਾਂ 26 ਜਨਵਰੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਬਦਲੇ ਭਾਕਿਯੂ ਕ੍ਰਾਂਤੀਕਾਰੀ ਦੇ ਆਗੂਆਂ ਖ਼ਿਲਾਫ਼ ਪੁਲਸ ਕੇਸ ਦਰਜ ਕਰਨ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਨਿਖੇਧੀ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵੱਲੋਂ ਜਾਰੀ ਕੀਤੇ ਗਏ ਸਾਂਝੇ ਪ੍ਰੈਸ ਬਿਆਨ ਰਾਹੀਂ ਮੰਗ ਕੀਤੀ ਗਈ ਹੈ ਕਿ ਇਹ ਕੇਸ ਵਾਪਸ ਲਿਆ ਜਾਵੇ ਕਿਉਂਕਿ ਕਿਸੇ ਵੀ ਸੱਤਾਧਾਰੀ ਦਾ ਸ਼ਾਂਤਮਈ ਵਿਰੋਧ ਕਰਨ ਦਾ ਜਮਹੂਰੀ ਅਧਿਕਾਰ ਸੰਵਿਧਾਨ ਵਿੱਚ ਦਰਜ ਹੈ। ਉਨ੍ਹਾਂ ਦੋਸ਼ ਲਾਇਆ ਕਿ ਐਸ ਕੇ ਐਮ ਵੱਲੋਂ ਕਾਲ਼ੇ ਖੇਤੀ



ਕਾਨੂੰਨ ਰੱਦ ਕਰਵਾਉਣ ਮਗਰੋਂ 9 ਦਸੰਬਰ 2021 ਨੂੰ ਮੋਦੀ ਸਰਕਾਰ ਵੱਲੋਂ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਹੋਰ ਅਹਿਮ ਮੰਗਾਂ ਬਾਰੇ ਲਿਖਤੀ ਵਾਅਦਾ ਅੱਜ ਤੱਕ ਵੀ ਪੂਰਾ ਨਹੀਂ ਕੀਤਾ ਗਿਆ। ਉਦੋਂ ਵੀ ਇਸੇ ਰੋਸ ਵਜੋਂ ਕਿਸਾਨ ਜਥੇਬੰਦੀਆਂ ਵੱਲੋਂ ਵੱਖ ਵੱਖ ਢੰਗਾਂ ਰਾਹੀਂ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਗਏ ਸਨ। ਅੱਜ ਵੀ ਇਨ੍ਹਾਂ ਮੰਗਾਂ ਸਮੇਤ ਨਵੇਂ ਖੇਤੀ ਮੰਡੀਕਰਨ ਖਰੜੇ ਨੂੰ ਰੱਦ ਕਰਨ ਦੀ ਮੰਗ ਉੱਤੇ ਐਸ ਕੇ ਐਮ ਦਾ ਸੰਘਰਸ਼ ਜਾਰੀ ਹੈ।

# ਕਲਮ ਤੇ ਤੇ.ਗ ਦੇ ਧਨੀ: ਸ਼ਹੀਦ ਬਾਬਾ ਦੀਪ ਸਿੰਘ ਜੀ



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਊਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ, ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ ‘ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਸਾਹਿਬ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜਾਂ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ। ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਪ੍ਰਸਿੱਧ ਇਤਿਹਾਸਕਾਰ ਡਾ। ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ ‘ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ। ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ। ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ। ਨੂੰ ਕੁੱਪ ਰਹੀੜੇ ਦੇ ਅਸਥਾਨ ‘ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ।

ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਹਨਾ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਂਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4।. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰ-ਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰ-ਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# ਰਵਿੰਦਰ ਸਿੰਘ ਸੋਢੀ ਦਾ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ’ ਸਮਾਜਿਕ ਸਰੋਕਾਰਾਂ ਦਾ ਪ੍ਰਤੀਕ



ਉਜਾਗਰ ਸਿੰਘ
91-94178 13072

ਰਵਿੰਦਰ ਸਿੰਘ ਸੋਢੀ ਸਰਬੰਗੀ ਸਾਹਿਤਕਾਰ ਹੈ। ਉਹ ਪੰਜਾਬੀ ਦਾ ਅਧਿਆਪਕ ਰਿਹਾ ਹੈ। ਇਸ ਲਈ ਉਸਦੀ ਸਾਹਿਤ ਦੇ ਹਰ ਰੂਪ ਦੀ ਮੁਹਾਰਤ ਹੈ। ਉਸਨੇ ਸਾਹਿਤ ਦੇ ਸਾਰੇ ਰੂਪਾਂ 'ਤੇ ਹੱਥ ਅਜਮਾਇਆ ਹੈ। ਮੁੱਖ ਤੌਰ 'ਤੇ ਉਹ ਵਾਰਤਕਾਰ ਹੈ। ਉਸ ਦੀਆਂ ਡੇਢ ਦਰਜਨ ਪੁਸਤਕਾਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪ੍ਰੰਤੂ ਉਸਨੇ ਬਹੁਤੇ ਨਾਟਕ ਲਿਖੇ ਹਨ। ਉਸ ਦੀਆਂ ਨਾਟਕ, ਆਲੋਚਨਾ, ਖੋਜ, ਜੀਵਨੀ, ਕਹਾਣੀ ਅਤੇ ਕਵਿਤਾ ਦੀਆਂ ਪੁਸਤਕਾਂ ਸਾਹਿਤਕ ਖੇਤਰ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਕਵੀ ਹੋਣ ਕਰਕੇ ਉਸ ਦੀ ਵਾਰਤਕ ਰਸਦਾਇਕ ਹੁੰਦੀ ਹੈ। ਉਸ ਦੀਆਂ ਕਵਿਤਾ ਦੀਆਂ ਦੋ ਪੁਸਤਕਾਂ 'ਧੰਨਵਾਦ! ਧੰਨਵਾਦ! ਧੰਨਵਾਦ!’ ਅਤੇ 'ਅੱਧਾ ਅੰਬਰ ਅੱਧੀ ਧਰਤੀ’ ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ 'ਰਾਵਣ ਹੀ ਰਾਵਣ’ ਉਸਦਾ ਤੀਜਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ 43 ਰਚਨਾਵਾਂ, ਜਿਨ੍ਹਾਂ ਵਿੱਚ 18 ਗ਼ਜ਼ਲਾਂ, 19 ਕਵਿਤਾਵਾਂ ਅਤੇ 6 ਗੀਤ ਸ਼ਾਮਲ ਹਨ। ਕਵੀ ਨੇ ਸਮਾਜਿਕ ਅਲਾਮਤਾਂ ਨੂੰ ਰਾਵਣ ਦਾ ਦਰਜਾ ਦਿੱਤਾ ਹੈ। ਸਮਾਜ ਆਪਣੇ ਅੰਦਰਲੇ ਰਾਵਣ ਨੂੰ ਤਾਂ ਮਾਰਦਾ ਨਹੀਂ ਪ੍ਰੰਤੂ ਹਰ ਸਾਲ ਰਾਵਣ ਦੇ ਪੁਤਲੇ ਨੂੰ ਸਾੜ ਕੇ ਬਹਾਦਰੀ ਦਾ ਪ੍ਰਗਟਾਵਾ ਕਰਦਾ ਹੈ। ਕਾਵਿ ਸੰਗ੍ਰਹਿ ਦੇ ਨਾਮ ਵਾਲੀ ਕਵਿਤਾ 'ਰਾਵਣ ਹੀ ਰਾਵਣ’ ਸਮਾਜ ਵਿੱਚ ਅਨੇਕ ਤਰ੍ਹਾਂ ਦੇ ਰਾਵਣਾ ਬਾਰੇ ਜਾਣਕਾਰੀ ਦਿੰਦੀ ਹੈ, ਜਿਸ ਤੋਂ ਪਤਾ ਲਗਦਾ ਹੈ ਸਮਾਜ, ਸਮਾਜਿਕ ਬੁਰਾਈਆਂ ਵਿੱਚ ਬੁਰੀ ਤਰ੍ਹਾਂ ਗ੍ਰਹਿਸਤ ਹੋ ਚੁੱਕਿਆ ਹੈ। ਬਿਲਕੁਲ ਏਸੇ ਤਰ੍ਹਾਂ 'ਅੱਜ ਦੇ ਡਾਇਨਾਸੋਰ’ ਕਵਿਤਾ ਵਿੱਚ ਦਰਸਾਇਆ ਗਿਆ ਹੈ ਕਿ ਸੰਸਾਰ ਵਿੱਚ ਰਾਜਨੀਤਕ ਲੋਕ ਆਪੋ ਆਪਣੀ ਮਾਨਸਿਕਤਾ ਨੂੰ ਖੁਰਾਕ ਦੇਣ ਲਈ ਇਨਸਾਨੀਅਤ ਦਾ ਘਾਣ ਕਰ ਰਹੇ ਹਨ। ਕਵੀ ਨੇ ਸੰਸਾਰ ਦੇ ਰਾਜਨੀਤਕ ਲੋਕਾਂ ਦੀਆਂ ਆਪਣੇ ਹਿੱਤਾਂ ਦੀ ਪੂਰਤੀ ਲਈ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ ਦਾ ਪਰਦਾ ਫਾਸ਼ ਕੀਤਾ ਹੈ। ਸਮਾਜ, ਸਰਕਾਰਾਂ ਤੇ ਪਰਮਾਤਮਾ ਵੀ ਅਮੀਰਾਂ ਨੂੰ ਹੋਰ ਅਮੀਰ ਬਣਾ ਰਿਹਾ ਹੈ, ਗ਼ਰੀਬਾਂ 'ਤੇ ਤਸ਼ੱਦਦ ਹੋ ਰਹੇ ਹਨ, ਜ਼ਾਤਪਾਤ ਦਾ ਬੋਲਬਾਲਾ ਹੈ, ਇਸਦੇ ਨਾਲ ਹੀ ਕਵੀ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਤ ਵੀ ਕਰ ਰਿਹਾ ਹੈ। ਲੋਕਾਂ ਲਈ ਹੁਣ ਬਰਦਾਸ਼ਤ ਕਰਨਾ ਅਸੰਭਵ ਹੋ ਗਿਆ ਹੈ। ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ, ਬਿਰਧ ਘਰ ਬਣ ਰਹੇ ਹਨ, ਸ਼ਾਹੀ ਲੰਗਰ ਬਣ ਰਹੇ ਹਨ, ਰਿਸ਼ਤੇ ਨਿਭਾਏ ਨਹੀਂ ਜਾ ਰਹੇ, ਤਾਹਨੇ ਮਿਹਣਿਆਂ ਦਾ ਜ਼ੋਰ ਹੈ, ਕਵੀ ਲੋਕਾਈ ਨੂੰ ਕਹਿ ਰਿਹਾ ਹੈ ਕਿ ਹੁਣ ਇਨ੍ਹਾਂ ਅਲਾਮਤਾਂ ਤੋਂ ਖਹਿੜਾ ਛੁਡਾ ਲਓ ਸਮਾਂ ਲੰਘੇ ਤੋਂ ਬਾਅਦ ਵਿੱਚ ਪਛਤਾਉਣ ਦਾ ਕੋਈ ਲਾਭ ਨਹੀਂ ਹੋਵੇਗਾ। ਰੁੱਖਾਂ ਨੂੰ ਬਚਾਈਏ, ਪੰਛੀਆਂ ਦੇ ਰੈਣ ਬਸੇਰੇ ਨਾ ਉਜਾੜੀਏ, ਨਸ਼ੇ ਤੋਂ ਜਵਾਨੀ ਨੂੰ ਬਚਾਈਏ, ਔਰਤ 'ਤੇ ਮਾੜੀ ਨਜ਼ਰ ਨਾ ਰੱਖੀਏ, ਸਗੋਂ ਇੱਜ਼ਤ ਕਰੀਏ, ਦਾਜ ਬੰਦ ਕਰੀਏ, ਪਾਣੀ ਪਲੀਤ ਹੋਣ ਤੋਂ ਬਚਾਈਏ, ਸਰਵਣ ਪੁੱਤਰ ਬਣੀਏਂ, ਦੋਸਤੀ ਵਧਾਈਏ, ਭੀਖ ਨਾ ਮੰਗੀਏ, ਝੂਠ ਫਰੇਬ ਤੋਂ ਬਚੀਏ, ਇਹ ਸਭ ਖੁਦਕਸ਼ੀ ਦੇ ਬਰਾਬਰ ਹਨ।




ਇਸ ਕਾਵਿ ਸੰਗ੍ਰਹਿ ਦੀ ਸਭ ਤੋਂ ਪਹਿਲੀ ਕਵਿਤਾ 'ਕੈਦ ਕਰੋ, ਕੈਦ ਕਰੋ’ ਸਿਰਲੇਖ ਵਾਲੀ ਹੈ, ਜੋ ਸਾਰੀ ਦੀ ਸਾਰੀ ਸਿੰਬਾਲਿਕ ਹੈ। ਜੇ ਇਉਂ ਕਹਿ ਲਿਆ ਜਾਵੇ ਕਿ ਇਸ ਕਾਵਿ ਸੰਗ੍ਰਹਿ ਦਾ ਸਾਰ ਹੈ, ਤਾਂ ਵੀ ਕੋਈ ਅਤਕਥਨੀ ਨਹੀਂ। ਇਸ ਕਵਿਤਾ ਵਿੱਚ ਰੁੱਤਾਂ, ਰੁੱਖਾਂ, ਥੋਹਰਾਂ ਦੇ ਸਿੰਬਲਾਂ ਰਾਹੀਂ ਸਮਾਜ ਵਿੱਚ ਵਾਪਰ ਰਹੀਆਂ ਅਣਹੋਣੀਆਂ ਨੂੰ ਰੋਕਣ ਦੀ ਤਾਕੀਦ ਕੀਤੀ ਗਈ ਹੈ। ਬਜ਼ੁਰਗਾਂ ਦੀ ਅਣਦੇਖੀ, ਪਤੀ ਪਤਨੀ ਦੇ ਸੰਬੰਧ, ਡੇਰਿਆਂ ਦੇ ਦੁਸ਼ਕਰਮ, ਧਰਮਾਂ ਦੇ ਪਖੰਡ, ਬੇਜ਼ਮੀਰੇ ਲੋਕਾਂ, ਧੋਖੇਬਾਜ਼ਾਂ, ਪ੍ਰਵਾਸ ਵਿੱਚ ਜਾਣ ਲਈ ਜ਼ਾਹਲੀ ਵਿਆਹ, ਨੰਗੇਜ਼ਵਾਦ, ਟੱਬਰਾਂ ਦਾ ਟੁੱਟਣਾ, ਸਿਆਸਤ ਵਿੱਚ ਪਰਿਵਾਰਵਾਦ, ਮਿਲਾਵਟ, ਰਿਸ਼ਵਤ, ਸਿਖਿਆ ਵਿੱਚ ਨਿਘਾਰ, ਜੁਗਾੜਾਂ ਨਾਲ ਮਾਨ ਸਨਮਾਨ ਪ੍ਰਾਪਤ ਕਰਨੇ, ਵਿਦੇਸ਼ੀ ਰਾਵਣਾਂ ਆਦਿ ਬਾਰੇ ਬਾਕਮਾਲ ਟਿਪਣੀਆਂ ਕੀਤੀਆਂ ਹਨ। ਪੰਜਾਬੀ ਵਿਦੇਸ਼ਾਂ ਵਿੱਚ ਵੀ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਉਂਦੇ, ਵਿਦਿਆਰਥੀਆਂ ਦਾ ਸ਼ੋਸ਼ਣ ਕਰਦੇ ਹਨ। ਸਰਕਾਰਾਂ ਦੀਆਂ ਵਿਸੰਗਤੀਆਂ ਤੇ ਵਿਅੰਗ ਕਸਿਆ ਗਿਆ ਹੈ। ਨੌਜਵਾਨਾਂ ਅਤੇ ਮੁਟਿਆਰਾਂ ਦੀਆਂ ਹਰਕਤਾਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਸ ਕਵਿਤਾ ਤੋਂ ਬਾਅਦ ਗ਼ਜ਼ਲਾਂ ਫਿਰ ਕਵਿਤਾਵਾਂ ਤੇ ਗੀਤ ਦਿੱਤੇ ਗਏ ਹਨ। ਇਹ ਤਰਤੀਵ ਅਖ਼ੀਰ ਤੱਕ ਚਲਦੀ ਹੈ ਤਾਂ ਜੋ ਕਾਵਿ ਸੰਗ੍ਰਹਿ ਦਿਲਚਸਪ ਬਣਿਆਂ ਰਹੇ। ਕਾਵਿ ਸੰਗ੍ਰਹਿ ਆਕਾਰ ਵਿੱਚ ਭਾਵੇਂ ਛੋਟਾ ਹੈ ਪ੍ਰੰਤੂ ਵਿਸ਼ੇ, ਵਿਚਾਰ, ਅਰਥ ਅਤੇ ਵਿਅੰਗ ਵੱਡੇ ਹਨ, ਜਿਹੜੇ ਪਾਠਕਾਂ ਨੂੰ ਝੰਜੋੜਦੇ ਹਨ। ਕਵੀ ਨੇ ਸਿਰਫ ਦੇਸ਼ ਦੇ ਮੁੱਦੇ ਹੀ ਚੁੱਕੇ ਨਹੀਂ ਸਗੋਂ ਸੰਸਾਰ ਵਿੱਚ ਜੋ ਵਾਪਰ ਰਿਹਾ ਹੈ, ਉਸਨੂੰ ਦ੍ਰਿਸ਼ਟਾਂਤਿਕ ਰੂਪ ਵਿਚ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਰਾਹੀਂ ਦਰਸਾ ਦਿੱਤਾ ਹੈ। ਸ਼ਾਇਰ ਨੌਜਵਾਨਾਂ ਨੂੰ ਮਿਹਨਤ ਕਰਨ ਲਈ ਪ੍ਰੇਰਦਾ ਹੋਇਆ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਰੁੱਖ ਲਗਾਉਣ ਦੀ ਤਾਕੀਦ ਵੀ ਕਰਦਾ ਹੈ। ਪਰਵਾਸ ਦੇ ਸੰਤਾਪ ਦੀ ਗੱਲ ਕਰਦਾ ਦੇਸ਼ ਦੇ ਮੋਹ, ਬੇਘਰਿਆਂ ਲਈ ਘਰਾਂ, ਭੁੱਖਮਰੀ, ਬਲਾਤਕਾਰ ਅਤੇ ਬਜ਼ੁਰਗਾਂ ਦਾ ਨਿੱਘ ਮਾਨਣ ਦੀ ਗੱਲ ਕਰਦਾ ਹੈ। 'ਸਦੀਵੀ ਸੱਚ’ ਅਤੇ 'ਅੱਜ ਦੇ ਬੇਦਾਵੀਏ’ ਕਵਿਤਾਵਾਂ ਵਿੱਚ ਜ਼ੁਲਮ ਨੂੰ ਸਹਿਣ ਦੀ ਥਾਂ ਮੁਕਾਬਲਾ ਕਰਨ, ਕੁਰਬਾਨੀ ਦੇਣ, ਲੋਕਾਈ ਦਾ ਦਰਦ ਮਹਿਸੂਸ ਕਰਨ, ਗੁਰੂ ਤੋਂ ਬੇਮੁੱਖ ਹੋਣ ਦਾ ਲਗਾਤਾਰ ਜ਼ਾਰੀ ਰਹਿਣ, ਗੋਲਕਾਂ ਦੀ ਲੁੱਟ ਤੇ ਲੁੱਟ ਪਿੱਛੇ ਆਪਸੀ ਲੜਾਈਆਂ ਦਾ ਜ਼ਿਕਰ ਕਰਦਿਆਂ ਸਿੱਖੀ ਦੇ ਬਚਾਅ ਲਈ ਨਵੀਂ ਪਨੀਰੀ ਨੂੰ ਸਿੱਖੀ ਅਤੇ ਆਪਣੀ ਵਿਰਾਸਤ ਨਾਲ ਜੁੜਨ ਦੀ ਸਲਾਹ ਦਿੱਤੀ ਗਈ ਹੈ। ਕਵੀ ਅੱਗੋਂ ਆਪਣੀਆਂ ਕਵਿਤਾਵਾਂ

(ਬਾਕੀ ਅਗਲੇ ਸਫੇ ‘ਤੇ)

### ਗਣਤੰਤਰ ਦਿਵਸ 'ਤੇ ਵਿਸ਼ੇਸ਼

# ਗਣਤੰਤਰ ਅਤੇ ਪ੍ਰਭੂਸੱਤਾ ਸੰਪੰਨ ਰਾਜ ਹੋਣ ਦਾ ਗੌਰਵਮਈ ਅਤੇ ਇਤਿਹਾਸਕ ਦਿਹਾੜਾ 26 ਜਨਵਰੀ



ਆਤਮਾ ਸਿੰਘ ਪਮਾਰ
91-89680-56200

ਭਾਰਤ ਲੱਗਪਗ ਦੋ ਕੁ ਸੌ ਸਾਲ ਅੰਗਰੇਜ਼ ਹਕੂਮਤ ਦੇ ਜੂਲੇ ਹੇਠ ਗੁਲਾਮੀ ਦੀਆਂ ਅਤਿ ਸਖ਼ਤੀਆਂ ਸਹਿਣ ਕਰਦਾ ਰਿਹਾ। ਇਸ ਜ਼ਲਾਲਤ ਭਰੀ ਜ਼ਿੰਦਗੀ ਤੋਂ ਤੰਗ ਆ ਕੇ ਕੁੱਝ ਦੇਸ਼ ਪ੍ਰੇਮੀਆਂ ਅਤੇ ਅਣਖੀਲੇ ਭਾਰਤ ਵਾਸੀਆਂ ਵੱਲੋਂ ਅੰਗਰੇਜ਼ ਹਕੂਮਤ ਨੂੰ ਚਲਦਾ ਕਰਨ ਲਈ ਵੱਖ ਵੱਖ ਸੰਗਠਨਾਂ ਦੀ ਅਗਵਾਈ 'ਚ ਸਮੇਂ ਸਮੇਂ 'ਤੇ ਸੰਘਰਸ਼ਾਂ ਦਾ ਰਸਤਾ ਅਖਤਿਆਰ ਕੀਤਾ। ਗੁਲਾਮੀ ਦੇ ਇਸ ਦੌਰ ਅਤੇ ਅੰਦੋਲਨਾਂ ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਭਾਰਤੀ ਅਜ਼ਾਦੀ ਦੇ ਘੁਲਾਟੀਆਂ ਨੂੰ ਹਰ ਤਰਾਂ ਨਾਲ ਜਲੀਲ ਕਰਨ ਵਿੱਚ ਕੋਈ ਕਸਰ ਬਾਕੀ ਨਹੀ ਛਡੀ। ਸਰਕਾਰ ਵੱਲੋਂ ਤਰ੍ਹਾਂ ਤਰ੍ਹਾਂ ਦੇ ਲੋਕ ਵਿਰੋਧੀ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਤਸੀਹੇ ਦੇਣ , ਕਾਲੇ ਪਾਣੀਆਂ ਦੀ ਸਜ਼ਾਵਾਂ ਤੋਂ ਇਲਾਵਾ ਵੱਡੀ ਗਿਣਤੀ ਮਰਦ ਅਤੇ ਔਰਤਾਂ ਨੂੰ ਅਜ਼ਾਦੀ ਦੇ ਇਸ ਸੰਗਰਾਮ ਦੌਰਾਨ ਸ਼ਹੀਦੀ ਦੇ ਜਾਮ ਤੱਕ ਵੀ ਪੀਣੇ ਪਏ। ਲੰਬੇ ਸੰਘਰਸ਼ ਤੋਂ ਬਾਅਦ ਅਖੀਰ ਅੰਗਰੇਜ਼ਾਂ ਨੂੰ 15 ਅਗਸਤ 1947 ਦੇ ਦਿਨ ਲੋਕਾਂ ਦੇ ਸਖਤ ਵਿਰੋਧ ਦੇ ਚੱਲਦਿਆਂ ਭਾਰਤ ਨੂੰ ਆਜ਼ਾਦ ਕਰਕੇ ਆਪਣੇ ਦੇਸ਼ ਵਾਪਸ ਪਰਤਣਾ ਪਿਆ। ਉਸੇ ਦਿਨ ਤੋਂ ਹੀ ਭਾਰਤ ਦੇ ਲੋਕ ਉੱਕਤ ਦਿਨ ਨੂੰ ਸੁਤੰਤਰਤਾ ਦਿਵਸ ਵਜੋਂ ਮਨਾਉਂਦੇ ਆ ਰਹੇ ਹਨ। ਉਸ ਦਿਨ ਅਸੀਂ ਸਾਰੇ ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਅਕਹਿ ਅਤੇ ਅਸਹਿ ਘਾਲਨਾਵਾਂ ਅਤੇ ਕੁਰਬਾਨੀਆਂ ਨੂੰ ਸਿਜਦਾ ਵੀ ਕਰਦੇ ਹਾਂ। ਭਾਰਤ ਦੇ ਲੋਕ, ਕੌਮੀ,ਰਾਜ, ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਪ੍ਰੋਗਰਾਮਾਂ ਤਹਿਤ 26 ਜਨਵਰੀ ਨੂੰ ਵੀ ਗਣਤੰਤਰ ਦਿਵਸ ਵਜੋਂ ਬੜੇ ਮਾਣ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਉੱਡਦੀ ਨਜ਼ਰੇ ਭਾਵੇਂ ਇਹ ਦੋਵੇਂ ਦਿਨ ਲੱਗਪਗ ਇੱਕੋ ਜਿਹੇ ਹੀ ਜਾਪਦੇ ਹਨ ਅਤੇ ਇਨ੍ਹਾਂ ਨੂੰ ਵੱਖਰਿਆਕੇ ਦੇਖਿਆ ਵੀ ਨਹੀ ਜਾ ਸਕਦਾ, ਪ੍ਰੰਤੂ ਫਿਰ ਵੀ ਇੰਨ੍ਹਾਂ ਦੋਵਾਂ ਦਿਨਾਂ ਦੀ ਆਪੋ-ਆਪਣੀ ਪਹਿਚਾਣ ਅਤੇ ਮਹੱਤਵ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਆਜ਼ਾਦੀ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਣ ਕਾਰਨ ਇਨ੍ਹਾਂ ਨੂੰ ਦੋ ਵੱਖਰੇ ਵੱਖਰੇ ਦੇਸ਼ ਘੋਸ਼ਿਤ ਕਰ ਦਿਤਾ ਗਿਆ ਤਾਂ ਇਹ ਵੀ ਲਾਜ਼ਮੀ ਸੀ ਕਿ ਰਾਜ ਭਾਗ ਅਤੇ ਇਹਨਾਂ ਦੀਆਂ ਸਰਕਾਰਾਂ ਵੀ ਅਲੱਗ- ਅਲੱਗ ਹੀ ਹੋਣਗੀਆਂ। ਉਸ ਸਮੇਂ ਬਿਨ੍ਹਾਂ ਸ਼ੱਕ ਧਰਮ ਅਧਾਰਿਤ, ਖ਼ੂਨ-ਖ਼ਰਾਬੇ, ਦੰਗੇ, ਅਰਾਜਕਤਾ ਅਤੇ ਅਫਰਾ ਤਫਰੀ ਵਾਲਾ ਮਾਹੌਲ ਸੀ। ਜਿਸ ਨੂੰ ਇਤਿਹਾਸ ਵਿੱਚ ਮਨੁੱਖੀ ਕਤਲ-ਏ-ਆਮ ਵਜੋਂ ਅੰਕਿਤ ਵੀ ਕੀਤਾ ਗਿਆ ਹੈ। ਸਮੇਂ ਨੇ ਕਰਵਟ ਲਈ ਤਾਂ ਉਸ ਸਮੇਂ ਦੇ ਨੇਤਾਵਾਂ ਵੱਲੋਂ ਆਪਸੀ ਸਹਿਮਤੀ ਨਾਲ ਇੱਕ ਅੰਤਰਿਮ ਸਰਕਾਰ ਦਾ ਗਠਨ ਕੀਤਾ ਗਿਆ ਅਤੇ ਸ੍ਰੀ ਜਵਾਹਰ ਲਾਲ ਨਹਿਰੂ, ਇਸ ਅੰਤਰਿਮ ਸਰਕਾਰ ਦੇ ਪ੍ਰਧਾਨ ਮੰਤਰੀ ਥਾਪੇ ਗਏ।ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਇੱਕ ਮੰਤਰੀ ਮੰਡਲ ਦੀ ਸਥਾਪਨਾ ਵੀ ਕੀਤੀ ਗਈ। ਇਸ ਮੰਤਰੀ ਮੰਡਲ ਵਿੱਚ ਦਲਿਤਾਂ ਦੇ ਮਸੀਹਾ, ਉੱਘੇ ਕਾਨੂੰਨਦਾਨ, ਅਤੇ ਯੁੱਗ ਪੁਰਸ਼ ਜਿਸ ਨੂੰ ਸਕੂਲ ਵਿੱਚ ਵੱਖਰਾ ਬਿਠਾਉਣ, ਸਰਾਵਾਂ ਵਿੱਚ ਰੈਣ ਵਸੇਰਾ ਨਾ ਕਰਨ ਦੇਣ, ਜਿਸ ਦੀ ਛੋਹ ਨਾਲ ਟਾਂਗਾ, ਬੜੌਦਾ ਰਿਆਸਤਆ ਦੀਆਂ ਫਾਇਲਾਂ, ਤਲਾਬਂ ਦਾ ਪਾਣੀ ਅਪਵਿੱਤਰ ਹੋਣ, ਹੋਸਟਲਾਂ , ਹੋਟਲਾਂ, ਮੰਦਰਾਂ, ਨਾਈਆਂ ਦੀਆਂ ਦੁਕਾਨਾਂ ਵੀ ਭਿਟੀਆ ਜਾਣ ਤੋਂ ਇਲਾਵਾ ਪੈਰ ਪੈਰ 'ਤੇ ਬੇਇੱਜ਼ਤ ਵੀ ਕੀਤਾ ਜਾਂਦਾ ਸੀ, ਨੂੰ ਵੀ ਇਸ ਮੰਤਰੀ ਮੰਡਲ ਵਿੱਚ ਸਿਰਫ ਸ਼ਾਮਲ ਹੀ ਨਹੀਂ ਕੀਤਾ ਗਿਆ,ਸਗੋਂ ਉਹਨਾਂ ਨੇ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣ ਕੇ ਆਪਣੀ ਲਿਆਕਤ ਦਾ ਲੋਹਾ ਵੀ ਮੰਨਵਾਇਆ। ਭਾਰਤ ਅਜ਼ਾਦ ਤਾਂ ਹੋ ਗਿਆ ਅਤੇ ਅੰਤਰਿਮ ਸਰਕਾਰ ਦੀ ਸਥਾਪਨਾ ਵੀ ਹੋ ਗਈ ਪ੍ਰੰਤੂ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ ਰਾਜ ਹੋਣ ਦੀ ਮਾਨਤਾ ਅਤੇ ਪਛਾਣ ਦੀ ਪ੍ਰਾਪਤੀ ਅਜੇ ਵੀ ਅਧੂਰੀ ਸੀ, ਕਿਉਂਕਿ ਪ੍ਰਭੂਸੱਤਾ ਸੰਪੰਨ ਹੋਣ ਲਈ ਕਿਸੇ ਰਾਜ ਕੋਲ ਚਾਰ ਚੀਜਾਂ ਦਾ ਹੋਣਾ ਅਤਿ ਜਰੂਰੀ ਮੰਨਿਆ ਜਾਂਦਾ ਹੈ, ਜਿਵੇਂ ਕਿ ਨਿਸ਼ਚਤ ਇਲਾਕਾ, ਜਨਤਾ,(ਲੋਕ)ਸਰਕਾਰ ਅਤੇ ਉਸ ਦਾ ਆਪਣਾ ਸੰਵਿਧਾਨ। ਦੂਸਰੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਭਾਰਤ ਕੋਲ ਤਿੰਨ ਚੀਜ਼ਾਂ ਤਾਂ ਸਨ, ਪ੍ਰੰਤੂ ਸੰਵਿਧਾਨ ਦੀ ਵੱਡੀ ਘਾਟ ਅਜੇ ਵੀ ਰੜਕ ਰਹੀ ਸੀ। ਇਸ ਘਾਟ ਨੂੰ ਪੂਰਾ ਕਰਨ ਲਈ ਸਮੇਂ ਦੇ ਨੇਤਾਵਂ ਵਲੋਂ ਵੱਖ-ਵੱਖ ਮੀਟਿੰਗਾਂ ਤੋਂ ਬਾਅਦ ਇੱਕ ਸੰਵਿਧਾਨ ਖਰੜਾ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦੇ ਚੇਅਰਮੈਨ ਦੀ ਜ਼ਿੰਮੇਵਾਰੀ ਦਾ ਮਾਣ ਵੀ ਬਾਬਾ ਸਾਹਿਬ ਡਾ. ਅੰਬੇਡਕਰ ਦੇ ਹਿੱਸੇ ਹੀ ਆਇਆ। ਖਰੜਾ ਕਮੇਟੀ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਬਾਬਾ ਸਾਹਿਬ ਨੇ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਦੀ ਬਰੀਕੀ ਨਾਲ ਘੋਖ ਪੜਤਾਲ ਕਰਕੇ, ਸਮਾਜ ਦੇ ਹਰ ਤਬਕੇ ਨੂੰ ਧਿਆਨ ਹਿੱਤ ਰੱਖਦਿਆਂ ਸਦੀਆਂ ਤੋਂ ਹਾਸ਼ੀਏ ਤੇ ਧੱਕੇ ਹੋਏ ਦਲਿਤ ਵਰਗ, ਆਰਥਿਕ ਪਖੋਂ ਕਮਜ਼ੋਰ ਧਿਰਾਂ,ਔਰਤਾਂ, ਰਾਜਨੀਤਕ, ਧਾਰਮਿਕ, ਆਰਥਿਕ ਸਮਾਨਤਾ ਤੋਂ ਵੀ ਅੱਗੇ ਲੰਘ ਕੇ ਜੀਵ ਜੰਤੂਆਂ,ਪਸ਼ੂ ਪੰਛੀਆਂ ਅਤੇ ਬਨਸਪਤੀ ਆਦਿ ਦੀ ਸੁਰੱਖਿਆ ਲਈ ਵੀ ਸੰਵਧਾਨ ਦੇ ਇਸ ਖਰੜੇ ਵਿਚ ਢੁਕਵੀਂ ਵਿਵਸਥਾ ਦਾ ਪ੍ਰਾਵਧਾਨ ਕਰਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਪੱਸ਼ਟ ਅਤੇ ਪਾਰਦਰਸ਼ੀ ਤਸਵੀਰ ਭਾਰਤ ਦੇ ਲੋਕਾਂ ਅਤੇ ਸੰਸਾਰ ਦੇ ਸਨਮੁੱਖ ਰੱਖੀਂ। ਇਸ ਵੱਡ-ਅਕਾਰੀ ਕਾਨੂੰਨੀ ਦਸਤਾਵੇਜ ਨੂੰ ਲਿਖਣ ਲਈ ਲੱਗਪਗ 2 ਸਾਲ 11 ਮਹੀਨੇ ਅਤੇ18 ਦਿਨਾਂ ਦਾ ਲੰਬਾ ਸਮਾਂ ਲੱਗਿਆ। ਸੰਵਿਧਾਨ ਘਾੜਿਆਂ ਨੂੰ ਇਸ ਮਹਾਨ ਕਾਰਜ਼ ਲਈ ਜਿੱਥੇ ਸਰੀਰਕ ਅਤੇ ਮਾਨਸਿਕ ਤੌਰ ਤੇ ਸਖ਼ਤ ਮਿਹਨਤ ਕਰਨੀ ਪਈ ਉੱਥੇ ਹੀ ਵਿਰੋਧੀ ਵਿਚਾਰਾਂ ਨਾਲ ਵੀ ਦੋ-ਚਾਰ ਹੋਣਾ ਪਿਆ। ਭਾਵੇਂ ਇਹ ਸੰਵਿਧਾਨਕ ਖਰੜਾ 26 ਨਵੰਵਰ 1949 ਨੂੰ ਹੀ ਬਾਕਾਇਦਾ ਰੂਪ ਵਿੱਚ ਬਣ ਕੇ ਤਿਆਰ ਹੋ ਗਿਆ ਸੀ। ਪ੍ਰੰਤੂ ਅਮਲੀ ਰੂਪ 'ਚ ਇਸ ਨੂੰ 26 ਜਨਵਰੀ 1950 ਨੂੰ ਹੀ ਲਾਗੂ ਕੀਤਾ ਗਿਆ ਅਤੇ ਭਾਰਤ ਨੂੰ ਸਾਰੀਆਂ ਰਸਮੀ/ਲੋੜੀਦੀਆਂ ਕਾਰਵਾਈਆਂ ਦੀ ਸੰਪੂਰਨਤਾ ਉਪਰੰਤ ਸੰਸਾਰ ਵਿੱਚ ਇੱਕ ਪ੍ਰਭੂਸੱਤਾ-ਸਪੰਨ ਅਤੇ ਗਣਤੰਤਰ ਰਾਜ ਹੋਣ ਦਾ ਮਾਣ ਪ੍ਰਾਪਤ ਹੋ ਸਕਿਆ। ਪ੍ਰੰਤੂ ਅਫਸੋਸ ਅਤੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ 74 ਵਰ੍ਹੇ ਬੀਤਣ ਦੇ ਬਾਵਜੂਦ ਵੀ ਜਨਤਕ ਤੌਰ ਤੇ ਇਹਨਾਂ ਦੋਵਾਂ ਦਿਨਾਂ ਦੀ ਮਹੱਤਤਾ ਅਤੇ ਪਹਿਚਾਣ ਅਲੱਗ ਅਲੱਗ ਤੌਰ 'ਤੇ ਵਿਸਥਾਰਿਤ ਅਤੇ ਸਪੱਸ਼ਟ ਰੂਪ 'ਚ ਲੋਕਾਂ ਦੇ ਰੂ-ਬ- ਰੂ ਰੱਖਣ 'ਚ ਅਸੀਂ ਲੱਗਪਗ ਅਸਫ਼ਲ ਹੀ ਦਿਖਾਈ ਦੇ ਰਹੇ ਹਾਂ। ਗਣਤੰਤਰ ਦਿਵਸ ਸਮੇਂ ਰਾਸਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਆਏ ਸਾਡੇ ਕੁੱਝ ਰਾਜਨੀਤਕ ਨੇਤਾਵਾਂ, ਉੱਚ ਅਧਿਕਾਰੀਆਂ ਤੋਂ ਇਲਾਵਾ, ਲੇਖਕ ਅਤੇ ਬੁੱਧੀ ਜੀਵੀ ਕਹਾਉਂਦੇ ਲੋਕ ਵੀ ਇਸ ਦਿਨ ਦੀ ਰਸਮੀ ਸ਼ੁਰੂਆਤ ਕਰਕੇ ਜ਼ਿਆਦਾ ਸਮਾਂ ਸਿਰਫ ਆਜ਼ਾਦੀ ਦਿਵਸ ਬਾਰੇ ਹੀ ਆਪਣੇ ਆਪਣੇ ਭਾਸ਼ਣਾਂ ਅਤੇ ਰਚਨਾਵਾਂ ਵਿੱਚ ਵਿਖਿਆਨ ਕਰਦੇ ਸੁਣਾਈ ਅਤੇ ਦੇਖੇ ਜਾ ਸਕਦੇ ਹਨ। ਜਦੋਂ ਕਿ ਇਹ ਦਿਨ ਭਾਰਤੀ ਸੰਵਿਧਾਨ ਦੀ ਰਚੇਤਾ ਕਮੇਟੀ, ਅਤੇ ਇਸ ਦੇ ਮੁਖੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੋਂ ਇਲਾਵਾ ਸੰਵਿਧਾਨ ਵਿੱਚ ਉਨ੍ਹਾਂ ਵਲੋਂ ਦਰਜ਼ ਕਾਨੰਨਾ ਦੀ ਵਿਸਥਾਰਿਤ ਵਿਆਖਿਆ ਕਰਨ ਨੂੰ ਹੀ ਸਮਰਪਤਿ ਹੋਣਾ ਚਾਹੀਦਾ ਹੈ, ਤਾਂ ਕਿ ਦਰਸ਼ਕਾਂ/ ਸਰੋਤਿਆਂ ਨੂੰ ਗਣਤੰਤਰ ਦਿਵਸ ਦੇ ਪਿਛੋਕੜ ਅਤੇ ਮਕਸਦ ਬਾਰੇ ਵੀ ਜਾਣਕਾਰੀ ਪ੍ਰਾਪਤ ਹੋ ਸਕੇ। ਇਹ ਉਹ ਵਿਲੱਖਣ ਦਿਨ ਹੈ, ਜਿਸ ਨੇ ਸਦੀਆਂ ਤੋਂ ਹਾਸ਼ੀਏ ਤੇ ਧੱਕੇ ਹੋਏ ਦਲਿਤ ਵਰਗ ਨੂੰ ਸਮਾਨਤਾ, ਪੜ੍ਹਾਈ ਤੋਂ ਵੰਚਿਤ ਰਹੇ ਲੋਕਾਂ ਨੂੰ ਸਰਪੰਚ, ਮੈਂਬਰ ਲੋਕ ਸਭਾ, ਵਿਧਾਇਕ, ਮੰਤਰੀ ਡਿਪਟੀ ਕਮਿਸ਼ਨਰ, ਜੱਜ , ਪ੍ਰੋਫੈਸਰ ਅਤੇ ਅਧਿਆਪਕ ਆਦਿ ਬਣਨ ਦੇ ਮੋਕੇ ਪ੍ਰਦਾਨ ਕੀਤੇ, ਪੈਰ ਦੀ ਜੁੱਤੀ ਸਮਝੀ ਜਾਣ ਵਾਲੀ ਹਰ ਵਰਗ ਦੀ ਔਰਤ ਨੂੰ ਬਰਾਬਰਤਾ ਦਾ ਅਹਿਸਾਸ ਹੀ ਨਹੀਂ ਕਰਵਾਇਆ ਸਗੋਂ ਕਾਨੂੰਨੀ ਅਧਿਕਾਰ ਅਤੇ ਸਤਿਕਾਰ ਦੇ ਕੇ ਉਨ੍ਹਾਂ ਨੂੰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰ ਅਹਿਮ ਅਹੁਦਿਆਂ ਤੱਕ ਪਹੁੰਚਾਉਣ ਲਈ ਰਾਹ ਪੱਧਰਾ ਕੀਤਾ। ਹਰ ਇੱਕ ਵਿਅਕਤੀ ਨੂੰ ਕਿਸੇ ਵੀ ਧਰਮ ਨੂੰ ਅਪਨਾਉਣ, ਤਿਆਗਣ, ਕਨੂੰਨੀ, ਰਾਜਨੀਤਕ ਅਤੇ ਸਮਾਜਿਕ ਬਰਾਬਰਤਾ ਦਾ ਅਧਿਕਾਰ ਪ੍ਰਾਪਤ ਹੋਇਆ।



ਇਸ ਤੋਂ ਇਲਾਵਾ ਕਿਸਾਨ, ਭਾਵੇਂ ਉਹ ਕਿਸੇ ਵੀ ਵਰਗ ਦੇ ਹੋਣ ਜ਼ਮੀਨ ਜਾਇਦਾਦ ਰੱਖਣ ਦਾ ਅਧਿਕਾਰ, ਮਜ਼ਦੂਰਾਂ ਲਈ ਕੰਮ ਦੇ ਘੰਟੇ ਨਿਸ਼ਚਤ ਕਰਨ ਆਦਿ ਵਰਗੇ ਕਾਨੂੰਨ ਵੀ ਸੰਵਿਧਾਨ 'ਚ ਅੰਕਿਤ ਕੀਤੇ। ਜੇਕਰ ਇਸ ਦਿਨ ਵੀ ਅਜਿਹੇ ਪਵਿੱਤਰ,ਮਹੱਤਵਪੂਰਨ ਅਤੇ ਕਿਸੇ ਵਿਸ਼ੇਸ਼ ਵਰਗ ਦਾ ਪੱਖ ਨਾ ਪੂਰਨ ਵਾਲੇ ਸਗੋਂ ਲੋਕਾਈ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਵਾਲੇ ਇਸ ਅਹਿਮ ਕਾਨੂੰਨੀ ਦਸਤਾਵੇਜ਼ ਦੇ ਰਚਣਹਾਰਿਆਂ ਨੂੰ ਹੀ ਅਣਗੌਲਿਆਂ ਕੀਤਾ ਜਾਵੇ ਤਾਂ ਇਹ ਉਹਨਾਂ ਦੀ ਤੌਹੀਨ ਨਹੀਂ ਤਾਂ ਹੋਰ ਕੀ ਹੈ? ਇੱਥੇ ਤਾਂ ਫਿਰ ਪੰਜਾਬੀ ਦੀ ਉਹ ਕਹਾਵਤ ਕਿ, ਜੀਹਦਾ ਵਿਆਹ ਉਹਦੀ ਪੱਤਲ ਵੀ ਨਹੀਂ ਪੂਰੀ ਤਰ੍ਹਾਂ ਢੁਕਦੀ ਨਜ਼ਰੀ ਆ ਰਹੀ ਹੈ। ਜਿਵੇਂ ਪਹਿਲਾਂ ਹੀ ਉਪੱਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਅਜ਼ਾਦੀ ਅਤੇ ਗਣਤੰਤਰ ਦਿਵਸ ਦੇ ਅੰਤਰ-ਸਬੰਧਾਂ ਤੋਂ ਕਿਵੇਂ ਵੀ ਇਨਕਾਰ ਨਹੀ ਕੀਤਾ ਜਾ ਸਕਦਾ ਅਤੇ ਨਾ ਹੀ ਦੋਵਾਂ ਦੀ ਮਹੱਤਤਾ ਨੂੰ ਇੱਕ ਦੂਜੇ ਤੋਂ ਘਟਾ ਹੀ ਦੇਖਿਆ ਜਾ ਸਕਦਾ ਹੈ, ਪ੍ਰੰਤੂ ਫਿਰ ਵੀ ਜਨਤਕ ਮੰਚ ਤੇ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੀ ਮਨੁੱਖ ਦੇ ਵੱਖ ਵੱਖ ਸੁਭਾਵਾਂ, ਆਦਤਾਂ ਅਤੇ ਵਿਚਾਰਾਂ ਦੀ ਪੁਸ਼ਟੀ ਸਹਿਜੇ ਹੀ ਹੋ ਜਾਂਦੀ ਹੈ। ਇਸ ਲਈ ਵੱਖ-ਵੱਖ ਭਾਸ਼ਾਵਾਂ, ਜਾਤਾਂ, ਧਰਮਾਂ, ਸੱਭਿਆਚਾਰਾਂ, ਰੰਗਾਂ, ਨਸਲਾਂ ਅਤੇ ਪਹਿਰਾਵੇ ਤੋਂ ਇਲਾਵਾ ਗੁਰੂਆਂ-ਪੀਰਾਂ- ਪੈਗੰਬਰਾਂ ਦੀ ਇਸ ਪਵਿੱਤਰ ਧਰਤੀ ਅਤੇ ਭਾਰਤੀ ਸੰਸਕ੍ਰਿਤੀ ਵਾਲੇ ਇਸ ਦੇਸ਼ ਦੇ ਬਸ਼ਿੰਦਿਆਂ ਦਾ ਇਹ ਇਖ਼ਲਾਕੀ ਫ਼ਰਜ਼ ਬਣ ਜਾਂਦਾ ਹੈ ਕਿ ਉਹ ਵੱਖ ਵੱਖ ਸਮੁਦਾਵਾਂ/ਵਰਗਾਂ ਨਾਲ ਸਬੰਧਤ, ਮਹਾਨ ਪੁਰਖਿਆਂ ਦਾ ਬਰਾਬਰ ਸਤਿਕਾਰ ਕਰਦੇ ਹੋਏ, ਉਨ੍ਹਾਂ ਵਲੋਂ ਕਿਸੇ ਵੀ ਖੇਤਰ ਵਿੱਚ ਕੀਤੀਆਂ ਗਈਆਂ ਮਹਾਨ /ਵਿਸ਼ੇਸ ਉਪਲੱਬਧੀਆਂ ਨੂੰ ਸਿਜਦਾ ਕਰਦੇ ਹੋਏ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਆਪਣਾ ਬਣਦਾ ਯੋਗਦਾਨ ਪਾਉਣ। ਕਿਉਂ ਕਿ ਫਿਰਾਖਦਿਲੀ, ਸੰਵਾਦ ਅਤੇ ਤਰਕ ਹਮੇਸ਼ਾ ਹੀ ਸੰਕਾਵਾਂ ਅਤੇ ਸੰਦੇਹ ਭਰਪੂਰ ਵਰਤਾਰਿਆਂ ਨੂੰ ਸੇਧ ਦੇਣ ਤੋਂ ਇਲਾਵਾ ਸਾਂਤੀ, ਏਕਤਾ, ਸੱਭਿਅਕਤਾ ਅਤੇ ਭਾਈਚਾਰਕ ਸਾਂਝੀਵਾਲਤਾ ਵਾਲੀ ਵਿਵਸਥਾ ਦੇ ਸਿਰਜਕ ਅਤੇ ਪ੍ਰਤੀਕ ਵਜੋਂ ਜਾਣੇ ਜਾਂਦੇ ਰਹੇ ਹਨ।

## ਰਵਿੰਦਰ ਸਿੰਘ ਸੋਢੀ ਦਾ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ' ਸਮਾਜਿਕ ਸਰੋਕਾਰਾਂ ਦਾ ਪ੍ਰਤੀਕ

(ਸਫਾ 25 ਦੀ ਬਾਕੀ)

ਵਿੱਚ ਲਿਖਦਾ ਹੈ ਕਿ ਧੋਖੇਬਾਜ ਅਧਰਮੀ ਲੋਕ ਧਰਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਸਿਆਸਤਦਾਨ ਵੋਟਾਂ ਨੂੰ ਖ਼੍ਰੀਦ ਕੇ ਗ਼ਰੀਬਾਂ ਦੀ ਗ਼ਰੀਬੀ ਦਾ ਨਜ਼ਾਇਜ਼ ਲਾਭ ਉਠਾ ਰਹੇ ਹਨ, ਪਰਿਵਾਰਵਾਦ ਪ੍ਰਫੁਲਤ ਹੋ ਰਿਹਾ, ਜੁਮਲੇ ਛੱਡ ਕੇ ਲੋਕਾਈ ਨੂੰ ਵਹਿਮਾ ਭਰਮਾ ਦੇ ਜਾਲ ਵਿੱਚ ਫਸਾਈ ਜਾਂਦੇ ਹਨ, ਸਰਕਾਰੀ ਤੰਤਰ ਕੁੰਭ ਕਰਨ ਦੀ ਨੀਂਦ ਸੁੱਤੈ, ਸਿਹਤ ਵਿਓਪਾਰ ਬਣ ਗਿਆ, ਮਿਲਾਵਟ ਭਾਰੂ ਹੈ, ਲੋਕਾਂ ਨੂੰ ਸਿਵਕਸੈਂਸ ਨਹੀਂ, ਮਜ਼ਦੂਰ ਦਿਵਸ ਹੋਟਲਾਂ ਦੀ ਸ਼ਾਨ ਹਨ ਅਤੇ ਵਕੀਲ ਤੇ ਅਦਾਲਤਾਂ ਲੋਕਾਂ ਨਾਲ ਇਨਸਾਫ ਨਹੀਂ ਕਰ ਰਹੀਆਂ। ਲੋਕ ਨਿਰਮੋਹੀ ਹੋ ਗਏ, ਅਮੀਰ ਲੋਕਾਂ ਦਾ ਫ਼ੈਸ਼ਨ 'ਤੇ ਜ਼ੋਰ ਗ਼ਰੀਬਾਂ ਕੋਲ ਤਨ ਢੱਕਣ ਦੀ ਹਿੰਮਤ ਨਹੀਂ, ਵਿਖਾਵਾ ਪ੍ਰਧਾਨ, ਗ਼ਰੀਬ ਰੱਬ ਦੀ ਰਜ਼ਾ ਵਿੱਚ ਹੁੰਦੇ ਹੋਏ ਹਰ ਹਾਲਤ ਵਿੱਚ ਜੀਵਨ ਬਸਰ ਕਰਦੇ ਹਨ।

ਬਲਾਤਕਾਰੀ ਧੀਆਂ ਬਚਾਉਣ ਦੇ ਨਾਹਰੇ ਮਾਰ ਰਹੇ ਹਨ, ਕਾਨੂੰਨ ਤੋੜਨ ਵਾਲੇ ਕਾਨੂੰਨ ਬਣਾ ਰਹੇ ਹਨ, ਡੇਰਿਆਂ ਵਾਲੇ ਧਰਮ ਦੀ ਆੜ ਵਿੱਚ ਜਨਤਾ ਨੂੰ ਕੁਰਾਹੇ ਪਾ ਕੇ ਇਸਤਰੀਆਂ ਨੂੰ ਸਬਜਬਾਗ ਵਿਖਾਕੇ ਮੌਜਾਂ ਮਾਣਦੇ ਹਨ, ਗ਼ਰੀਬ ਦੀ ਤਰੱਕੀ ਬਰਦਾਸ਼ਤ ਨਹੀਂ, ਅਬਲਾ ਨੂੰ ਸਜ਼ਾ, ਗੁਨਾਹਗਾਰ ਨੂੰ ਫਲ, ਸਿਆਸਤਦਾਨ ਤੇ ਅਫਸਰਸ਼ਾਹੀ ਇੱਕਮਿਕ, ਅਮੀਰ ਗ਼ਰੀਬ ਦਾ ਪਾੜਾ ਵੱਧ ਰਿਹਾ, ਸਰਹੱਦਾਂ ਦੀ ਰਾਖੀ ਕਰਨ ਵਾਲਿਆਂ ਦਾ ਮੁੱਲ ਨਹੀਂ ਪੈ ਰਿਹਾ, ਵਾੜ ਖੇਤ ਨੂੰ ਖਾ ਰਹੀ ਹੈ, ਰਾਜਸੀ ਲੋਕ ਆਗੂ ਨਹੀਂ ਰਹੇ ਪ੍ਰੰਤੂ ਲਾਲ ਗੋਦੜੀਆਂ ਵਿੱਚੋਂ ਰੌਸ਼ਨੀ ਦਿੰਦੇ ਹਨ। ਕਵੀ ਅਨੁਸਾਰ ਸਰਕਾਰਾਂ ਦੀ ਕਾਰਗੁਜ਼ਾਰੀ ਅਮਲੀ ਰੂਪ ਵਿੱਚ ਨਹੀਂ ਸਿਰਫ ਅਖ਼ਬਾਰਾਂ ਦੇ ਇਸ਼ਤਿਹਾਰਾਂ ਵਿੱਚ ਹੈ, ਹਾਲਾਤ ਇਤਨੇ ਮਾੜੇ ਹੋ ਗਏ ਹਨ ਕਿ ਸਾਰੇ ਪਾਸੇ ਅੰਧੇਰਾ ਹੀ ਵਿਖਾਈ ਦਿੰਦਾ ਹੈ, ਲੋਕ ਮਖੌਟੇ ਪਾਈ ਫਿਰਦੇ ਹਨ, ਅੰਦਰੋਂ ਬਾਹਰੋਂ ਇੱਕ ਨਹੀਂ, ਦੋਸਤੀ ਦੇ ਨਾਮ ਨੂੰ ਕਲੰਕਿਤ ਕਰ ਦਿੱਤਾ, ਠੱਗੀ ਠੋਰੀ ਤੇ ਜ਼ੋਰ ਹੈ, ਮਿੰਟਾਂ ਵਿੱਚ ਪਾਸਾ ਬਦਲ ਜਾਂਦੇ ਹਨ, ਔਰਤਾਂ ਦੇ ਮਾਨਸਿਕ ਬਲਾਤਕਾਰ ਘਰਾਂ, ਰਿਸ਼ਤੇਦਾਰੀਆਂ ਅਤੇ ਬਾਹਰ ਵੀ ਹੁੰਦੇ ਹਨ, ਅੱਗ ਲਾਈ ਡੱਬੂ ਕੰਧ 'ਤੇ, ਗ਼ਰੀਬਾਂ ਦਾ ਕਬਾੜਾ ਦੂਜੇ ਘਰ ਲੱਗੀ ਅੱਗ ਬਸੰਤਰ ਦਿਸਦੀ ਹੈ, ਸਹਿਜਤਾ ਤੇ ਸ਼ਹਿਨਸ਼ੀਲਤਾ ਪਰ ਲਾ ਕੇ ਉਡ ਗਈ, ਵਿਰਾਸਤ ਦਾ ਮੋਹ ਪ੍ਰਵਾਸ ਵਿੱਚ ਜ਼ਿਆਦਾ ਹੁੰਦੈ, ਜ਼ਿਆਦਾ ਖੁਲ੍ਹਦਿਲੀ ਨੁਕਸਾਨ ਕਰਦੀ ਹੈ ਅਤੇ ਦਿੱਲੀ ਦੇ ਹਾਕਮ ਨਿਰਮੋਹੀ ਸਾਬਤ ਹੁੰਦੇ ਹਨ।

ਗੀਤਾਂ ਅਤੇ ਕੁਝ ਗ਼ਜ਼ਲਾਂ ਵਿੱਚ ਰੋਮਾਂਸਵਾਦ ਦੀ ਝਲਕ ਵੀ ਪੈਂਦੀ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਸਿੰਘ ਸੋਢੀ ਨੇ ਆਪਣੀਆਂ ਰਚਨਾਵਾਂ ਵਿੱਚ ਲੋਕਾਈ ਦੇ ਦਰਦ ਨੂੰ ਪ੍ਰਗਟਾਇਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਆਪਣੀਆਂ ਵਾਰਤਕ ਦੀਆਂ ਪੁਸਤਕਾਂ ਦੀ ਤਰ੍ਹਾਂ ਕਾਵਿਕ ਰੂਪ ਵਿੱਚ ਵੀ ਲੋਕਾਂ ਦੇ ਹੱਕਾਂ ਦੀ ਪ੍ਰਤੀਨਿਧਤਾ ਕੀਤੀ ਹੈ।

80 ਪੰਨਿਆਂ, 130 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ' ਜੇ.ਪੀ.ਪਬਲੀਕੇਸ਼ਨ ਘਲੌੜੀ ਗੇਟ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

**ਸੰਪਰਕ ਰਵਿੰਦਰ ਸਿੰਘ ਸੋਢੀ :**
0016043692371

## ਸਿੱਖ ਨੈਸ਼ਨਲ ਕਾਲਜ ਬੰਗਾ ਵੱਲੋਂ ਪ੍ਰੋ. ਗੁਰਪ੍ਰੀਤ ਸਿੰਘ ਲਈ ਵਿਦਾਇਗੀ ਸਮਾਗਮ ਆਯੋਜਿਤ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)-** ਸਿੱਖ ਨੈਸ਼ਨਲ ਕਾਲਜ ਬੰਗਾ ਨੂੰ 10 ਵਰ੍ਹੇ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਕਾਲਜ ਦੇ ਮਿਹਨਤਕਸ਼ ਅਧਿਆਪਕ ਪ੍ਰੋ. ਗੁਰਪ੍ਰੀਤ ਸਿੰਘ ਲਈ ਇੱਕ ਵਿਦਾਇਗੀ ਸਮਾਗਮ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਸਮੂਹ ਸਟਾਫ਼ ਵੱਲੋਂ ਆਯੋਜਿਤ ਕੀਤਾ ਗਿਆ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਪ੍ਰਿੰ. ਡਾ ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਕਾਲਜ ਦੇ ਪੰਜਾਬੀ, ਸੰਗੀਤ ਤੇ ਸੱਭਿਆਚਾਰ ਵਿਭਾਗ ਨੂੰ ਬਿਹਤਰੀਨ ਤੇ ਲਾਮਿਸਾਲ ਸੇਵਾਵਾਂ ਦੇਣ ਉਪਰੰਤ ਪ੍ਰੋ. ਗੁਰਪ੍ਰੀਤ ਸਿੰਘ ਆਪਣੇ ਪਰਿਵਾਰ ਕੋਲ ਨਿਊਜ਼ੀਲੈਂਡ ਜਾ ਰਹੇ ਹਨ ਤੇ ਇਨ੍ਹਾਂ ਸ਼ਾਨਦਾਰ ਸੇਵਾਵਾਂ ਬਦਲੇ ਪ੍ਰੋ. ਗੁਰਪ੍ਰੀਤ ਸਿੰਘ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਪ੍ਰੋ. ਗੁਰਪ੍ਰੀਤ ਸਿੰਘ ਭਾਵੇਂ ਵਿਦੇਸ਼ 'ਚ ਹੋਣਗੇ ਪਰ ਕਿਸੇ ਨਾ ਕਿਸੇ ਮਾਧਿਅਮ ਰਾਹੀਂ ਉਹ ਸੰਸਥਾ ਨਾਲ ਜੁੜੇ ਰਹਿਣਗੇ ਕਿਉਂਕਿ ਉਨ੍ਹਾਂ ਦੀ ਘਾਟ ਨੂੰ ਪੂਰੀ ਕਰਨਾ ਕੋਈ ਸੌਖੀ ਗੱਲ ਨਹੀਂ ਤੇ ਉਹ ਹੁਣ ਕਾਲਜ ਦੀ ਐਲੂਮਨੀ ਐਸੋਸੀਏਸ਼ਨ ਦੇ ਅਗਜੈਕਟਿਵ ਮੈਂਬਰ ਵੀ ਹਨ। ਪੰਜਾਬੀ ਵਿਭਾਗ ਦੇ ਮੁਖੀ ਡਾ. ਨਿਰਮਲਜੀਤ ਕੌਰ ਨੇ ਵੀ ਕਿਹਾ ਕਿ ਪ੍ਰੋ। ਗੁਰਪ੍ਰੀਤ ਸਿੰਘ ਹੁਰਾਂ ਨੇ ਆਪਣੀਆਂ ਸੇਵਾਵਾਂ ਦੌਰਾਨ ਅਨੇਕਾਂ ਸ਼ਲਾਘਾਯੋਗ ਪ੍ਰਾਪਤੀਆਂ ਕਾਲਜ ਦੀ ਝੋਲੀ ਪਾਈਆਂ ਜਿਨ੍ਹਾਂ ਵਿੱਚ ਕਾਲਜ ਨੂੰ ਚਾਰ ਵਾਰ ਯੂਥ ਫੈਸਟੀਵਲ ਚੈਂਪੀਅਨ ਬਣਾਉਣਾ ਖ਼ਾਸ ਰਿਹਾ ਹੈ। ਸਮਾਗਮ ਦੌਰਾਨ ਬੋਲਦਿਆਂ ਪ੍ਰੋ. ਆਬਿਦ ਵੱਕਾਰ ਨੇ ਵੀ ਕਾਲਜ ਦੇ ਪੱਤਰਕਾਰੀ ਵਿਭਾਗ ਲਈ ਕੀਤੀਆਂ ਬਿਹਤਰੀਨ ਸੇਵਾਵਾਂ ਲਈ ਪ੍ਰੋ। ਗੁਰਪ੍ਰੀਤ ਸਿੰਘ ਨੂੰ ਸਰਹਾਇਆ। ਚੰਗੇਰੇ ਭਵਿੱਖ ਦੀ ਕਾਮਨਾ ਕਰਦਿਆਂ ਪ੍ਰੋ। ਤਜਿੰਦਰ ਸਿੰਘ ਨੇ ਪ੍ਰੋ. ਗੁਰਪ੍ਰੀਤ ਸਿੰਘ ਦੇ ਕਾਲਜ ਵਿਚਲੇ ਸੁਨਹਿਰੀ ਕਾਲ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਕਾਲਜ ਵੱਲੋਂ ਸਨਮਾਨ ਚਿੰਨ੍ਹ ਤੇ ਸਮੂਹ ਸਟਾਫ਼,ਵਿਭਾਗ ਤੇ ਕਾਲਜੀਏਟ ਸਕੂਲ ਵੱਲੋਂ ਕੀਮਤੀ ਤੋਹਫ਼ੇ ਭੇਟ ਕੀਤੇ ਗਏ ਪ੍ਰੋ. ਗੁਰਪ੍ਰੀਤ ਸਿੰਘ ਨੂੰ ਭਵਿੱਖ ਲਈ ਸ਼ੁੱਭ ਇਛਾਵਾਂ ਭੇਟ ਕੀਤੀਆਂ ਗਈਆਂ। ਸਮਾਗਮ ਨੂੰ ਚਾਰ-ਚੰਨ ਲਾਉਂਦੀਆਂ ਸ਼ਾਹਿਦ ਅਲੀ, ਇੰਦਰਪ੍ਰੀਤ ਕੌਰ, ਯੁਵਰਾਜ ਸਿੱਧੂ, ਆਦੀ ਤੇ ਸਾਥੀਆਂ ਵੱਲੋਂ ਆਪਣੇ ਅਜ਼ੀਜ਼ ਅਧਿਆਪਕ ਲਈ ਗੀਤ ਪ੍ਰਸਤੁਤ ਕੀਤੇ ਗਏ। ਸ਼ਾਹਿਦ ਅਲੀ ਵੱਲੋਂ ਗਾਏ ਗੀਤ "ਬਹੁਤਾ ਰੋਣਗੇ ਦਿਲਾਂ ਦੇ ਜਾਨੀ, ਮਾਪੇ ਤੈਨੂੰ ਘੱਟ ਰੋਣਗੇ" ਨੇ ਸਾਰਿਆਂ ਨੂੰ ਭਾਵੁਕ ਹੋਣ ਲਈ ਮਜਬੂਰ ਕਰ ਦਿੱਤਾ। ਪ੍ਰੋ. ਗੁਰਪ੍ਰੀਤ ਸਿੰਘ ਨੇ ਕਾਲਜ ਵੱਲੋਂ ਦਿੱਤੇ ਐਡੇ ਮਾਣ ਸਤਿਕਾਰ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਐਨੇ ਜੋਗਾ ਨਹੀਂ ਸੀ ਜਿੰਨੇ ਜੋਗਾ ਮੈਨੂੰ ਇਸ ਕਾਲਜ ਨੇ ਕੀਤਾ ਹੈ। ਅੰਤ ਵਿਦਿਆਰਥੀਆਂ ਵੱਲੋਂ ਫੁੱਲਾਂ ਦੇ ਹਾਰ ਪਹਿਨਾ ਕੇ ਪ੍ਰੋ. ਗੁਰਪ੍ਰੀਤ ਸਿੰਘ ਨੂੰ ਵਿਦਾ ਕੀਤਾ ਗਿਆ ਤੇ ਸਮੂਹ ਟੀਚਿੰਗ ਸਟਾਫ਼ ਵੱਲੋਂ ਅਨਮੋਲ ਰੈਸਟੋਰੈਂਟ ਵਿਖੇ ਪ੍ਰੋ. ਗੁਰਪ੍ਰੀਤ ਸਿੰਘ ਲਈ ਇੱਕ ਸ਼ਾਨਦਾਰ ਪਾਰਟੀ ਆਯੋਜਿਤ ਕੀਤੀ ਗਈ। ਇਸ ਮੌਕੇ ਪੱਤਰਕਾਰ ਨਰਿੰਦਰ ਮਾਹੀ, ਸੁਰਿੰਦਰ ਕਰਮ, ਡਾ. ਹਰਜੋਤ ਸਿੰਘ, ਡਾ. ਸੁਨਿਧੀ ਮਿਗਲਾਨੀ, ਡਾ. ਕਮਲਦੀਪ ਕੌਰ, ਪ੍ਰੋ. ਅੰਮ੍ਰਿਤ ਕੌਰ, ਡਾ. ਰਾਜੇਸ਼ ਸ਼ਰਮਾ, ਪਰਮਜੀਤ ਸਿੰਘ, ਡਾ. ਨਵਨੀਤ ਕੌਰ,ਪ੍ਰੋ. ਤਵਿੰਦਰ ਕੌਰ, ਮਨਮੰਤ ਸਿੰਘ ਲਾਇਬ੍ਰੇਰੀਅਨ, ਜਤਿੰਦਰ ਮੋਹਣ ਸਮੇਤ ਕਾਲਜ ਦਾ ਸਮੁੱਚਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।



# ਪੁਸਤਕ ਸਮੀਖਿਆ

## ਚੰਦਰਮਾ ਵਿੱਚ ਦਿਸਦੀ ਆਕ੍ਰਿਤੀ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਦਿਲਜੀਤ ਬੰਗੀ**
**ਪ੍ਰਕਾਸ਼ਕ: ਕੈਲੀਬਰ ਪ੍ਰਕਾਸ਼ਨ ਪਟਿਆਲਾ ਪੰਨੇ: 112, ਮੁੱਲ: 200 ਰੁਪਏ**

ਗੀਤਕਾਰ ਦਿਲਜੀਤ ਬੰਗੀ ਦੀ ਇਹ ਪਹਿਲੀ ਵਾਰਤਕ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਦੋ ਗੀਤਾਂ ਦੇ ਸੰਗ੍ਰਹਿ 'ਝਨਾਂ ਦਿਆਂ ਪਾਣੀਆਂ ਵੇ ਅਤੇ ਵਾਟ ਲੰਮੇਰੀ' ਪ੍ਰਕਾਸ਼ਿਤ ਕਰ ਚੁੱਕੇ ਹਨ। ਉਸਦੀਆਂ ਦੋਨੋਂ ਬੇਟੀਆਂ ਨਵਨੀਤ ਅਤੇ ਪੁਨੀਤ ਵੀ ਸਿਰਜਣਾ ਦੇ ਖੇਤਰ ਵਿੱਚ ਸਰਗਰਮ ਹਨ। ਉਹਨਾਂ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ ਹਨ ਅਤੇ ਉਹਨਾਂ ਨੇ ਇਨਾਮ ਸਨਮਾਨ ਵੀ ਪ੍ਰਾਪਤ ਕੀਤੇ ਹੋਏ ਹਨ। ਹਥਲੀ ਪੁਸਤਕ 'ਚੰਦਰਮਾ ਵਿੱਚ ਦਿਸਦੀ ਆਕ੍ਰਿਤੀ' ਉਸ ਦੇ ਜੀਵਨ ਦੀਆਂ ਯਾਦਾਂ ਹਨ। ਇਨਸਾਨ ਦਾ ਜੀਵਨ ਹਮੇਸ਼ਾ ਸੰਘਰਸ਼ਮਈ ਹੁੰਦਾ ਹੈ ਤੇ ਇਹ ਪੁਸਤਕ ਵੀ ਉਸਦੇ ਜੀਵਨ ਸੰਘਰਸ਼ ਨੂੰ ਪੇਸ਼ ਕਰਦੀ ਹੈ।




ਮਨੁੱਖੀ ਜੀਵਨ ਵਿੱਚ ਆਉਣ ਵਾਲੀਆਂ ਤਬਦੀਲੀਆਂ ਅਤੇ ਮਨੁੱਖੀ ਮਾਨਸਿਕਤਾ ਵਿੱਚ ਆਉਂਦੇ ਉਤਰਾਅ ਚੜ੍ਹਾਅ ਇਸ ਪੁਸਤਕ ਵਿੱਚੋਂ ਸਹਿਜੇ ਹੀ ਦੇਖੇ ਜਾ ਸਕਦੇ ਹਨ। ਬਚਪਨ ਤੋਂ ਜਵਾਨੀ 'ਚ ਪੈਰ ਧਰਦੇ ਵਿਦਿਆਰਥੀ ਦੀ ਮਾਨਸਿਕ ਦਸ਼ਾ ਕਿਹੋ ਜਿਹੀ ਹੁੰਦੀ ਹੈ, ਉਹ ਕੀ ਕੁਝ ਕਰਨਾ ਲੋਚਦਾ ਹੈ, ਉਸ ਨੂੰ ਕਿਹੋ ਜਿਹਾ ਮਾਹੌਲ ਚਾਹੀਦਾ ਹੈ, ਕਿਹੋ ਜਿਹੇ ਅਧਿਆਪਕਾਂ ਦੀ ਅਗਵਾਈ ਦੀ ਲੋੜ ਹੁੰਦੀ ਹੈ? ਅਜਿਹੇ ਸਭ ਸਵਾਲਾਂ ਦੇ ਜਵਾਬ ਇਸ ਪੁਸਤਕ ਵਿੱਚੋਂ ਮਿਲ ਜਾਂਦੇ ਹਨ। ਇਸ ਤਰ੍ਹਾਂ ਇਹ ਪੁਸਤਕ ਜਿੱਥੇ ਵਿਦਿਆਰਥੀਆਂ ਲਈ ਲਾਭਕਾਰੀ ਬਣਦੀ ਹੈ ਉੱਥੇ ਪ੍ਰੋੜ ਪਾਠਕਾਂ ਲਈ ਵੀ ਪ੍ਰੇਰਨਾਦਾਇਕ ਬਣ ਜਾਂਦੀ ਹੈ। ਲੇਖਕ ਨੌਕਰੀ ਪ੍ਰਾਪਤ ਕਰਨ ਉਪਰੰਤ ਵੱਖ-ਵੱਖ ਦਫ਼ਤਰਾਂ ਵਿੱਚ ਬਾਬੂਆਂ ਨਾਲ ਹੁੰਦੀ ਵਾਰਤਾਲਾਪ ਅਤੇ ਉਹਨਾਂ ਦੇ ਵਰਤਾਓ ਬਾਰੇ ਘਟਨਾਵਾਂ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਹ ਘਟਨਾਵਾਂ ਬਾਬੂਆਂ ਦੀ ਮਾਨਸਿਕ ਦਸ਼ਾ ਨੂੰ ਬਿਆਨ ਕਰਦੀਆਂ ਹਨ। ਜਦੋਂ ਦਫਤਰੀ ਬਾਬੂ ਆਏ ਗਏ ਨਾਲ ਅਤੇ ਸਾਥੀਆਂ ਨਾਲ ਆਪਣੀ ਕੁਰਸੀ ਦਾ ਰੋਹਬ ਝਾੜਦੇ ਹਨ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਇਹਨਾਂ ਲੋਕਾਂ ਵਿੱਚੋਂ ਇਨਸਾਨੀਅਤ ਖਤਮ ਹੋ ਚੁੱਕੀ ਹੈ। ਅਜਿਹੇ ਕੁਝ ਬਾਬੂਆਂ ਨਾਲ ਲੇਖਕ ਦਾ ਵਾਹ ਵਾਸਤਾ ਪੈਂਦਾ ਹੈ ਤੇ ਉਹ ਮਾਨਸਿਕ ਤੌਰ ਤੇ ਪਰੇਸ਼ਾਨ ਵੀ ਰਹਿੰਦਾ ਹੈ। ਫਿਰੋਜ਼ਪੁਰ ਤੋਂ ਜਦੋਂ ਉਹ ਬਦਲੀ ਕਰਵਾ ਕੇ ਮਾਨਸਾ ਪੁੱਜਦਾ ਹੈ ਤਾਂ ਉਸ ਨੂੰ ਇਹ ਵਿਚਾਰ ਸੱਚਾ ਸਾਬਤ ਹੁੰਦਾ ਦਿਸਦਾ ਹੈ ਕਿ ਅੱਗੇ ਨਾਲੋਂ ਪਿੱਛਾ ਭਲਾ। ਇੱਥੇ ਉਸ ਦੇ ਸਵਾਗਤ ਦੀ ਬਜਾਏ ਉਸ ਨਾਲ ਦੁਰਵਿਵਹਾਰ ਹੁੰਦਾ ਹੈ ਅਤੇ ਉਸ ਦੀ ਨੌਕਰੀ ਵਿੱਚ ਬਰੇਕ ਵੀ ਪਾ ਦਿੱਤੀ ਜਾਂਦੀ ਹੈ। ਪੁਸਤਕ ਦੇ 19 ਪਾਠਾਂ ਵਿੱਚ ਬਚਪਨ ਦੇ ਦਿਨ, ਮੇਰੀ ਪੜ੍ਹਾਈ ਦੇ ਪੜਾਅ, ਨੌਕਰੀ ਤੇ ਹਾਜ਼ਰ ਹੋਣਾ, ਪਿਆਰ ਕਦੇ ਮੁੱਲ ਨਾ ਮਿਲੇ, ਭੈਣਾਂ ਬਾਝੋ ਗੁੱਟ ਸਖਣਾ, ਇੱਕ ਦੂਣੀ ਦੋ ਤੇ ਦੋ ਦੂਣੀ ਚਾਰ ਆਦਿ ਸਿਰਲੇਖ ਹਰ ਕਿਸੇ ਨੂੰ ਪ੍ਰਭਾਵਿਤ ਕਰਦੇ ਹਨ।

ਲੇਖਕ ਨੇ ਆਪਣੇ ਪਰਿਵਾਰਿਕ ਮੈਂਬਰਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਕਾਰ ਵਿਹਾਰ ਨੂੰ ਸੱਚੋ ਸੱਚ ਬਿਆਨਿਆ ਹੈ। ਭਾਵੇਂ ਇਹ ਪੁਸਤਕ ਉਸ ਦੇ ਨਿੱਜੀ ਜੀਵਨ ਨੂੰ ਪੇਸ਼ ਕਰਦੀ ਹੈ ਪ੍ਰੰਤੂ ਇਹ ਸਾਨੂੰ ਜੀਵਨ ਦੀਆਂ ਤਲਖ਼ ਹਕੀਕਤਾਂ ਦੇ ਰੂਬਰੂ ਕਰ ਕਰਦੀ ਹੈ। ਦਿਲਜੀਤ ਬੰਗੀ ਨੇ ਕਾਵਿ ਸਿਰਜਣਾ ਤੋਂ ਬਾਅਦ ਵਾਰਤਕ ਦੇ ਖੇਤਰ ਵਿੱਚ ਵੀ ਇਸ ਪੁਸਤਕ ਨਾਲ ਆਪਣੀ ਥਾਂ ਨਿਸ਼ਚਿਤ ਕਰ ਲਈ ਹੈ। ਜੀਵਨ ਦੀਆਂ ਯਾਦਾਂ ਨੂੰ ਸੰਭਾਲਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਵੀਆਂ ਦਿਸ਼ਾਵਾਂ ਮਿਲਦੀਆਂ ਰਹਿਣਗੀਆਂ। ਇਹ ਮੇਰਾ ਵਿਸ਼ਵਾਸ ਹੈ।

## ਗੀਤ

ਹੱਦ ਜ਼ੁਲਮ ਦੀ ਮੁੱਕੀ
ਖ਼ਤਮ ਕਹਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ
ਫੂਲਾਂ ਰਾਣੀ ਨੀ ਕੁੜੀਏ।

ਪਤ ਲਾਹੁਣੀ ਮਜ਼ਲੂਮਾਂ ਦੀ
ਜੋ ਸ਼ਾਨ ਸਮਝਦੇ ਨੇ।
ਢਾਹੁਣੇ ਜ਼ੁਲਮ ਗਰੀਬਾਂ ਤੇ
ਜੋ ਮਾਣ ਸਮਝਦੇ ਨੇ।
ਚੁੱਕ ਭਗੌਤੀ ਸੋਧੀਂ
ਗੁੰਡਾ ਢਾਣੀ ਨੀ ਕੁੜੀਏ।
ਇੱਜ਼ਤ ਖ਼ਾਤਰ ਬਣਜਾ ...

ਪਾੜ ਕੇ ਅੱਖਾਂ ਝਾਕਣ ਜੋ
ਉਹ ਡੇਲੇ ਕੱਢ ਕੁੜੇ।
ਇੱਜ਼ਤਾਂ ਨੂੰ ਹੱਥ ਪਾਉਂਣ ਵਾਲੇ
ਗੁੱਟਾਂ ਨੂੰ ਵੱਢ ਕੁੜੇ।
ਇਉਂ ਸੁਲਝਾਉਣੀ ਪੈਣੀ
ਉਲਝੀ ਤਾਣੀ ਨੀ ਕੁੜੀਏ।
ਇੱਜ਼ਤ ਖ਼ਾਤਰ ਬਣਜਾ ...

ਅਬਲਾ ਨਾਰੀ ਬਣਕੇ
ਕਿੰਨਾਂ ਜ਼ੁਲਮ ਸਹਾਰੇਂਗੀ।
ਗੂੰਗੀ ਬਹਿਰੀ ਬਣਕੇ
ਜ਼ਿੰਦਗੀ ਕਿਵੇਂ ਗੁਜ਼ਾਰੇਂਗੀ।
ਮਾਂ ਭਾਗੋ ਦੀ ਧੀਏ
ਮੂਲ ਪਛਾਣੀ ਨੀ ਕੁੜੀਏ।
ਇੱਜ਼ਤ ਖ਼ਾਤਰ ਬਣਜਾ ...

ਮੋਢੇ ਚੁੱਕ ਦੁਨਾਲੀ
ਸੋਧਾ ਲਾਦੇ ਜ਼ਾਲਮ ਨੂੰ।
ਇੱਕੀਆਂ ਦੀ ਥਾਂ 'ਕੱਤੀ
ਭਾਜੀ ਪਾਦੇ ਜ਼ਾਲਮ ਨੂੰ।
'ਲਾਲ' ਜਿਉਣਾ ਸਿਰ ਚੁੱਕ,
ਦਸਦੀ ਬਾਣੀ ਨੀ ਕੁੜੀਏ।
ਇੱਜ਼ਤ ਖ਼ਾਤਰ ਬਣਜਾ ...



**ਲਾਲ ਸਿੰਘ ਸੁਲਹਾਣੀ**
**91-98721-55120**

## ਬਦੀ-ਨੇਕੀ

ਤੂੰ ਚੰਗੇ ਕੰਮ ਕਰ ਸਦਾ ਸੋਹਣਿਆਂ ਵਾਰ ਵਾਰ ਸਮਝਾਉਂਦੀ
ਮਾੜੇ ਕੰਮਾਂ ਦੇ ਬੁਰੇ ਨਤੀਜੇ ਤੇਰੇ ਗੱਲ ਖਾਨੇ ਮੈਂ ਪਾਉਂਦੀ
ਵੇਖ ਮਿੰਨਤਾਂ ਤਰਲੇ ਤੇਰੀਆਂ ਕਰਦੀ ਮੈਂ ਵੀ ਧੀ ਬੇਗਾਨੀ
ਬਦੀਆਂ ਨਾ ਕਰ ਵੇ ਇੱਥੇ ਢਾਈ ਦਿਨ ਦੀ ਜ਼ਿੰਦਗਾਨੀ।

ਕਹਿੰਦੇ ਸਹਿਜ ਪੱਕੇ ਸੋ ਮਿੱਠਾ ਹੁੰਦਾ ਕਾਹਲੀ ਅੱਗੇ ਟੋਏ
ਪੁੱਤ ਵਿਗੜ ਗਏ ਜਿਨ੍ਹਾਂ ਦੇ ਉਹ ਤਾਂ ਭਰ ਭਰ ਅੱਖਾਂ ਰੋਏ
ਲੋਹੜੀ ਵੰਡੀ ਦਾ ਦੁੱਖ ਜਿਹੜਾ ਕਰਦਾ ਹੈ ਮਨਮਾਨੀ
ਵੇ ਬਦੀਆਂ ਨਾ ਕਰ ਵੇ, ਇੱਥੇ ਢਾਈ ......

ਤੂੰ ਤਾਂ ਆਪ ਸਿਆਣਾ ਵੇ ਮੇਰਾ ਕਹਿਣ ਨੂੰ ਦਿਲ ਨੀ ਕਰਦਾ
ਮਾੜੇ ਕੰਮ ਉਹਨੂੰ ਲੈ ਬਹਿੰਦੇ ਨੇ ਉਹ ਮੌਤ ਕੁੱਤੇ ਦੀ ਮਰਦਾ
ਫਿਰ ਸੱਥਾਂ ਦੇ ਵਿਚ ਗੱਲਾਂ ਹੁੰਦੀਆਂ ਛੱਡਦੇ ਕਾਰ ਸ਼ੈਤਾਨੀ
ਵੇ ਬਦੀਆਂ ਨਾ ਕਰ ਵੇ, ਇੱਥੇ ਢਾਈ ......

ਮੇਰੀ ਮੇਰੀ ਕਰਦਾ ਤੇ ਨਿੱਤ ਮਾਇਆ ਮਾਰਦਾ ਜੱਫੇ
ਉਹਦੇ ਘਰ ਕੋਈ ਘਾਟਾ ਨੀ ਉਹ ਸਭ ਨੂੰ ਦਿੰਦਾ ਗੱਫੇ
ਛੱਤ ਪਾੜ ਕੇ ਰੱਬ ਦਿੰਦਾ ਜੀਹਦੇ ਕੋਲ ਨਾ ਹੋਵੇ ਦੁਆਨੀ
ਵੇ ਬਦੀਆਂ ਨਾ ਕਰ ਵੇ, ਇੱਥੇ ਢਾਈ ......

ਚੰਗੇ ਕੰਮਾਂ ਦੇ ਚੰਗੇ ਨਤੀਜੇ ਢਾਈ ਦਿਨ ਨਾ ਤੇਰੇ ਮੁੱਕਣੇ
ਰੋਟੀ ਟੁੱਕ ਪਕਾਉਣਾ ਕੱਲੇ ਨੇ ਸਾਹ ਤੇਰੇ ਫਿਰ ਸੁੱਕਣੇ
ਰਿਸ਼ਤਾ ਕਰਨਾ ਕਿਹੜੇ ਕੰਜਰ ਨੇ ਲੋਕ ਮਾਰਦੇ ਭਾਨੀ
ਵੇ ਬਦੀਆਂ ਨਾ ਕਰ ਵੇ, ਇੱਥੇ ਢਾਈ ......

ਖੁੱਲ੍ਹ ਜਾਂਦੇ ਨੇ ਕੰਨ ਸੋਹਣਿਆ ਲੱਗ ਜਾਣ ਪੈਣ ਤਰੀਕਾਂ
ਫਿਰ ਮੁਲਾਕਾਤ ਨਾ ਕਰਦਾ ਕੋਈ ਕਰਦੇ ਰਹਿਣ ਉਡੀਕਾਂ
''ਦੇਵ ਘੋਲੀਏ'' ਵਾਲਿਆ ਵੇ ਤੇਰੀ ਰੁਲ ਜਾਊ ਜੇਲ੍ਹ ਜਵਾਨੀ
ਵੇ ਬਦੀਆਂ ਨਾ ਕਰ ਵੇ, ਇੱਥੇ ਢਾਈ ਦਿਨ ਦੀ ਜ਼ਿੰਦਗਾਨੀ।



**– ਦੇਵ ਘੋਲੀਆ ਖੁਰਦ**
559-232-7764

# ਕੁਦਰਤ ਦੀ ਗੋਦ ਵਿੱਚ (ਸੈਰ ਸਫਰ)

**ਲੇਖਕ: ਬਲਜਿੰਦਰ ਮਾਨ**
**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ ਮੁਹਾਲੀ**
**ਪੰਨੇ: 80 ਮੁੱਲ: 200 ਰੁਪਏ**

ਬਹੁਪੱਖੀ ਸਾਹਿਤਕਾਰ ਬਲਜਿੰਦਰ ਮਾਨ ਦੀ ਇਹ ਪੁਸਤਕ ਸਮੇਂ ਸਮੇਂ ਤੇ ਕੀਤੀਆਂ ਯਾਤਰਾਵਾਂ ਦਾ ਸੰਗ੍ਰਹਿ ਹੈ। ਬਾਲ ਸਾਹਿਤਕਾਰ ਦੇ ਤੌਰ ਤੇ ਬਲਜਿੰਦਰ ਮਾਨ ਦੀ ਪਛਾਣ ਇਸ ਪਧਰ ਦੀ ਹੈ ਕਿ ਉਸ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਨਾਲ ਨਿਵਾਜਿਆ ਹੈ। ਬਾਲ ਸਾਹਿਤ ਵਿਚ ਉਸਨੇ ਬਾਲ ਕਵਿਤਾਵਾਂ, ਬਾਲ ਗੀਤ, ਬਾਲ ਸਫਰਨਾਮੇ. ਬਾਲ ਚਿਤਰ ਕਥਾਵਾਂ, ਨਰਸਰੀ ਗੀਤ, ਬਾਲ ਨਾਟਕ, ਸਾਹਿਤ ਦੀਆਂ 16 ਕਿਤਾਬਾਂ ਛਪਵਾਈਆਂ ਹਨ। ਅਧਿਆਪਕ ਹੋਣ ਕਰਕੇ ਉਸਨੂੰ ਬੱਚਿਆਂ ਨਾਲ ਮਨੋਵਿਗਿਆਨਕ ਮੁਹੱਬਤ ਹੈ। ਬਾਲ ਰਿਸਾਲੇ ਨਿੱਕੀਆ ਕਰੂੰਬਲਾਂ (1995 ਤੋਂ) ਦਾ ਉਹ ਸੰਪਾਦਕ ਹੈ। ਕਿਤਾਬ ਪੰਜਾਬ ਦੇ ਰੌਸ਼ਨ ਚਿਰਾਗ (ਵਾਰਤਕ) ਲਈ ਬਲਜਿੰਦਰ ਮਾਨ ਕੌਮੀ ਤੇ ਰਾਜ ਪੁਰਸਕਾਰ ਜੇਤੂ ਅਧਿਆਪਕ ਹੈ। ਨੈਸ਼ਨਲ ਬੁਕ ਟਰੱਸਟ ਦੀਆਂ ਕਿਤਾਬਾਂ ਦੇ ਅਨੁਵਾਦ ਵੀ ਉਸਨੇ ਕੀਤੇ ਹਨ। ਖੇਡਾਂ ਦੀ ਧਰਤੀ ਮਾਹਿਲਪੁਰ ਦਾ ਇਤਿਹਾਸ, ਫੁੱਟਬਾਲ ਖੇਡ ਵਿਚ ਮਾਹਿਲਪੁਰ ਦਾ ਨਾ ਚਰਚਿਤ ਹੈ। ਪਿਛੇ ਜਿਹੇ ਉਸਦੀ ਮੁੱਲਵਾਨ ਵਾਰਤਕ ਕਿਤਾਬ ਗਿਆਨ ਦੇ ਗਹਿਣੇ ਸਾਹਿਤ ਖੇਤਰ ਵਿਚ ਚਰਚਿਤ ਰਹੀ ਹੈ।




ਚਰਚਾ ਅਧੀਂਨ ਕਿਤਾਬ ਵਿਚ ਉਸਦੇ ਸੈਰ ਸਫਰ ਦੇ 8 ਕਾਂਡ ਹਨ ਇਨ੍ਹਾਂ ਯਾਤਰਾਵਾਂ ਵਿਚ ਲੇਖਕ ਨੂੰ ਪ੍ਰਸਿਧ ਸੈਲਾਨੀ ਗਿਆਨੀ ਹਰਕੇਵਲ ਸਿੰਘ ਸੈਲਾਨੀ ਜੀਵਨ ਸਾਥਣ ਮਨਜੀਤ ਕੌਰ ਮਾਨ, ਬਾਲ ਸਾਹਿਤਕਾਰ ਡਾ ਦਰਸ਼ਨ ਸਿੰਘ ਆਸ਼ਟ ਡਾ, ਰਜਵੰਤ ਕੌਰ ਪੰਜਾਬੀ (ਜੀਵਨ ਸਾਥਣ ਡਾ ਦਰਸ਼ਨ ਸਿੰਘ ਆਸਟ) ਤੇ ਹੋਰ ਸਾਹਿਤਕ ਮਿਤਰਾਂ ਦਾ ਸਾਥ ਰਿਹਾ ਹੈ। ਪੰਜਾਬੀ ਮਾਂ ਬੋਲੀ ਦੇ ਇਸ ਵੇਲੇ ਦੇ ਚਿੰਤਕ ਸੁਖੀ ਬਾਠ (ਕੈਨੇਡਾ) ਨੂੰ ਇਹ ਸਫ਼ਰਨਾਮਾ ਸਮਰਪਿਤ ਕੀਤਾ ਹੈ। ਕਿਤਾਬ ਦੇ ਪਹਿਲੇ ਕਾਂਡ ਵਿਚ ਸਿੱਖ ਇਤਿਹਾਸ ਦੇ ਮਹਾਨ ਯੋਧੇ ਬਾਬਾ ਬੰਦਾ ਬਹਾਦਰ ਦੀ ਧਰਤੀ ਚਪੜਚਿੜੀ ਦੀ ਯਾਤਰਾ ਦਾ ਬਿਰਤਾਂਤ ਹੈ। ਇਸ ਸਥਾਨ ਤੇ ਉੱਘੀ ਸ਼ਾਇਰਾ ਬੀਬੀ ਗੁਰਚਰਨ ਕੌਰ ਚਪੜਚਿੜੀ ਦੇ ਘਰ ਜਾ ਕੇ ਕੀਤੀ ਮੁਲਾਕਾਤ ਦਾ ਜ਼ਿਕਰ ਹੈ।

ਲੇਖ਼ਕ ਬੀਬੀ ਗੁਰਚਰਨ ਕੌਰ ਦੀ ਸ਼ਾਇਰੀ ਨਾਲ ਲੰਮੇਂ ਸਮੇਂ ਤੋਂ ਜੁੜਿਆ ਰਿਹਾ ਹੈ। ਲੇਖਕ ਨੇ ਬੀਬੀ ਗੁਰਚਰਨ ਕੌਰ ਤੋਂ ਆਸ਼ੀਰਵਾਦ ਲਿਆ। ਤੇ ਆਪਣੀ ਉਸ ਯਾਤਰਾ ਬਾਰੇ ਦੱਸਿਆ। ਇਸ ਸਥਾਨ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨਾਲ ਜੰਗ ਲੜੀ ਸੀ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਵਜ਼ੀਰ ਖਾਨ ਨੂੰ ਮਾਰ ਕੇ ਲਿਆ ਸੀ। ਇਹ ਜੰਗ 12 ਮਈ 1710 ਨੂੰ ਹੋਈ ਸੀ। ਬਾਦਲ ਸਰਕਾਰ ਵੇਲੇ ਇਸ ਥਾਂ ਤੇ ਸਿਖ ਯੋਧਿਆਂ ਦੇ ਬੁੱਤ ਲਾਏ ਹੋਏ ਹਨ। ਜੰਗੀ ਯੋਧਿਆਂ ਦੀਆਂ ਤਸਵੀਰਾਂ ਹਨ। ਉਚਾ ਮਿਨਾਰ ਹੈ । ਯੋਧਿਆਂ ਵਿਚ ਜਰਨੈਲ ਸਿੰਘ, ਭਾਈ ਫਤਿਹ ਸਿੰਘ ਭਾਈ ਅਲੀ ਸਿੰਘ,ਭਾਈ ਮਾਲੀ ਸਿੰਘ, ਭਾਈ ਬਾਜ ਸਿੰਘ ਆਦਿ ਦਾ ਜ਼ਿਕਰ ਹੈ ਲੇਖਕ ਹਰੇਕ ਯਾਤਰਾ ਦਾ ਪੂਰਾ ਵੇਰਵਾ, ਇਸ ਥਾਂ ਤੋਂ ਦੂਸਰੀ ਥਾਂ ਤੇ ਤੁਰਨ ਤੋਂ ਪਹੁੰਚਣ ਤਕ ਤਕ ਰਸਤੇ ਦੀ ਦੂਰੀ ਮੰਜ਼ਿਲ ਦਾ ਇਤਹਾਸ ,ਤੇ ਹੋਰ ਵੇਰਵਾ ਦੇ ਕੇ ਯਾਤਰਾ ਨੂੰ ਦਿਲਚਸਪ ਬਣਾਉਂਦਾ ਹੈ ਹਰੇਕ ਯਾਤਰਾ ਨਾਲ ਤਸਵੀਰਾਂ ਹਨ। ਸਫਰਨਾਮੇ ਵਿਚ ਕੁਲ 52 ਤਸਵੀਰਾਂ ਹਨ ।ਇਸ ਪਹਿਲੇ ਕਾਂਡ ਵਿਚ ਚਾਰ ਤਸਵੀਰਾਂ , ਦੂਸਰੇ ਕਾਂਡ 'ਚ ਅੰਦਰੇਟਾ ਦੀ ਯਾਤਰਾ ਹੈ। ਇਸ ਯਾਤਰਾ ਵਿਚ ਬੈਜਨਾਥ ,,ਪਾਲਮਪੁਰ, ਅੰਦਰੇਟਾ, ਆਰਟ ਗੈਲਰੀ, ਸ੍ਰੀ ਮਤੀ ਨੌਰਾ ਰਿਚਰਡ (ਪਹਿਲੀ ਪੰਜਾਬੀ ਨਾਟਕਕਾਰ),ਪਾਲਮਪੁਰ ਵਿਚ ਚਾਹ ਦੇ ਬਾਗ ਵੇਖੇ। ਅੰਦਰੇਟੇ ਬੈਠ ਕੇ ਮਹਿਸੂਸ ਹੋਇਆ ਜਿਵੇਂ ਕੁਦਰਤ ਦੀ ਗੋਦ ਵਿਚ ਬੈਠੈ ਹੋਈਏ।

ਲੇਖਕ ਆਪਣੇ ਠਹਿਰਾਉ ਦੀ ਪੂਰੀ ਤਸਵੀਰ ਪੇਸ਼ ਕਰਦਾ ਹੈ। ਚਾਹ ਦੇ ਕੱਪ ਦੀ ਕੀਮਤ ਵੀ ਨਾਲ ਲਿਖਦਾ ਹੈ। ਆਪਣੇ ਨਾਲ ਦੇ ਸਾਥੀਆਂ ਦਾ ਜ਼ਿਕਰ ਕਰਦਾ ਹੈ। ਬਾਬਾ ਗੁਰਦਿਤ ਸਿੰਘ ਨਾਲ ਮੁਲਾਕਾਤ ਤੇ ਹੋਰ ਵਿਸ਼ੇਸ਼ ਵਿਅਕਤੀਆ ਨੂੰ ਮਿਲਣ ਦਾ ਜ਼ਿਕਰ ਕਰਦਾ ਹੈ ।ਇਸ ਦੂਸਰੇ ਕਾਂਡ ਦੀ ਯਾਤਰਾ 1990 ਦੀ ਹੈ। ਦੂਸਰੀ ਤਾਰ ਅੰਦਰੇਰੇ ਦੀ ਯਾਂਤਰਾ ਲੇਖਕ 2019 ਵਿਚ ਕਰਦਾ ਹੈ।ਇਸ ਯਾਂਤਰਾ ਦਾ ਸਬਬ ਉਦੋਂ ਬਣਿਆ ਜਦੋਂ ਪੰਜਾਬੀ ਸਾਹਿਤ ਅਕੈਡਮੀ ਚੰਡੀਗੜ੍ਹ ਦੀ ਡਾਇਰੈਕਟਰ ਡਾ. ਸਰਬਜੀਤ ਕੌਰ ਸੋਹਲ ਵਲੋਂ ਦੋ ਰੋਜ਼ਾ ਕਾਰਜਸ਼ਾਲਾ ਬਾਲ ਸਾਹਿਤ ਲੇਖਕਾਂ ਅਤੇ ਬੱਚਿਆਂ ਦੀ ਕਾਰਜਸ਼ਾਂਲਾ ਲਾਈ ਗਈ। ਅੰਧਰੇਟਾ ਪਾਲਮਪੁਰ ਤੋਂ 12 ਕਿਲੋਮੀਟਰ ਹੈ। ਇਸ ਕਾਰਜਸ਼ਾਂਲਾ ਵਿਚ ਡਾ ਦਰਸ਼ਨ ਸਿੰਘ ਆਸ਼ਟ, ਰਜਵੰਤ ਕੌਰ ਪੰਜਾਬੀ, ਸਤਪਾਲ ਭੀਖੀ, ਡਾ ਕੁਲਦੀਪ ਸਿੰਘ ਦੀਪ, ਜਸਪ੍ਰੀਤ ਸਿੰਘ ਜਗਰਾਉਂ, ਜਗਤਾਰ ਸਿੰਘ ਸੋਖੀ ਸਾਹਿਤਕਾਰ ਸ਼ਾਂਮਲ ਸਨ। ਬੱਚਿਆਂ ਵਿਚ ਪੁਨੀਤ (ਵਿਦਿਆਰਥਣ ਬਠਿੰਡਾ ਸਪੁਤਰੀ ਦਿਲਜੀਤ ਬੰਗੀ ਉਘਾ ਸ਼ਾਇਰ) ਵੀ ਸ਼ਾਮਲ ਸੀ ਇਸ ਵਿਦਿਆਰਥਣ ਨੇ ਬਾਅਦ ਵਿਚ ਅੰਦੇਰਟੇ ਦੀ ਇਸ ਯਾਤਰਾ ਬਾਰੇ ਕਿਤਾਬ ਵੀ ਲਿਖੀ ਸੀ। ਇਸ ਕਾਰਜਸ਼ਾਲਾ ਵਿਚ ਬੱਚਿਆਂ ਨਾਟਕ ਖੇਡੇ ਤੇ ਸਾਹਿਤ ਰਚਿਆ। ਆਪਣੀ ਮੌਲਿਕਤਾ ਦਾ ਪ੍ਰਗਟਾਵਾ ਕੀਤਾ। ਇਸ ਦਾ ਜ਼ਿਕਰ ਲੇਖਕ ਨੇ ਕੀਤਾ ਹੈ। ਇਸ ਕਾਂਡ ਵਿਚ 7 ਤਸਵੀਰਾਂ ਹਨ। ਇਕ ਯਾਤਰਾ ਵਿਚ ਲੇਖਕ ਨੇ ਦਿੱਲੀ ਦੀਆਂ ਵਖ ਵਖ ਥਾਂਵਾਂ ਦਾ ਜ਼ਿਕਰ ਕੀਤਾ ਹੈ (ਦਿੱਲੀ ਦਰਸ਼ਨ) ਵੇਖੇ ਡਿਠੈ ਸਥਾਨਾਂ ਵਿਚ ਇੰਦਰਾ ਗਾਂਧੀ ਬਾਲ ਸੰਬੰਧਤ ਯਾਦਾਂ ,ਇੰਡੀਆਂ ਗੇਟ, ਕੁਤਬ ਮਿਨਾਰ, ਰੇਡਿਓ ਦੂਰ ਦਰਸ਼ਨ ਕੇਂਦ ਰ ਅਸ਼ੋਕਾ ਹੋਟਲ (ਰਕਬਾ 32 ਏਕੜ), ਪੰਜਾਬੀ ਅਕੈਡਮੀ ਦਫਤਰ ਆਦਿ ਹਨ। ਇਕ ਯਾਤਰਾ ਜੰਮੂ ਕਸ਼ਮੀਰ ਦੀ ਹੈ। ਇਥੇ ਲੇਖਕ ਨੇ ਰਘੂਨਾਥ ਮੰਦਰ ,ਰਾਮੇਸ਼ਵਰ ਮੰਦਰ ,ਡੋਗਰਾ ਅਰਟ ਗੈਲਰੀ,ਡੱਲ ਝੀਲ, ਸ਼ਾਲੀਮਾਰ ਬਾਗ, ਚੰਬਾ, ਸੋਲਨ, ਦਾਰਜੀਲਿੰਗ, ਰਾਜਸਥਾਂਨ ਦਾ ਮਾਊਂਟ ਆਬੂ, ਉਦੇਪੁਰ ਦੀ ਝੀਲ, ਚਿਤੌੜਗੜ, ਮਧ ਪ੍ਰਦੇਸ਼ ਦਾ ਚੰਤਮੜੀ ਸ਼ਾਮਿਲ ਹਨ। ਇਸ ਕਾਂਡ ਵਿਚ 13 ਤਸਵੀਰਾਂ ਹਨ । ਉਪਰੋਕਤ ਤੋਂ ਇਲਾਵਾ ਪਾਲਮਪੁਰ ਦੀ ਯਾਤਰਾ ਹੈ (ਹੁਸ਼ਿਆਰਪੁਰ ਤੋਂ 140 ਕਿਲੋਮੀਟਰ) ਇਸ ਯਾਤਰਾ ਵਿਚ ਸਾਰੇ ਉਹੀ ਸਾਥੀ ਹਨ ਜੋ ਬਾਲ ਸਾਹਿਤ ਲੇਖਕਾਂ ਦੀ ਕਾਰਜਸ਼ਾਂਲਾ ਵਿਚ ਸੀ। ਚਾਹ ਦੇ ਬਾਗ ਵੇਖੇ । ਬਾਗਾਂ ਵਿਚ ਕੰਮ ਕਰਦੇ ਲੋਕਾਂ ਨਾਲ ਗੱਲਾਂ ਸਾਂਝੀਆਂ ਕੀਤੀਆਂ। ਕੁਦਰਤ ਦੇ ਨਜ਼ਾਰੇ ਲਏ । ਇਸ ਕਾਂਡ ਵਿਚ 4 ਤਸਵੀਰਾਂ ਹਨ। ਉਚੇ ਪਰਬਤ ਲੰਮੀਆਂ ਵਾਟਾਂ ਕਾਂਡ 20 ਪੰਨਿਆਂ ਦਾ ਹੈ। ਇਸ ਕਾਂਡ ਵਿਚ ਰਿਸੀਕੇਸ਼ ,ਗੋਬਿੰਦ ਘਾਟ, ਹਰਦੁਆਰ ਸ੍ਰੀਨਗਰ, ਗੜਵਾਲ ਤੇ ਹੋਰ ਕਸਬੇ ਹਨ। ਦਸਵੇਂ ਗੁਰੂ ਜੀ ਦੇ ਪਾਵਨ ਸਥਾਨ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ। ਬਦਰੀ ਨਾਥ ਦੇ ਮੰਦਰ ਵੇਖ ਕੇ ਨਜ਼ਾਰਾ ਤਕਿਆ ।ਲਛਮਣ ਝੂਲਾ ਵੇਖ ਕੇ ਚਾਅ ਪੂਰੇ ਕੀਤੇ।

ਕਿਤਾਬ ਦਾ ਅਖੀਰਲਾ ਕਾਂਡ ਪੰਜਾਬ ਦੀਆਂ ਇਤਿਹਾਸਕ ਥਾਵਾਂ ਵੇਖਣ ਦਾ ਹੈ (ਯਾਤਰਾ ਸੰਨ 1991) ਇਸ ਕਾਂਡ ਵਿਚ ਗੁਰਦੁਆਰਾ ਮਹਿੰਦੀਆਣਾ, ਨਾਨਕਸਰ, ਸੁਲਤਾਨ ਪੁਰ ਲੋਧੀ ਬੇਬੇ ਨਾਨਕੀ ਨਿਵਾਸ, ਬੇਰ ਸਾਹਿਬ, ਕਪੂਰਥਲਾ, ਕਾਂਜਲੀ ਵੇਈਂ, ਗੁਰਦੁਆਰਾ ਟਾਹਲੀ ਸਾਹਿਬ, ਹੁਸੈਨਪੁਰਾ ਹੋਰ ਥਾਵਾਂ ਦੀ ਦਿਲਚਸਪ ਜਾਣਕਾਰੀ ਦਿਤੀ ਹੈ।

ਪ੍ਰਕਿਰਤੀ ਪ੍ਰੇਮੀ ਤੇ ਯਾਤਰਾਵਾਂ ਦੇ ਸ਼ੁਕੀਂਨ ਵਿਅਕਤੀਆਂ ਲਈ ਕਿਤਾਬ ਵਧੀਆ ਗਾਈਡ ਹੈ ।ਸ਼ਰੋਮਣੀ ਸ਼ਾਹਿਤਕਾਰ ਮਨਮੋਹਨ ਸਿੰਘ ਦਾਊਂ, ਗਿਆਨੀ ਹਰਕੇਵਲ ਸਿੰਘ ਸੈਲਾਨੀ ਤੇ ਬੱਗਾ ਸਿੰਘ ਆਰਟਿਸਟ ਮਾਹਿਲਪੁਰ ਵਲੋਂ ਲੇਖਕ ਦੀਆਂ ਰੁਚੀਆਂ, ਯਾਤਰਾਵਾਂ ਤੇ ਸੱਮੁਚੀ ਸਾਹਿਤ ਸੇਵਾ ਦੀ ਪ੍ਰਭਾਵਸ਼ਾਲੀ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦਾ ਸਵਾਗਤ ਹੈ।

**ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
**3/1751 ਕੈਲਾਸ਼ ਨਗਰ ਫਾਜ਼ਿਲਕਾ**
**ਸੰਪਰਕ – 9814856160**

# ਕਿਸਾਨ ਆਗੂ ਜਗਜੀਤ ਸਿੰਘ ਵਲੋਂ ਕੇਂਦਰੀ ਵੱਫਦ ਨਾਲ ਗੱਲਬਾਤ ਕਰਨ ਉਪਰੰਤ ਸਿਹਤ ਸਹੂਲਤ ਲੈਣੀ ਸ਼ੁਰੂ!

ਲਗਭਗ ਇਕ ਸਾਲ ਤੋਂ ਕਿਸਾਨ ਮੰਗਾਂ ਲਈ ਕਿਸਾਨ ਸੰਘਰਸ਼ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ ਮਜਦੂਰ ਸੰਘਰਸ਼ ਮੋਰਚਾ ਦੇ ਆਗੂਆਂ ਸ੍ਰ ਜਗਜੀਤ ਸਿੰਘ ਡੱਲੇਵਾਲ ਅਤੇ ਸ੍ਰ ਸਰਵਣ ਸਿੰਘ ਪੰਧੇਰ ਵਲੋਂ ਖਨੌਰੀ ਤੇ ਸੰਭੂ ਵਿਖੇ ਕਿਸਾਨ ਮੰਗਾਂ ਪ੍ਰਤੀ ਸ਼ੁਰੂ ਕੀਤਾ ਮੋਰਚਾ ਜਿਸ ਵਿੱਚ ਪਿਛਲੇ 55 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਸ੍ਰ ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ ਸਰਕਾਰ ਵਲੋਂ ਭੇਜੀ ਟੀਮ ਨਾਲ ਕਿਸਾਨ ਆਗੂਆਂ ਦੀ ਹੋਈ ਗਲ ਬਾਤ ਉਪਰੰਤ ਕਿਸਾਨ ਆਗੂਆਂ ਵਲੋਂ ਦਿੱਤੇ ਹੁਕਮਾਂ ਪ੍ਰਤੀ ਆਪਣੀ ਸਹਿਮਤੀ ਦੇ ਕੇ ਮੈਡੀਕਲ ਸਹੂਲਤ ਲੈਣੀ ਸ਼ੁਰੂ ਕਰ ਦਿੱਤੀ ਹੈ ।ਕੇਂਦਰ ਸਰਕਾਰ ਨੇ 14 ਫਰਵਰੀ 2025 ਨੂੰ ਚੰਡੀਗੜ ਵਿਖੇ ਉਕਤ ਸਿਰਫ ਦੋ ਕਿਸਾਨ ਆਗੂਆਂ ਨਾਲ ਕਿਸਾਨ ਮੰਗਾਂ ਦੇ ਸਬੰਧ ਵਿੱਚ ਮੀਟਿੰਗ ਰੱਖ ਲਈ ਹੈ। ਜਿਸ ਵਿੱਚ ਇਹ ਵੀ ਕਿਹਾ ਗਿਆ ਕਿ ਉਦੋਂ ਤਕ ਕਿਸਾਨ ਆਗੂ ਸ੍ਰ. ਜਗਜੀਤ ਸਿੰਘ ਡੱਲੇਵਾਲ ਵੀ ਸਿਹਤਯਾਬ ਹੋ ਕੇ ਗੱਲ ਬਾਤ ਕਰਨ ਦੇ ਸਮਰੱਥ ਹੋ ਜਾਣਗੇ। ਇਸ ਸਾਰੇ ਘਟਨਾ ਕਰਮ ਨੇ ਕਿਸਾਨ ਆਗੂਆਂ ਵਿੱਚ ਕਈ ਪ੍ਰਕਾਰ ਦੇ ਭਰਮ ਭੁਲੇਖੇ ਤੇ ਗੰਭੀਰ ਉਲਝਣਾਂ ਪੈਦਾ ਕਰ ਦਿੱਤੀਆਂ ਹਨ। ਕਿਸਾਨ ਆਗੂਆਂ ਵਲੋਂ ਹੀ ਨਹੀਂ ਬਲਕਿ ਦੇਸ਼ ਦੇ ਚਿੰਤਕ ਲੋਕਾਂ ਵਿਸ਼ੇਸ਼ ਕਰਕੇ ਕਿਸਾਨਾਂ ਦੀਆਂ ਜਥੇਬੰਦੀਆਂ ਬੜੀਆਂ ਹੈਰਾਨ ਹਨ ਕਿ ਇਹ ਉਹ ਹੀ ਮੋਦੀ ਸਰਕਾਰ ਹੈ ਜਿਹੜੀ ਹੁਣ ਦੋ ਕਿਸਾਨ ਆਗੂਆਂ ਨਾਲ ਕਿਸਾਨ ਮੰਗਾਂ ਪ੍ਰਤੀ ਗੱਲ ਬਾਤ ਕਰ ਰਹੀ ਹੈ। ਇਸੇ ਸਰਕਾਰ ਨੇ ਦੇਸ਼ ਭਰ ਦੇ ਕਿਸਾਨਾਂ ਜਿਨਾਂ ਨੇ ਦਿੱਲੀ ਦੀਆਂ ਬਰੂਹਾਂ ਤੇ ਇਕ ਸਾਲ ਤੋਂ ਵਧੇਰੇ ਦਾ ਸਮਾਂ ਸਾਂਝਾ ਸੰਘਰਸ਼ ਲੜ੍ਹ ਕੇ ਬਿਨਾ ਸ਼ਰਤ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲੋਂ ਸਿਰਫ ਵਾਪਿਸ ਹੀ ਨਹੀਂ ਸੀ ਕਰਾਇਆ ਬਲਕਿ ਦੇਸ ਦੀ ਪਾਰਲੀਮੈਂਟ ਕੋਲੋਂ ਇਹ ਕਾਨੂੰਨ ਰੱਦ ਕਰਵਾਉਣ ਦੇ ਨਾਲ ਰਾਸ਼ਟਰਪਤੀ ਕੋਲੋਂ ਵੀ ਇਹ ਕਾਨੂੰਨ ਵਾਪਿਸ ਕਰਾਏ ਜਾਣ ਵਾਲੇ ਪੱਤਰ ਤੇ ਦਸਖਤ ਵੀ ਕਰਵਾਏ ਸਨ ਪਰ ਕੇਂਦਰ ਦੀ ਸਰਕਾਰ ਦੇ ਮਨ ਵਿੱਚ ਬਦਦਿਅਨਤੀ ਹੋਣ ਕਰਕੇ ਉਸ ਦਾ ਸਰਕਾਰ ਵਲੋਂ ਆਰਡੀਨੈਂਸ ਜਾਰੀ ਨਾ ਕਰਕੇ ਉਹ ਹੀ ਸ੍ਰੀ ਨਰਿੰਦਰ ਮੋਦੀ ਜਿਸ ਨੇ ਇਹ ਤਿੰਨੇ ਕਾਨੂੰਨ ਵਾਪਿਸ ਕੀਤੇ ਸਨ ਬੜੀ ਬੇਸ਼ਰਮੀ ਨਾਲ ਮੁੱਕਰ ਗਿਆ ਸੀ ।ਉਹ ਹੁਣ ਕਿਵੇਂ ਉਨਾਂ ਕਾਨੰਨਾਂ ਨੂੰ ਦੁਬਾਰਾ ਰੱਦ ਕਰਨ ਲਈ 14 ਫਰਵਰੀ 2025 ਨੂੰ ਚੰਡੀਗੜ੍ਹ ਹੋ ਰਹੀ ਮੀਟਿੰਗ ਵਿੱਚ ਗੱਲ ਨੂੰ ਅੱਗੇ ਤੋਰਨ ਲਈ ਕਿਸਾਨਾਂ ਪ੍ਰਤੀ ਦਿਆਨਤਦਾਰ ਹੋਵੇਗਾ! ਉਹ ਵੀ ਕਿਸਾਨਾਂ ਦੀਆਂ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕਰਨ ਦੀ ਥਾਂ ਤੇ ਸਿਰਫ ਕਿਸਾਨਾਂ ਦੀਆਂ ਦੋ ਜਥੇਬੰਦੀਆਂ ਦੇ ਕਿਸਾਨ ਆਗੂਆਂ ਨਾਲ ਗੱਲ ਕਰਕੇ! ਕੇਂਦਰ ਦੀ ਭਾਜਪਾ ਸਰਕਾਰ ਏਨੀ ਸ਼ਾਤਰ ਹੈ ਕਿ ਉਸ ਨੇ ਇਹ ਕਾਰਵਾਈ ਬਿਲਕੁਲ ਉਸੇ ਸਮੇਂ ਕੀਤੀ ਹੈ ਜਦੋਂ ਕਿ ਕਿਸਾਨ ਆਪਣੀ ਏਕਤਾ ਉਸਾਰਣ ਵਿੱਚ ਪੂਰੀ ਤਰ੍ਹਾਂ ਰੁਝੇ ਹੋਏ ਸਨ। ਉਸ ਦੀ ਇਸ ਬੜੀ ਗੁੱਝੀ ਚਾਲ ਨੂੰ ਕਿਸਾਨਾਂ ਵਿੱਚ ਫੁੱਟ ਪਾਉਣ ਦੀ ਵੱਡੀ ਸ਼ਰਾਰਤ ਸਮਝਿਆ ਜਾ ਰਿਹਾ ਹੈ ।ਕੇਂਦਰੀ ਵਫਦ ਦੀ ਹਾਜਰੀ ਵਿੱਚ ਕੁਝ ਕਿਸਾਨ ਬੁਲਾਰੇ ਇੰਝ ਕਹਿ ਰਹੇ ਸਨ ਕਿ ਫਰਵਰੀ 14 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਵਿੱਚ ਗੱਲ ਬਾਤ ਕਰਨ ਵਾਲੇ ਵਾਹਦ ਇਕੋ ਇਕ ਕਿਸਾਨ ਆਗੂ ਸ੍ਰ ਡੱਲੇਵਾਲ ਹੀ ਹਨ।ਇਸ ਤਰਾਂ ਦੀਆਂ ਬਿਆਨਬਾਜੀਆਂ ਕਰਕੇ ਕਿਸਾਨਾਂ ਦੀਆ ਬਾਕੀ ਦੀਆਂ ਹੋਰ ਜਥੇਬੰਦੀਆਂ ਦੇ ਆਗੂਆਂ ਵਿੱਚ ਨਫਰਤ ਦੇ ਬੀਜ ਬੀਜਣ ਦੇ ਯਤਨ ਕੀਤੇ ਜਾ ਰਹੇ ਹਨ। ਜਿਸ ਨੂੰ ਸਾਰੇ ਕਿਸਾਨਾਂ ਨੂੰ ਸਮਝਣ ਦੀ ਜਰੂਰਤ ਹੈ, 14 ਫਰਵਰੀ ਦੀ ਮੀਟਿੰਗ ਨੇ ਕਿਸਾਨਾਂ ਵਿੱਚ ਬੜੇ ਗੰਭੀਰ ਸੁਆਲ



ਉਤਪੰਨ ਕਰ ਦਿੱਤੇ ਹਨ। ਕੇਂਦਰੀ ਕਮੇਟੀ ਵਲੋਂ ਮੀਟਿੰਗ ਨੂੰ ਦੇਰੀ ਨਾਲ ਰੱਖਣ ਦੇ ਕਾਰਨਾਂ ਵਿੱਚ ਇਹ ਵੀ ਦਸਿਆ ਜਾ ਰਿਹਾ ਹੈ ਕਿ ਇਕ ਤਾਂ ਦਿੱਲੀ ਵਿੱਚ ਚੋਣਾਂ ਹੋ ਰਹੀਆਂ ਹਨ, ਚੋਣ ਜਾਬਤਾ ਲਗਾ ਹੋਇਆ ਹੈ ਦੂਸਰਾ ਉਦੋਂ ਤਕ ਸ੍ਰ ਡੱਲੇਵਾਲ ਸਿਹਤ ਪਖੋਂ ਕੁਝ ਨਰੋਏ ਹੋ ਜਾਣਗੇ ਜੋ ਕਿ ਮੀਟਿੰਗ ਵਿੱਚ ਆਪਣੀ ਗੱਲ ਸੁਚੱਜੇ ਰੂਪ ਵਿੱਚ ਰੱਖ ਸਕਣਗੇ। ਪਰ ਇਹ ਕਿਸਾਨ ਆਗੂ ਭੁੱਲ ਰਹੇ ਹਨ ਖਨੌਰੀ ਜਿਥੇ ਸ੍ਰ ਡੱਲੇਵਾਲ ਮਰਨ-ਵਰਤ ਰੱਖ ਕੇ ਬੈਠੇ ਸਨ ਉਥੇ ਸਾਰੇ ਡਾਕਟਰਾਂ ਵਲੋਂ ਖਾਸ ਕਰਕੇ ਕਿਸਾਨਾਂ ਦੇ ਡਾਕਟਰ ਸ੍ਰ ਸਵੈਮਾਣ ਸਿੰਘ ਜੋ ਅਮਰੀਕਾ ਤੋਂ ਆਪਣਾ ਕੰਮ ਕਾਜ ਛੱਡ ਕੇ ਇਥੇ ਸ੍ਰ ਡੱਲੇਵਾਲ ਦੀ ਸਿਹਤ ਦੀ ਜਾਂਚ ਕਰਦੇ ਆ ਰਹੇ ਹਨ ਉਹ ਕਈ ਵਾਰ ਇਹ ਕਹਿ ਚੁੱਕੇ ਹਨ ਕਿ ਇਨੀ ਲੰਮੀ ਭੁੱਖ ਹੜਤਾਲ ਨਾਲ ਸ੍ਰ ਡੱਲੇਵਾਲ ਦੀ ਸਿਹਤ ਦਾ ਇੰਨਾ ਵੱਡਾ ਨੁਕਸਾਨ ਹੋ ਚੁੱਕਾ ਹੈ ਕਿ ਜੇਕਰ ਉਨਾ ਨੂੰ ਅਮਰੀਕਾ ਵੀ ਇਲਾਜ ਲਈ ਭੇਜ ਦਿੱਤਾ ਜਾਵੇ ਤਾਂ ਵੀ ਉਨਾ ਨੂੰ ਬਚਾ ਸਕਣਾ ਬੜਾ ਮੁਸ਼ਕਲ ਹੈ। ਕੇਂਦਰ ਦੀ ਇਸ ਕਾਰਵਾਈ ਨੂੰ ਡਾ. ਸਵੈਮਾਣ ਸਿੰਘ ਨੇ ਕਿਸਾਨਾਂ ਨਾਲ ਇਕ ਹੋਰ ਹੋਈ ਠੱਗੀ ਦਾ ਨਾਂ ਦਿੱਤਾ ਹੈ। ਹੁਣ ਇਹ ਕਿਸਾਨ ਆਗੂ ਆਪ ਹੀ ਦਸਣ ਕਿ ਸ੍ਰ ਡੱਲੇਵਾਲ ਕਿਵੇਂ ਉਸ ਮੀਟਿੰਗ ਵਿੱਚ ਸੁੱਚਜੇ ਰੂਪ ਨਾਲ ਗਲਬਾਤ ਕਰਨ ਦੇ ਸਮਰੱਥ ਹੋ ਸਕਣਗੇ। ਸਾਰੀਆਂ ਕਿਸਾਨ ਜਥੇਬੰਦੀਆਂ ਵਲੋਂ ਵੀ 14 ਫਰਵਰੀ ਦੀ ਮੀਟਿੰਗ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਵਲੋਂ ਦਿੱਤੀਆਂ ਦਲੀਲਾਂ ਨੂੰ ਸਚਾਈ ਤੋਂ ਕੋਹਾਂ ਦੂਰ ਵਾਲੀਆਂ ਕਿਹਾ ਹੈ। ਕੇਂਦਰ ਦੀ ਮੋਦੀ ਸਰਕਾਰ ਨੇ ਸਾਰੀਆ ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪਾਉਣ ਦੀ ਚਾਲ ਐਨ ਉਸ ਸਮੇਂ ਚੱਲੀ ਹੈ ਕਿ ਜਦੋਂ ਸਾਰੀਆਂ ਕਿਸਾਨ ਜਥੇਬੰਦੀਆਂ ਇਕੱਠੇ ਹੋਣ ਲਈ ਲਗਾਤਾਰ ਮੀਟਿੰਗਾਂ ਕਰ ਰਹੀਆਂ ਸਨ।ਅਜਿਹਾ ਕਰਕੇ ਉਨਾਂ ਵਿੱਚ ਵੱਡਾ ਅੜਿਕਾ ਢਾਹੁਣ ਦਾ ਕੋਹਝਾ ਯਤਨ ਕੀਤਾ ਹੈ। ਭਾਜਪਾ ਸਰਕਾਰ ਜਿਸ ਬਾਰੇ ਇਹ ਕਿਹਾ ਜਾਂਦਾ ਆ ਰਿਹਾ ਹੈ ਕਿ ਇਸ ਸਰਕਾਰ ਨੂੰ ਹਿੰਦੂਆਂ ਦੀ ਕੱਟੜ੍ਹ ਜਥੇਬੰਦੀ ਰ.ਸ.ਸ. ਵਲੋਂ ਚਲਾਇਆ ਜਾ ਰਿਹਾ ਹੈ। ਭਾਜਪਾ ਸਰਕਾਰ ਨੂੰ ਉਹ ਜੋ ਜੋ ਨਿਰਦੇਸ਼ ਦੇਂਦੀ ਹੈ ਕਿ ਉਸੇ ਮੁਤਾਬਿਕ ਸਰਕਾਰ ਕੰਮ ਕਰਦੀ ਹੈ। ਕਿਸਾਨ ਜਥੇਬੰਦੀਆਂ ਜਿਹੜੀਆਂ ਕੁਝ ਸਮਾਂ ਪਹਿਲਾਂ ਮੋਦੀ ਨੂੰ ਚਿੱਤ ਕਰਕੇ ਤਿੰਨ ਕਾਲੇ ਕਾਨੂੰਨਾਂ ਨੂੰ ਬਿਨਾ ਸ਼ਰਤ ਵਾਪਿਸ ਕਰਾ ਕੇ ਜਿੱਤ ਦੇ ਡੰਕੇ ਵਜਾ ਕੇ ਜਿਹੜਾ ਸ਼ਾਨੋ ਸ਼ੌਕਤ ਨਾਲ ਆਪਣੇ ਘਰੀਂ ਪਰਤੇ ਸਨ। ਉਸ ਦਾ ਬਦਲਾ ਰ.ਸ.ਸ. ਤੇ ਮੋਦੀ ਸਰਕਾਰ ਕਿਸਾਨਾਂ ਵਿੱਚ ਫੁੱਟ ਪਾ ਕੇ ਉਨਾਂ ਤੋਂ ਲੈਣਾ ਚਾਹੁੰਦੀ ਹੈ ਜਿਸ ਲਈ ਇਹ ਸਾਰਾ ਡਰਾਮਾ ਕੀਤਾ ਗਿਆ ਹੈ। ਜੇਕਰ ਸਰਕਾਰ ਕਿਸਾਨ ਹਿਤੈਸੀ ਹੁੰਦੀ ਤਾਂ ਉਸ ਨੂੰ ਲੋੜ੍ਹ ਹੀ ਨਹੀਂ ਸੀ ਕਿ ਉਹ ਖੇਤੀ ਕਾਨੂੰਨਾਂ ਨੂੰ ਕੇਂਦਰੀ ਕਰੰਟ ਲਿਸਟ ਵਿੱਚੋਂ ਕੱਢ ਕੇ ਪ੍ਰਾਂਤਾਂ ਦੀ ਲਿਸਟ ਵਿੱਚ ਲਿਆਉਂਦੀ। ਉਹ ਖੇਤੀਬਾੜ੍ਹੀ ਨੂੰ ਹਰ ਹੀਲੇ ਕਿਸਾਨਾਂ ਕੋਲੋਂ ਖੋਹ ਕੇ ਕਾਰਪੋਰੇਟਾਂ ਦੇ ਹੱਥ ਦੇਣਾ ਚਾਹੁੰਦੀ ਹੈ। ਇਸ ਵੇਲੇ ਭਾਜਪਾ ਦਾ ਰਾਜ ਬਹੁਤ ਸਾਰੇ ਪ੍ਰਾਂਤਾਂ ਵਿੱਚ ਹੈ ਉਸ ਵਲੋਂ ਖੇਤੀਬਾੜੀ ਬਾਰੇ ਭੇਜੀ ਨਵੀਂ ਡਰਾਫਟ ਪਾਲਿਸੀ ਦਾ ਮੰਤਵ ਇਹ ਹੈ ਕਿ ਉਹ ਭਾਜਪਾ ਦੇ ਰਾਜ ਵਾਲੇ ਸਾਰੇ ਪ੍ਰਾਂਤਾਂ ਵਲੋਂ ਇਸ ਨੂੰ ਕੇਂਦਰ ਦੀ ਪਾਲਿਸੀ ਮੁਤਾਬਿਕ ਪਾਸ ਕਰਾ ਕੇ ਸਾਰੇ ਭਾਰਤ ਵਿੱਚ ਲਾਗੂ ਕਰਨਾ ਚਾਹੁੰਦੀ ਹੈ ।ਸਾਰੇ ਭਾਰਤ ਦੇ ਕਿਸਾਨ ਹੀ ਹਨ ਜੋ ਲਗਾਤਾਰ ਇਨਾਂ ਕਾਨੂੰਨਾਂ ਦਾ ਵਿਰੋਧ ਕਰਦੇ ਆ ਰਹੇ ਹਨ। ਕੇਂਦਰ ਨੂੰ ਭਲੀਭਾਂਤ ਪਤਾ ਹੈ ਕਿ ਜੇਕਰ ਭਾਰਤ ਦੇ ਸਾਰੇ ਕਿਸਾਨ ਮੁੜ੍ਹ ਪਹਿਲਾਂ ਵਾਂਗ ਇਕਠੇ ਹੋ ਗਏ ਤਾਂ ਉਹ ਉਨਾਂ ਦੀ ਇਸ ਕਾਰਪੋਰੇਟ ਪੱਖੀ ਨੀਤੀ ਨੂੰ ਕਦੇ ਵੀ ਲਾਗੂ ਨਹੀਂ ਹੋਣ ਦੇਣਗੇ। ਕੇਂਦਰ ਦੀ ਸਰਕਾਰ ਵਲੋਂ ਬੜੀ ਚਲਾਕੀ ਤੇ ਹੁਸ਼ਿਆਰੀ ਨਾਲ ਇਹ ਸਭ ਕੁਝ ਕੀਤਾ ਜਾ ਰਿਹਾ ਹੈ ਤਾਂ ਕਿ ਕਿਸਾਨਾਂ ਵਿੱਚ ਫੁੱਟ ਪੁਆਈ ਜਾ ਸਕੇ। ਇਸ ਵੇਲੇ ਗੇਂਦ ਕਿਸਾਨਾਂ ਦੇ ਮੈਦਾਨ ਵਿੱਚ ਹੈ ਕਿ ਉਨਾਂ ਨੇ ਇੱਕਠੇ ਰਹਿ ਕੇ ਸਰਕਾਰ ਦਾ ਮੂੰਹ ਭੰਨਣਾ ਹੈ ਕਿ ਕਾਰਪੋਰੇਟਾਂ ਦੇ ਹਵਾਲੇ ਖੇਤੀਬਾੜ੍ਹੀ ਕਰਕੇ ਜਮੀਨਾਂ ਦੇ ਮਾਲਕਾਂ ਤੋਂ ਮੁਜਾਰੇ ਬਣਨਾ ਹੈ। ਜੇਕਰ ਉਨਾਂ ਨੇ ਸਿੱਖਾਂ ਦੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਬੇਜਮੀਨੇ ਕਿਸਾਨਾਂ ਨੂੰ ਜਮੀਨਾਂ ਦੇ ਕੇ ਮੁਜਾਰਿਆ ਤੋਂ ਮਾਲਕ ਬਣਾਇਆ ਸੀ ਕਿ ਉਹ ਮਾਲਕ ਬਣ ਕੇ ਅੱਣਖ ਦਾ ਜੀਵਨ ਜੀਉਣਾ ਹੈ ਕਿ ਕਾਰਪੋਰੇਟਾਂ ਦੇ ਮੁਜਾਰੇ ਬਣਨਾ ਕੇ ਗੁਲਾਮੀ ਵਾਲਾ ਅਤਿ ਦਾ ਜਹਾਲਤ ਭਰਿਆ ਜੀਵਨ ਬਿਤਾਉਣਾ ਹੈ। ਇਸ ਲਈ ਸਾਰੇ ਕਿਸਾਨਾਂ ਲਈ ਜਰੂਰੀ ਬਣ ਗਿਆ ਹੈ ਕਿ ਉਹ ਕਿਸੇ ਹਾਲਤ ਵਿੱਚ ਵੀ ਆਪਣਾ ਏਕਾ ਖਿੰਡਣ ਨਾ ਦੇਣ। ਸਾਰੀਆ ਕਿਸਾਨ ਜਥੇਬੰਦੀਆਂ ਆਪਣੇ ਗੁੱਸੇ ਗਿਲੇ ਭੁਲਾ ਕੇ ਰਲ ਕੇ ਬੈਠਣ ਤੇ ਸਰਕਾਰ ਵਲੋਂ ਸੱਦੀ ਮੀਟਿੰਗ ਵਿੱਚ ਸਿਰਫ ਦੋ ਜਥੇਬੰਦੀਆਂ ਹੀ ਨਾ ਜਾਣ ਬਲਕਿ ਸਾਰੀਆਂ ਜਥੇਬੰਦੀਆਂ ਇੱਕਠੀਆਂ ਹੋ ਕੇ ਆਪਣੀ ਸਾਂਝੀ ਇਕ ਕਮੇਟੀ ਬਣਾਉਣ। ਫਿਰ ਉਹ ਸਾਰੇ ਮੈਂਬਰ ਆਪਣੀ ਇਕ ਰਾਇ ਬਣਾ ਕੇ 14 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਵਿੱਚ ਜਾਣ। ਸਰਕਾਰ ਨੇ ਹੋਰ ਵੀ ਬੜੀਆਂ ਚਾਲਾਂ ਚਲਣੀਆ ਹਨ ਉਨਾਂ ਤੋਂ ਸਾਰੇ ਕਿਸਾਨਾਂ ਨੂੰ ਸੁਚੇਤ ਰਹਿਣ ਦੀ ਜਰੂਰਤ ਹੈ। ਕਿਸਾਨ ਸਾਰੇ ਬੜੇ ਸਿਆਣੇ ਹਨ ਉਹ ਸਰਕਾਰ ਦੇ ਕਿਸੇ ਚੁੰਗਲ ਵਿੱਚ ਨਹੀਂ ਫਸਣਗੇ। ਉਨਾਂ ਨੂੰ ਯਾਦ ਹੋਵੇਗਾ ਜੇਕਰ ਉਹ ਇਕੱਲੀ ਇਕੱਲੀ ਉਂਗਲੀਂ ਦੀ ਤਰਾਂ ਲੜਦੇ ਰਹੇ ਤਾਂ ਆਪਣਾ ਉਹ ਨੁਕਸਾਨ ਕਰਾ ਲੈਣਗੇ ਫਿਰ ਅੱਖਾਂ ਵਿੱਚ ਘਸੁੰਨ ਦੇ ਕੇ ਰੋਣ ਦਾ ਵੀ ਲਾਭ ਨਹੀਂ ਹੋਣਾ। ਜੇਕਰ ਕਿਸਾਨ ਸਾਰੀਆਂ ਉਂਗਲੀਆਂ ਤਰਾਂ ਇਕੱਠੇ ਹੋ ਕੇ ਇਕ "ਘਸੁੰਨ" ਬਣ ਗਏ ਤਾਂ ਉਹ ਹਰ ਜਾਬਰ ਤੋਂ ਜਾਬਰ ਚਾਹੇ ਉਹ ਕੇਂਦਰ ਦੀ ਮੋਦੀ ਸਰਕਾਰ ਹੈ ਜਾਂ ਫਿਰ ਉਸ ਦੀ ਰ.ਸ.ਸ. ਸਭ ਦਾ ਬੁਥਾੜਾ ਭੰਨਣ ਦੇ ਸਮਰੱਥ ਹੋਣਗੇ। ਆਸ ਹੈ ਕਿ ਦੇਸ਼ ਭਰ ਦੇ ਕਿਸਾਨ ਕਿਸੇ ਸੂਰਤ ਵਿੱਚ ਕੇਂਦਰ ਸਰਕਾਰ ਦੀਆਂ ਚਾਲਾਂ ਵਿੱਚ ਨਹੀਂ ਫਸਣਗੇ ਤੇ ਪਹਿਲਾਂ ਦੀ ਤਰਾਂ ਜਿੱਤ ਦੇ ਡੰਕੇ ਵਜਾਉਂਦੇ ਆਪਣੇ ਸੁਨਹਿਰੀ ਇਤਿਹਾਸ ਨੂੰ ਮੁੜ੍ਹ ਦੁਹਰਾਉਣਗੇ।



ਜੰਗ ਸਿੰਘ ਮਰਸਡ (ਅਮਰੀਕਾ)
ਮੋਬਾਇਲ ਨੰ +1 415 603 7380

## ਦੋ ਕਵਿਤਾਵਾਂ

ਖੁਸ਼ੀਆਂ ਦਾ ਤਿਉਹਾਰ ਹੈ ਲੋਹੜੀ ।
ਰੀਝਾਂ ਦਾ ਸ਼ਿੰਗਾਰ ਹੈ, ਲੋਹੜੀ ।
ਨਵ ਜੰਮੇ ਇਕ ਬੱਚੇ ਦੇ ਲਈ ।
ਇਕ ਸੁੰਦਰ ਉਪਹਾਰ ਹੈ ਲੋਹੜੀ ।
ਖੁਸ਼ਹਾਲੀ ਦੇ ਵਿਹੜੇ ਅੰਦਰ,
ਫ਼ਸਲਾਂ ਦਾ ਸਤਿਕਾਰ ਹੈ ਲੋਹੜੀ ।
ਪਿਆਰ ਮੁਹੱਬਤ ਖੇੜੇ ਵਾਲਾ
ਅੱਜ ਦੇ ਦਿਨ ਇਕਰਾਰ ਹੈ ਲੋਹੜੀ ।
ਸੁਰਖ਼ ਸਵੇਰੇ ਦੇ ਹਿੱਕ ਉਤੇ,
ਸੱਜਣਾਂ ਦਾ ਦੀਦਾਰ ਹੈ ਲੋਹੜੀ
ਪੰਜਾਬੀਅਤ ਦੇ ਗਹਿਣੇ ਵਿਚ,
ਇਕ ਸੁੱਚਾ ਕਿਰਦਾਰ ਹੈ ਲੋਹੜੀ ।
ਰਸਮਾਂ, ਰੀਤਾਂ ਵਿਚ ਨਗੀਨਾ,
ਸੁੰਦਰ ਸੱਭਿਆਚਾਰ ਹੈ ਲੋਹੜੀ ।
ਖਿੜੀਆਂ ਫ਼ਸਲਾਂ ਦੇ ਗੱਲ ਪਾਇਆ,
ਹਰਿਆਲੀ ਦਾ ਹਾਰ ਹੈ ਲੋਹੜੀ ।
ਪਰੰਪਰਾ ਦੇ ਵਿਹੜੇ ਅੰਦਰ,
ਖਿੜਿਆ ਇਕ ਗੁਲਜ਼ਾਰ ਹੈ ਲੋਹੜੀ ।
'ਬਾਲਮ' ਸੱਜਣਾਂ ਨਾਲ ਹੈ ਲੋਹੜੀ ।
ਸੱਜਣਾਂ ਬਿਨ ਬੇਕਾਰ ਹੈ ਲੋਹੜੀ ।

ਖੁਸ਼ੀਆਂ ਦਾ ਤਿਉਹਾਰ ਹੈ ਲੋਹੜੀ ।
ਰੀਝਾਂ ਦਾ ਸ਼ਿੰਗਾਰ ਹੈ, ਲੋਹੜੀ ।
ਨਵ ਜੰਮੇ ਇਕ ਬੱਚੇ ਦੇ ਲਈ ।
ਇਕ ਸੁੰਦਰ ਉਪਹਾਰ ਹੈ ਲੋਹੜੀ ।
ਖੁਸ਼ਹਾਲੀ ਦੇ ਵਿਹੜੇ ਅੰਦਰ,
ਫ਼ਸਲਾਂ ਦਾ ਸਤਿਕਾਰ ਹੈ ਲੋਹੜੀ ।
ਪਿਆਰ ਮੁਹੱਬਤ ਖੇੜੇ ਵਾਲਾ
ਅੱਜ ਦੇ ਦਿਨ ਇਕਰਾਰ ਹੈ ਲੋਹੜੀ ।
ਸੁਰਖ਼ ਸਵੇਰੇ ਦੇ ਹਿੱਕ ਉਤੇ,
ਸੱਜਣਾਂ ਦਾ ਦੀਦਾਰ ਹੈ ਲੋਹੜੀ
ਪੰਜਾਬੀਅਤ ਦੇ ਗਹਿਣੇ ਵਿਚ,
ਇਕ ਸੁੱਚਾ ਕਿਰਦਾਰ ਹੈ ਲੋਹੜੀ ।
ਰਸਮਾਂ, ਰੀਤਾਂ ਵਿਚ ਨਗੀਨਾ,
ਸੁੰਦਰ ਸੱਭਿਆਚਾਰ ਹੈ ਲੋਹੜੀ ।
ਖਿੜੀਆਂ ਫ਼ਸਲਾਂ ਦੇ ਗੱਲ ਪਾਇਆ,
ਹਰਿਆਲੀ ਦਾ ਹਾਰ ਹੈ ਲੋਹੜੀ ।
ਪਰੰਪਰਾ ਦੇ ਵਿਹੜੇ ਅੰਦਰ,
ਖਿੜਿਆ ਇਕ ਗੁਲਜ਼ਾਰ ਹੈ ਲੋਹੜੀ ।
'ਬਾਲਮ' ਸੱਜਣਾਂ ਨਾਲ ਹੈ ਲੋਹੜੀ ।
ਸੱਜਣਾਂ ਬਿਨ ਬੇਕਾਰ ਹੈ ਲੋਹੜੀ ।

– 'ਬਲਵਿੰਦਰ ਬਾਲਮ'
ਓਂਕਾਰ ਨਗਰ, ਗੁਰਦਾਸਪੁਰ
ਮੋ। 98156-25409

## ਅਧਿਆਤਮਵਾਦ ਅਤੇ ਸਮਾਜਿਕ ਕਦਰਾਂ ਕੀਮਤਾਂ ਦਾ ਸੰਗ੍ਰਹਿ -ਜਦ ਮੇਲ ਆਪੇ ਨਾਲ ਹੋਇਆ

**ਲੇਖਕ ਮਹਿੰਦਰ ਸਿੰਘ ਜੱਗੀ**
**ਜਦ ਮੇਲ ਆਪੇ ਨਾਲ ਹੋਇਆ (ਕਾਵਿ ਸੰਗ੍ਰਹ)**
**ਪੰਨੇ:112, ਮੁੱਲ:250 ਰੁਪਏ**
**ਪ੍ਰਕਾਸ਼ਨ: ਸਾਹਿਤ੍ਯ ਕਲਸ਼ ਪਬਲੀਕੇਸ਼ਨ ਪਟਿਆਲਾ**

ਸ਼ਾਇਰ ਅਤੇ ਲੇਖਕ ਮਹਿੰਦਰ ਸਿੰਘ ਜੱਗੀ ਸਾਹਿਤ ਦੇ ਖੇਤਰ ਵਿੱਚ ਮਕਬੂਲ ਨਾਮ ਹੈ। ਸਮਾਜਿਕ, ਸੱਭਿਆਚਾਰਕ, ਧਾਰਮਿਕ, ਅਧਿਆਤਮਕ ਗਿਆਨ ਭਰਪੂਰ ਰਚਨਾਵਾਂ ਨਾਵ ਉਹਨਾਂ ਦੀ ਸਾਹਿਤਕ ਪਿੜ 'ਚ ਨਿਵੇਕਲੀ ਪਛਾਣ ਹੈ। ਹੱਥਲੀ ਕਾਵਿ ਪੁਸਤਕ ਤੋਂ ਪਹਿਲਾਂ ਲੇਖਕ ਨੇ ਆਤਮ ਸੁਖ, ਬੋਲ ਤੂੰ ਮਿੱਠੜੇ ਬੋਲ, ਧਰਤੀ ਉੱਤੇ ਸਵਰਗ ਖੋਲ ਕਲਾਵਾਂ (ਸੰਪਾਦਕ ਸੰਜੇ ਸਾਗਰ ਸੂਦ), ਨੀਹਾਂ (ਬਾਲ ਸਾਹਿਤ) ਪੁਸਤਕਾਂ ਮਾਂ ਬੋਲੀ ਪੰਜਾਬੀ ਚ ਲਿਖ ਕੇ ਸਾਹਿਤਕ ਖੇਤਰ ਵਿੱਚ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਤਲਬ ਮਿਲਨ ਕੀ, ਮੰਜ਼ਿਲ -ਏ-ਮਕਸੂਦ, ਨਜ਼ਰ-ਏ-ਅਨਾਇਤ, ਝਲਕ ਦਿਖਲਾ ਜਾ, ਯਾਦੋਂ ਕੀ ਖੁਸ਼ਬੂ ਆਦਿ ਹਿੰਦੀ ਪੁਸਤਕਾਂ ਤੋਂ ਇਲਾਵਾ ਫਾਉਂਡੇਸ਼ਨ (ਬਾਲ ਸਾਹਿਤ) ਅੰਗਰੇਜ਼ੀ ਨਾਲ ਆਪਣੀ ਹੈਸੀਅਤ ਨੂੰ ਮੁਖ਼ਾਤਿਬ ਕਰਵਾਇਆ ਹੈ। ਹੱਥਲੀ ਪੁਸਤਕ "ਜਦ ਮੇਲ਼ ਆਪੇ ਨਾਲ ਹੋਇਆ" ਵਿੱਚ ਲੇਖਕ ਨੇ ਅਧਿਆਤਮਿਕਤਾ ਅਤੇ ਮਨੁੱਖੀ ਕਦਰਾਂ ਕੀਮਤਾਂ, ਰਿਸ਼ਤਿਆਂ ਦੀ ਪਾਕੀਜ਼ਗੀ, ਕੁਦਰਤ ਨੂੰ ਮੁਹੱਬਤ ਅਤੇ ਅਹਿਮੀਅਤ ਵਿਸ਼ਿਆਂ ਨਾਲ ਸਾਰਥਕ ਅਤੇ ਸੇਧ-ਵਰਧਕ ਸੁਨੇਹਾ ਦਿੱਤਾ ਹੈ।

ਲੇਖਕ ਨੇ ਇਨਸਾਨੀ ਜ਼ਿੰਦਗੀ ਵਿੱਚ ਦਿਖਾਵੇ ਦਾ ਮਖੌਟਾ ਉਤਾਰ ਕੇ ਇਨਸਾਨ ਨੂੰ ਅਕਾਲ ਪੁਰਖ ਦੀਆਂ ਧਾਰਨਾਵਾਂ ਅਤੇ ਧਾਰਮਿਕ ਫਲਸਫੇ ਮੁਤਾਬਿਕ ਜ਼ਿੰਦਗੀ ਜੀਣ ਦੀ ਪ੍ਰੇਰਨਾ ਦਿੱਤੀ ਹੈ। ਪੁਸਤਕ ਦੀ ਪਹਿਲੀ ਹੀ ਕਵਿਤਾ 'ਪਰਮੇਸਰ ਕਿਉਂ ਨਹੀਂ ਬਣਦਾ' ਵਿੱਚ ਮਨੁੱਖ ਸੱਭਿਆਚਾਰਕ, ਸਮਾਜਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਅਤੇ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਹੈ। ਕਵਿਤਾ 'ਕਮਾਲ' ਵਿਚ ਆਕਾਲ ਪੁਰਖ ਦੇ ਮਹਿਸੂਸਣ ਦੀ ਗੱਲ ਕੀਤੀ ਗਈ ਹੈ। ਇਸੇ ਤਰ੍ਹਾਂ ਜੀਵਨ ਮੁਕਤੀ ਵਿਚ ਸ਼ਾਇਰ ਲਿਖਦਾ ਹੈ ਕਿ -

'ਬ੍ਰਹਮ ਦੇ ਗੁਣ ਕਰੇ ਜੋਂ ਧਾਰਣ,
ਹੋਵੇ ਐਸੀ ਜੀਵਨ ਜੁਗਤੀ ,
ਨਿਰਬਾਣ ਪਦ ਸਹਿਜ ਅਵਸਥਾ




ਪਾਵੇ ਜੱਗੀ ਜੀਵਨ ਮੁਕਤੀ।

'ਹੱਥ ਫ਼ੜ ਲੈ' ਕਵਿਤਾ ਵਿੱਚ ਲੇਖਕ ਕਰਤਾਰ ਅੱਗੇ ਦਿਲੀਂ ਜੋਦੜੀ ਕਰਦਾ ਹੈ ਅਤੇ ਅਧਿਆਤਮਕ ਗਿਆਨ ਦੇ ਸਾਗਰ ਵਿੱਚ ਗੜੁੱਚ ਹੋ ਕੇ ਬੇਹੋਸ਼ ਹੋਣਾ ਲੋਚਦਾ ਹੈ ਅਤੇ ਇਸ ਹਨੇਰੇ ਗਰਦ ਸੰਸਾਰ ਚੋਂ ਗਿਆਨ ਰੂਪੀ ਸਾਗਰ ਵਿੱਚ ਲਿਜਾਣ ਲਈ ਬੇਨਤੀ ਪ੍ਰਵਾਨ ਕਰਨ ਦੀ ਲੋੜ ਮਹਿਸੂਸਦਾ ਹੈ ਅਤੇ ਲਿਖਿਆ ਹੈ;

ਭੀੜ ਬੜੀ ਘੁਮੇਰੀਆਂ ਬੜੀਆਂ
ਰਾਹ ਵਿਚ ਬਹੁਤ ਮੁਸੀਬਤਾਂ ਖੜੀਆਂ
ਮੋਹਲੇਧਾਰ ਉੱਤੋਂ ਲੱਗੀਆਂ ਝੜੀਆਂ
ਵਿਯੋਗ ਦੀਆਂ ਨੇ ਲੰਮੀਆਂ ਘੜੀਆਂ
ਬਾਂਹ ਫੜ ਲੈ ਤੂੰ ਜਲਦੀ ਆ ਕੇ
ਤੇਰੇ ਤੋਂ ਪਹਿਲਾਂ ਆ ਜਾਣ ਨਾ ਮੜ੍ਹੀਆਂ

ਇਸੇ ਤਰ੍ਹਾਂ ਪੁਸਤਕ ਨੂੰ ਪੜ੍ਹਦਿਆਂ ਪੜ੍ਹਦਿਆਂ ਮਨ ਅਧਿਆਤਮਵਾਦ ਦੀਆਂ ਗਹਿਰਾਈਆਂ ਵਿੱਚ ਡੁੱਬ ਜਾਂਦਾ ਹੈ। ਆਲੇ ਦੁਆਲੇ ਨੂੰ ਭੁੱਲ ਭੁਲਾ ਕੇ ਉਸ ਡਾਢੇ ਦੇ ਅਲੌਕਿਕ ਸੰਸਾਰ ਵਿੱਚ ਇੱਕ ਮਿੱਕ ਹੋਣ ਨੂੰ ਮਨ ਲੋਚਣ ਲੱਗ ਜਾਂਦਾ ਹੈ ਅਤੇ ਲੇਖਕ ਮਨ ਦੀ ਉਡਾਰੀ ਮਾਰਦਿਆਂ ਲਿਖਦਾ ਹੈ:

ਸਬਰ ਸੰਤੋਖ ਮਿਲ ਜੇ ਜਾਵੇ
ਤੇ ਸਹਿਜ ਮਨ ਵਿਚ ਟਿਕ ਜਾਵੇ
ਚੰਚਲ ਮਨ ਜੱਗੀ ਦਾ ਸਾਂਈਆਂ
ਤੇਰੇ ਦਰ ਤੇ ਵਿਕ ਜਾਵੇ

ਇੱਕ ਹੋਰ 'ਝਾਤੀ ' ਵਿੱਚ ਇਨਸਾਨ ਨੂੰ ਆਪਣੇ ਅੰਤਰ ਮਨ ਅੰਦਰ ਝਾਤ ਮਾਰਨ ਦੀ ਸਲਾਹ ਦਿੱਤੀ ਗਈ ਹੈ। ਅੰਦਰੋਂ ਇਨਸਾਨ ਕਾਮ, ਕਰੋਧ, ਲੋਭ, ਹੰਕਾਰ, ਸਾੜਾ, ਨਾਲ ਭਰਿਆ ਪਿਆ ਹੈ, ਸੰਸਾਰ ਜੀਵਾਂ ਨਾਲ ਨਿੰਦਿਆ ਚੁਗਲੀ ਚ ਮੁਸਰੂਫ ਰਹਿੰਦਾ ਹੈ, ਪਰ ਪ੍ਰਮਾਤਮਾ ਵੱਲ੍ਹ ਝਾਤੀ ਮਾਰੀਏ ਤਾਂ ਉਹ ਗੁਣਾਂ ਦਾ ਭੰਡਾਰ ਹੈ।ਲੇਖਕ ਨੇ ਬਹੁਤ ਖੂਬ ਲਿਖਿਆ ਹੈ:

ਮਾਰਾਂ ਝਾਤੀ ਦੇ ਤੇਰੇ ਉੱਤੇ, ਤੂੰ ਗੁਣਾਂ ਦਾ ਭੰਡਾਰ ਹੈਂ
ਦੇ ਦੇ ਕੇ ਨਹੀਂ ਥੱਕਿਆ ਕਦੇ, ਚਲਾਉਂਦਾ ਸਭ ਦੀ ਕਾਰ ਹੈਂ
ਮਾਰੇ ਝਾਤੀ ਆਪੇ ਤੇ ਜੱਗੀ ਔਗੁਣਾਂ ਦਾ ਭੰਡਾਰ ਹੈ।

ਇਸੇ ਤਰ੍ਹਾਂ ਮੁਹੱਬਤ ਦਾ ਬੋਲਬਾਲਾ ਹੈ,ਦੌੜ, ਮਨੁੱਖ ਦਾ ਸਰੀਰ, ਬੁਢਾਪਾ ਇੱਕ ਵਰਦਾਨ,ਰਾਮਰਾਜ,ਮਨ ਮੇਰਾ ਮੋਹ ਲਿਆ, ਹਨ੍ਹੇਰਾ ਘੁੱਪ, ਨਿੱਕੀ ਵਿਚਾਰੀ ਜਿੰਦੜੀ, ਵਕਤ, ਜਦ ਮੇਲ ਆਪੇ ਨਾਲ ਹੋਇਆ ਮੈਂ ਹਾਲੇ ਨਹੀਂ ਜਪਿਆ ਆਦਿ ਬਹੁਤ ਹੀ ਖੂਬਸੂਰਤ, ਰੌਚਕ ਅਤੇ ਗਿਆਨਵਰਧਕ ਕਵਿਤਾਵਾਂ ਹਨ।

ਲੋਕਾਂ ਨੂੰ ਮਾੜਾ ਆਖੋ ਰਿਹਾ ਸਾਂ
ਅਪਸ਼ਬਦ ਉਹਨਾਂ ਲਈ ਭਾਖ ਰਿਹਾ ਸਾਂ
ਨਹੀਂ ਆਪਣੇ ਅੰਦਰ ਝਾਕ ਰਿਹਾ ਸਾਂ
ਜਦ ਮੇਲ ਆਪੇ ਨਾਲ ਹੋਇਆ
ਤਾਂ ਭੁੱਬਾਂ ਮਾਰ ਕੇ ਰੋਇਆ

**ਰਿਵਿਊਕਾਰ: ਇੰਜੀ ਸਤਨਾਮ ਸਿੰਘ ਮੱਟੂ**
**ਬੀਂਬੜ, ਸੰਗਰੂਰ 9779708257**

# ਪਿੰਡ ਝੱਬਰ ਦਾ ਬੰਤ ਸੁਣੀਂਦਾ...

ਜੁਝਾਰੂ ਰੂਹ
ਜ਼ੁਲਮ ਦੀ ਲੜੀ ਨਹੀਂ ਟੁੱਟਦੀ ਜਿਵੇਂ
ਜ਼ੁਲਮ ਨਾਲ ਭਿੜਨ ਦੀ ਕਥਾ
ਚਲਦੀ ਰਹਿੰਦੀ ਹੈ ਤਿਵੇਂ
ਮੋਕਲੇ ਅੰਬਰ ਹੇਠ ਲਹਿਲਹਾਉਂਦੇ
ਖੇਤਾਂ ਦੀ ਖ਼ੂਬਸੂਰਤੀ
ਐਵੇਂ ਮੁੱਚੀ ਦੀ ਨਹੀਂ
ਨਾਹੀ ਐਵੇਂ ਮੁੱਚੀ ਦੀ ਹੈ ਸਾਡੀ ਜੰਗ
ਜ਼ਾਲਮ ਡਾਢਾ ਹੈ ਬੜਾ
ਤੇ ਸ਼ਿੱਦਤ ਮੇਰੀ ਵੀ ਘੱਟ ਨਹੀਂ...

ਇਹ ਸਤਰਾਂ ਹੰਡਿਆਏ ਤੋਂ ਜੋਗੇ ਵੱਲ ਨੂੰ ਜਾਂਦਿਆਂ ਚੇਤੇ ਆਈਆਂ। ਚੰਡੀਗੜ੍ਹ ਤੋਂ ਪਟਿਆਲੇ ਤਕ ਸੜਕਾਂ ਦੇ ਦੋਵੇਂ ਪਾਸੀਂ ਵਿਕਾਸਨੁਮਾ ਕਮਰਸ਼ੀਅਲ ਗਾਹ ਪਿਆ ਹੋਇਆ ਹੈ। ਪਟਿਆਲੇ ਤੋਂ ਬਾਹਰ ਸੰਗਰੂਰ ਸੜਕ 'ਤੇ ਦੂਰ ਆ ਕੇ ਕਿਤੇ ਦੁਮੇਲ ਤਕ ਫੈਲੇ ਖੇਤਾਂ ਦੇ ਦੀਦਾਰ ਹੁੰਦੇ ਹਨ। ਪੰਜਾਬ ਖੇਤਾਂ ਨਾਲ, ਪੈਲੀ ਬੰਨਿਆਂ ਨਾਲ ਅਤੇ ਖੇਤਾਂ 'ਚ ਕੰਮ ਕਰਦੇ ਸਿਰੜੀ ਕਿਰਤੀਆਂ ਨਾਲ ਸੋਂਹਦਾ ਹੈ। ਖ਼ੈਰ! ਪੁੱਛਦੇ-ਪੁਛਾਉਂਦੇ ਅਸੀਂ ਪਿੰਡ ਝੱਬਰ ਦੇ ਰਾਹ ਪੈਂਦੇ ਹਾਂ। ਪੰਜਾਬ 'ਚ ਜ਼ਾਤ-ਪਾਤ ਲਗਪਗ ਹਰ ਥਾਂ ਹਾਜ਼ਰ ਹੈ। ਪਿੰਡਾਂ 'ਚ ਇਹ ਸਿਲਸਿਲਾ ਗਹਿਰੇ ਤੇ ਪ੍ਰਤੱਖ ਅੰਦਾਜ਼ ਵਿਚ ਮਹਿਸੂਸ ਹੁੰਦਾ ਹੈ। ਮਸਲਨ ਦਲਿਤਾਂ ਦੇ ਘਰ ਪਿੰਡ ਦੇ ਲਹਿੰਦੇ ਪਾਸੇ ਅਤੇ ਨਿਵਾਣ ਵੱਲ ਹੋਣਗੇ। ਪੰਜਾਬ ਦੇ ਪਿੰਡਾਂ 'ਚ ਦਲਿਤਾਂ ਵਾਲੀ ਆਬਾਦੀ ਨੂੰ ਆਮ ਤੌਰ 'ਤੇ 'ਵਿਹੜਾ' ਆਖਦੇ ਹਨ। ਵਿਹੜੇ ਵਾਲੇ ਮੋਟੇ ਜਿਹੇ ਤੌਰ 'ਤੇ ਬੱਕਰੀਆਂ, ਸੂਰਾਂ ਜਿਹੇ ਜਾਨਵਰ ਪਾਲਦੇ ਹਨ ਜਦੋਂਕਿ ਬਾਕੀ ਪਿੰਡ ਵਾਲੇ ਮੱਝਾਂ, ਗਾਵਾਂ ਪਾਲਦੇ ਹਨ।

**ਦਵੀ ਦਵਿੰਦਰ ਕੌਰ 91-98760-82982**

ਕਾਣੀ ਵੰਡ ਦੇ ਦ੍ਰਿਸ਼ ਇਸ ਸਾਰੇ ਕੁਝ ਤੋਂ ਹੀ ਪ੍ਰਤੱਖ ਹੋ ਜਾਂਦੇ ਹਨ। ਦੂਰੋਂ ਮਟਮੈਲੇ ਜਿਹੇ ਦਿੱਸਦੇ ਪਿੰਡ ਝੱਬਰ ਦੇ ਸ਼ੁਰੂ 'ਚ ਹੀ ਬੰਤ ਸਿੰਘ ਦਾ ਘਰ ਨਜ਼ਰ ਆਇਆ। ਘਰ ਉੱਤੇ ਲੱਗਿਆ ਸੀਪੀਆਈ ਐੱਮਐੱਲ ਦਾ ਝੰਡਾ ਹਵਾ ਨਾਲ ਕਲੋਲਾਂ ਕਰਦਾ ਹੈ। ਅਸੀਂ ਉਸ ਦੇ ਵਿਹੜੇ ਦੇ ਗੇਟ 'ਚ ਖੇਡ ਰਹੀਆਂ ਤੇ ਮੁਸਕਰਾ ਰਹੀਆਂ ਕੁੜੀਆਂ ਕੋਲੋਂ ਲੰਘੇ। ਕੁੜੀਆਂ ਲਈ ਪਰੇ ਲੋਕਾਂ ਦੀ ਇਸ ਘਰ 'ਚ ਆਮਦ ਆਮ ਵਰਤਾਰਾ ਹੈ ਕਿਉਂਕਿ ਕਿਤੋਂ ਨਾ ਕਿਤੋਂ ਪੱਤਰਕਾਰ, ਫ਼ਿਲਮਸਾਜ਼ ਤੇ ਹੋਰ ਲੋਕ ਬੰਤ ਸਿੰਘ ਕੋਲ ਆਉਂਦੇ ਰਹਿੰਦੇ ਹਨ। ਬੰਤ ਸਿੰਘ ਘਰ ਦੇ ਵਰਾਂਡੇ ਵਿੱਚ ਰਜਾਈ 'ਚ ਬੈਠਾ ਸਾਡੀ ਉਡੀਕ ਕਰ ਰਿਹਾ ਹੈ। ਉਸ ਦੀ ਤੱਕਣੀ ਵਿੱਚ ਸਵਾਗਤ ਹੈ। ਮੈਨੂੰ ਪੰਜਾਬ ਦੇ ਕਾਲੇ ਦੌਰ ਬਾਰੇ ਅਮਰਜੀਤ ਬੱਬਰੀ ਦੀ ਲਿਖੀ ਇੱਕ ਕਹਾਣੀ ਚੇਤੇ ਆਉਂਦੀ ਹੈ ਜਿਸ ਵਿੱਚ ਇੱਕ ਖੁੱਲ੍ਹੇ-ਡੁੱਲ੍ਹੇ ਜੁੱਸੇ ਵਾਲਾ ਨੌਜਵਾਨ ਰਜਾਈ ਲੈ ਕੇ ਮੰਜੇ ਉੱਤੇ ਬੈਠਾ ਹੈ ਤੇ ਉਸ ਦੇ ਵੱਢੇ-ਟੁੱਕੇ ਪਿੰਡੇ 'ਚੋਂ ਲਹੂ ਤਿੱਪ-ਤਿੱਪ ਥੱਲੇ ਚੋਅ ਰਿਹਾ ਹੈ। ਬੰਤ ਦੀਆਂ ਦੋਵੇਂ ਬਾਹਵਾਂ ਅਤੇ ਇੱਕ ਲੱਤ ਕੱਟੀ ਹੋਣ ਦੇ ਬਾਵਜੂਦ ਉਸ ਵਿੱਚੋਂ ਮਜ਼ਬੂਤ ਦੇਹ ਵਾਲੇ ਬੇਪ੍ਰਵਾਹ ਪੰਜਾਬੀ ਦੇ ਦਰਸ਼ਨ ਹੁੰਦੇ ਹਨ।

ਸੀਪੀਆਈ ਐੱਮਐੱਲ ਦੇ ਸਰਗਰਮ ਵਰਕਰ ਤੇ ਮਜ਼ਦੂਰ ਮੁਕਤੀ ਮੋਰਚੇ ਦੇ ਕਾਰਕੁਨ ਬੰਤ ਸਿੰਘ ਨੂੰ ਆਪਣੀ ਨਾਬਾਲਗ ਧੀ ਨੂੰ ਇਨਸਾਫ਼ ਦਿਵਾਉਣ ਦੇ ਦੋਸ਼ਾਂ 'ਚ ਲੱਤਾਂ-ਬਾਹਾਂ ਤੁੜਵਾਉਣੀਆਂ ਪਈਆਂ। 2002 ਵਿੱਚ ਉਸ ਦੀ ਧੀ ਨਾਲ ਸਮੂਹਿਕ ਬਲਾਤਕਾਰ ਹੋਇਆ। ਬੰਤ ਸਿੰਘ ਦਲੇਰੀ ਨਾਲ ਇਸ ਵਧੀਕੀ ਵਿਰੁੱਧ ਲੜਿਆ ਅਤੇ ਦੋਸ਼ੀਆਂ ਨੂੰ ਸੀਖਾਂ ਪਿੱਛੇ ਕਰਾਇਆ। ਇਸ ਦੌਰਾਨ ਪਿੰਡ ਦੇ ਮੋਹਤਬਰਾਂ ਤੋਂ ਲੈ ਕੇ ਪੰਚਾਇਤ ਅਤੇ ਪੁਲੀਸ ਦੇ ਵੱਡੇ ਅਧਿਕਾਰੀਆਂ ਤਕ ਨੇ ਉਸ ਨੂੰ ਦਸ ਲੱਖ ਰੁਪਏ ਤਕ ਦੀ ਰਕਮ ਲੈ ਕੇ ਸਮਝੌਤੇ ਲਈ ਮਨਾਉਣ ਦੀ ਵਾਹ ਲਾਈ, ਪਰ ਉਹ ਡਟਿਆ ਰਿਹਾ। ਉਸ ਨੇ ਆਪਣੀ ਧੀ ਦੀ ਅਸਮਤ ਦਾ ਮੁੱਲ ਨਹੀਂ ਵੱਟਿਆ। ਸਿੱਟੇ ਵਜੋਂ ਪੰਜ ਜਨਵਰੀ 2006 ਦੀ ਰਾਤ ਨੂੰ ਉਸ ਨੂੰ ਨਲਕਿਆਂ ਦੀਆਂ ਹੱਥੀਆਂ ਅਤੇ ਟਕੂਆਂ ਨਾਲ ਵੱਢ-ਟੁੱਕ ਕੇ ਦੂਰ ਖੇਤਾਂ ਵਿੱਚ ਸੁੱਟ ਦਿੱਤਾ ਗਿਆ। ਉਸ ਦੇ ਵਾਰਸ ਪਤਾ ਲੱਗਣ 'ਤੇ ਉਸ ਨੂੰ ਚੁੱਕ ਕੇ ਮਾਨਸਾ ਹਸਪਤਾਲ ਲੈ ਗਏ। ਡਾਕਟਰਾਂ ਨੇ 1000 ਰੁਪਏ ਲਏ ਬਿਨਾਂ ਉਸ ਨੂੰ ਹੱਥ ਲਾਉਣੋਂ ਨਾਂਹ ਕਰ ਦਿੱਤੀ। 36 ਘੰਟੇ ਮਗਰੋਂ ਉਸ ਦੀ ਮੱਲ੍ਹਮ-ਪੱਟੀ ਹੋਈ, ਪਰ ਉਦੋਂ ਤਕ ਗੈਂਗਰੀਨ ਫੈਲ ਚੁੱਕੀ ਸੀ ਤੇ ਕਾਮਰੇਡ ਸੁਖਦਰਸ਼ਨ ਨੱਤ ਦੇ ਕਾਮਰੇਡ ਜੀਤਾਂ ਕੌਰ ਤੇ ਹੋਰ ਸਾਥੀ ਉਸ ਨੂੰ ਚੁੱਕ ਕੇ ਪੀਜੀਆਈ ਚੰਡੀਗੜ੍ਹ ਲੈ ਆਏ। ਸਥਾਨਕ ਪੱਤਰਕਾਰ ਕੁਸਕੇ ਨਹੀਂ। ਪੀਜੀਆਈ ਵਿੱਚ ਉਸ ਦੀਆਂ ਦੋਵੇਂ ਬਾਹਵਾਂ ਤੇ ਇੱਕ ਲੱਤ ਕੱਟੇ ਜਾਣ (ਅਪਰੇਸ਼ਨ ਕਰਨ) ਮਗਰੋਂ ਸੱਦੀ ਗਈ ਪ੍ਰੈੱਸ ਕਾਨਫਰੰਸ ਨਾਲ ਹੀ ਇਹ ਜ਼ਾਲਮਾਨਾ ਕਾਰਵਾਈ ਮੀਡੀਆ 'ਚ ਆ ਸਕੀ।

ਉਸ ਮਗਰੋਂ ਦੁਨੀਆਂ ਭਰ ਵਿੱਚ ਇਹ ਕਾਂਡ ਚਰਚਿਤ ਹੋਇਆ। 14 ਜਮਹੂਰੀ ਜਥੇਬੰਦੀਆਂ ਨੇ ਉਸ ਦੇ ਹੱਕ ਵਿੱਚ ਸੰਘਰਸ਼ ਕੀਤਾ। ਪੰਜਾਬ ਦੇ ਵੱਡੇ ਪੁਲੀਸ ਅਧਿਕਾਰੀਆਂ ਨੇ ਵਿੱਚ ਵਿਚਾਲੇ ਪੈ ਕੇ ਗੱਲ ਨਿਬੇੜਨ ਦੇ ਹੀਲੇ ਕੀਤੇ, ਪਰ ਇਨਸਾਫ਼ ਦੇ ਤਰਕਪੂਰਨ ਸਿਰੇ ਤਕ ਪੁੱਜਣਾ ਇਸ ਕੇਸ 'ਚ ਲਾਜ਼ਮੀ ਸੀ ਜੋ ਸਿਰੇ ਵੀ ਚੜ੍ਹਿਆ। ਹੋਰ ਤਾਂ ਹੋਰ ਲੰਡਨ ਵਿੱਚ ਭਾਰਤੀ ਦੂਤਘਰ ਅੱਗੇ ਉੱਥੋਂ ਦੀਆਂ ਭਾਰਤੀ ਜਮਹੂਰੀ ਤੇ ਮਾਨਵੀ ਹੱਕਾਂ ਬਾਰੇ ਜਥੇਬੰਦੀਆਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਅਤੇ ਬੀਬੀਸੀ ਨੇ ਉਸ ਦੀ ਕਵਰੇਜ ਕੀਤੀ। ਪੱਤਰਕਾਰ ਸਿਧਾਰਥ ਕਾਕ ਬੰਤ ਸਿੰਘ ਬਾਰੇ ਦਸਤਾਵੇਜ਼ੀ ਬਣਾ ਚੁੱਕਿਆ ਹੈ। ਉਸ 'ਤੇ ਟੀਵੀ ਪ੍ਰੋਗਰਾਮ ਬਣਾਏ ਅਤੇ ਗੀਤ ਫ਼ਿਲਮਾਏ ਜਾ ਚੁੱਕੇ ਹਨ। ਉਦੋਂ ਤੋਂ ਲੈ ਕੇ ਹੁਣ ਤਕ ਬੰਤ ਸਿੰਘ ਝੱਬਰ 'ਦਲਿਤ ਰਜ਼ਿਸਟੈਂਸ' ਦਾ ਸਮਾਨਅਰਥੀ ਬਣਾ ਚੁੱਕਿਆ ਹੈ। ਉਹ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤ ਗਾਉਂਦਾ ਹੈ। ਉਸ ਦੇ ਨਾਇਕ ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਭਗਤ ਸਿੰਘ ਹਨ। 21 ਜਨਵਰੀ ਤੋਂ 25 ਜਨਵਰੀ ਤਕ ਹੋ ਰਹੇ 'ਜੈਪੁਰ ਲਿਟਰੇਚਰ ਫੈਸਟੀਵਲ' ਵਿੱਚ ਬੰਤ ਸਿੰਘ ਝੱਬਰ ਨੂੰ ਪਹਿਲੇ ਦਿਨ ਇੱਕ ਪੂਰਾ ਸੈਸ਼ਨ ਦਿੱਤਾ ਜਾਣਾ ਹੈ। ਜੈਪੁਰ ਮੇਲੇ ਵਿੱਚ ਉੱਘੀ ਲੇਖਿਕਾ ਨਿਰੂਪਮਾ ਦੱਤ ਵੱਲੋਂ ਲਿਖੀ ਬੰਤ ਸਿੰਘ ਦੀ ਜੀਵਨੀ ਵੀ ਰਿਲੀਜ਼ ਕੀਤੀ ਜਾ ਰਾਹੀ ਹੈ। ਨਿਰੂਪਮਾ ਦੱਤ ਨੇ ਕਿਤਾਬ ਨੂੰ 'ਬੈਲੇਡ ਆਫ ਬੰਤ ਸਿੰਘ' ਦਾ ਨਾਮ ਦਿੱਤਾ ਹੈ। ਬਿਨਾਂ ਸ਼ੱਕ ਬੰਤ ਸਿੰਘ ਉਹ ਜੁਝਾਰੂ ਤੇ ਸਿਦਕੀ ਮਨੁੱਖ ਹੈ ਜਿਸ ਦੀ ਵਾਰ ਜਾਂ ਗਾਥਾ ਹੀ ਹੋ ਸਕਦੀ ਹੈ। ਪੁਸਤਕ ਵਿੱਚ ਉਸ ਦੇ ਸੰਘਰਸ਼ ਦੇ ਨਾਲ-ਨਾਲ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਬਣਤਰ ਅਤੇ ਔਰਤਾਂ ਦੀ ਸਥਿਤੀ 'ਤੇ ਚਰਚਾ ਛੇੜੀ ਗਈ ਹੈ।

ਉਹ ਦੱਸਦਾ ਹੈ ਕਿ ਉਸ ਨੇ ਬਚਪਨ 'ਚ ਹੀ ਤਹੱਈਆ ਕਰ ਲਿਆ ਸੀ ਕਿ ਉਹ ਸੀਰੀ ਨਹੀਂ ਰਲੇਗਾ ਅਤੇ ਆਜ਼ਾਦ ਮਜ਼ਦੂਰ ਵਜੋਂ ਕੰਮ ਕਰੇਗਾ। ਉਸ ਨੇ ਸ਼ਿੰਗਾਰ ਦਾ ਸਾਮਾਨ ਪਿੰਡ-ਪਿੰਡ ਫਿਰ ਕੇ ਵੇਚਿਆ, ਲੋਹਾ ਇਕੱਠਾ ਕੀਤਾ, ਸੂਰ ਪਾਲੇ, ਪਸ਼ੂ ਚਾਰੇ। ਸਾਈਕਲ 'ਤੇ ਪਿੰਡ-ਪਿੰਡ ਗਾਹੁੰਦਾ ਉਹ ਉੱਚੀ-ਉੱਚੀ ਗਾਉਂਦਾ। ਫਿਰ ਉਹ ਸੀਪੀਆਈ ਐੱਮਐੱਲ ਵਾਲਿਆਂ ਦੇ ਸੰਪਰਕ 'ਚ ਆ ਗਿਆ ਤੇ ਅਮਰ ਚਮਕੀਲੇ ਤੇ ਕੁਲਦੀਪ ਮਾਣਕ ਦੇ ਗੀਤ ਛੱਡ ਕੇ ਸੰਤ ਰਾਮ ਉਦਾਸੀ ਦੇ ਗੀਤ ਉਸ ਦੇ ਚੇਤਿਆਂ ਵਿੱਚ ਵੱਸ ਗਏ। ਉਹ ਗੜ੍ਹਕੇਦਾਰ ਆਵਾਜ਼ 'ਚ ਦੱਸਦਾ ਹੈ ਕਿ ਉਸ ਨੇ ਬਹੁਤ ਸਾਰੀਆਂ ਵਿਹੜਿਆਂ ਵਾਲੀਆਂ ਔਰਤਾਂ ਨੂੰ ਲੋਕਾਂ ਦਾ ਗੋਹਾ-ਕੂੜਾ ਕਰਨੋਂ ਅਤੇ ਬੰਦਿਆਂ ਨੂੰ ਸੀਰੀਪੁਣੇ ਤੋਂ ਹਟਾ ਕੇ ਹੋਰ ਕੰਮਾਂ ਦੇ ਰਾਹ ਪਾਇਆ। ਪਹਿਲਾਂ ਵੀ ਦੋ ਹਮਲੇ ਝੱਲਣ ਤੋਂ ਮਗਰੋਂ ਤੇ ਇਸ ਮਾਰੂ ਹਮਲੇ ਵਾਲੇ ਦਿਨ ਵੀ ਉਹ ਆਂਧਰਾ ਪ੍ਰਦੇਸ਼ ਵਿੱਚ ਹੋਣ ਵਾਲੇ ਪਾਰਟੀ ਦੇ ਡੈਲੀਗੇਟ ਇਜਲਾਸ ਲਈ ਲਾਮਬੰਦੀ ਕਰ ਕੇ ਪਰਤ ਰਿਹਾ ਸੀ। ਉਹ ਪੰਜਾਬ ਦਾ ਪਹਿਲਾ ਦਲਿਤ ਹੈ ਜੋ ਉਪਰਲੀਆਂ ਜਾਤਾਂ ਦੇ ਲੋਕਾਂ ਵੱਲੋਂ ਬਲਾਤਕਾਰ ਦੇ ਕੇਸ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾ ਸਕਿਆ ਹੈ। ਬੰਤ ਸਿੰਘ ਉੱਤੇ ਹਮਲੇ ਬਾਰੇ ਮੀਡੀਆ ਵਿੱਚ ਚਰਚਾ ਹੋਣ ਦੇ ਬਾਵਜੂਦ ਪੁਲਿਸ ਇਸ ਨੂੰ ਉਸ ਦੀ ਧੀ ਨਾਲ ਬਲਾਤਕਾਰ ਦੇ ਮਾਮਲੇ ਨਾਲੋਂ ਬਿਲਕੁਲ ਵੱਖ ਕਰਾਰ ਦਿੰਦੀ ਰਹੀ ਜਦੋਂਕਿ ਉਸ ਦੀ ਮਾਰਕੁੱਟ ਕਰਨ ਵਾਲੇ ਸਜ਼ਾਯਾਫ਼ਤਾ ਦੋਸ਼ੀਆਂ ਦੇ ਨੇੜਲੇ ਸਬੰਧੀ ਸਨ। ਬੰਤ ਸਿੰਘ ਦੇ ਸੰਘਰਸ਼ ਨੇ ਦਲਿਤ ਔਰਤਾਂ ਦੀ ਹੋਣੀ ਬਾਰੇ ਅਤੇ ਜਾਤੀਗਤ ਹਿੰਸਾ ਤੇ ਅਖੌਤੀ ਉਪਰਲੀਆਂ ਜਾਤਾਂ ਦੇ ਧੁਰ ਅੰਦਰ ਬੈਠੀ ਨਫ਼ਰਤ ਬਾਰੇ ਨਵੇਂ ਸਿਰਿ ਂ ਜ਼ੋਰਦਾਰ ਚਰਚਾ ਛੇੜੀ ਸੀ। ਆਪਣੇ ਟੁੱਟੇ ਅੰਗਾਂ 'ਤੇ ਉਸ ਨੂੰ ਦੁੱਖ ਤਾਂ ਹੈ, ਪਰ ਸਵੈ-ਤਰਸ ਭੋਰਾ ਨਹੀਂ। ਉਹ ਦੱਸਦਾ ਹੈ ਕਿ ਉਹ ਵਧੀਆ ਪੋਚਵੀਂ ਪੱਗ ਬੰਨ੍ਹਣ ਦਾ ਆਦੀ ਸੀ। ਬਾਹਾਂ ਕੱਟੇ ਜਾਣ ਮਗਰੋਂ ਉਹ ਅਜਿਹਾ ਨਹੀਂ ਕਰ ਸਕਦਾ। ਸਾਫ਼-ਸੁਥਰੇ ਕੱਪੜੇ ਪਹਿਨਣ ਦਾ ਸ਼ੌਕੀਨ। ਭਾਵੇਂ ਹੁਣ ਉਹ ਹਰ ਕੰਮ ਲਈ ਹੋਰਾਂ 'ਤੇ ਨਿਰਭਰ ਹੈ, ਪਰ ਉਸ ਦੀ ਆਵਾਜ਼ ਤੇ ਇਰਾਦੇ ਕਾਇਮ ਹਨ। ਪੀਜੀਆਈ 'ਚ ਅੰਗ ਕੱਟਣ ਲਈ ਕੀਤੇ ਗਏ ਅਪਰੇਸ਼ਨ ਤੋਂ ਦੋ ਦਿਨ ਮਗਰੋਂ ਉਹ ਵਾਰਡ 'ਚ ਗਾ ਰਿਹਾ ਸੀ। ਦੂਰੋਂ-ਦੂਰੋਂ ਲੋਕ ਉਸ ਨੂੰ ਦੇਖਣ ਆਏ। ਪਾਰਟੀ ਦੇ ਪ੍ਰੋਗਰਾਮਾਂ 'ਚ ਜਾ ਕੇ ਉਹ ਅੱਜ ਵੀ ਗਾਉਂਦਾ ਹੈ। ਜਦੋਂ ਇੱਕ ਟੁੰਡ ਕੰਨ ਉੱਤੇ ਲਾ ਕੇ ਅਤੇ ਦੂਜਾ ਹਵਾ 'ਚ ਲਹਿਰਾ ਕੇ ਉਹ ਲੰਮੀ ਹੇਕ ਲਾਉਂਦਾ ਹੈ ਤਾਂ ਉਸ ਦੀ ਆਵਾਜ਼ ਕਹਿਰ ਕਰਦੀ ਜਾਪਦੀ ਹੈ। ਉਸ ਦੀਆਂ ਬਾਹਵਾਂ ਤੁਹਾਨੂੰ ਕਿਵੇਂ ਵੀ ਅਧੂਰੀਆਂ ਨਹੀਂ ਲੱਗਦੀਆਂ। ਉਹ ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਸਰਦਾਰ ਭਗਤ ਸਿੰਘ ਦੇ ਇਨਸਾਫ਼ਪਸੰਦ ਪੰਜਾਬ ਦਾ ਅਸਲ ਵਾਰਸ ਹੈ। ਉਸ ਦੇ ਸੰਘਰਸ਼ ਨਾਲ ਜ਼ੁਲਮ ਦੀ ਕਥਾ ਰੁਕ ਨਹੀਂ ਜਾਣੀ, ਪਰ ਉਸ ਦੇ ਜੁਝਾਰੂਪੁਣੇ ਅਤੇ ਉਸ ਨਾਲ ਖੜ੍ਹੀਆਂ ਜਥੇਬੰਦੀਆਂ ਤੇ ਜੁਝਾਰੂ ਲੋਕ ਵੀ ਇਹ ਸ਼ਾਹਦੀ ਭਰਦੇ ਹਨ ਕਿ ਜ਼ੁਲਮ ਨੂੰ ਸਿੱਧਾ ਟੱਕਰਨ ਦਾ ਸਿਲਸਿਲਾ ਵੀ ਕਿਤੇ ਰੁਕੇਗਾ ਨਹੀਂ।

# ਵੀਡਿਓ ਐਲਬਮ ਨਿਰਦੇਸ਼ਕ ਤੋ ਬਾਅਦ "ਹਾਸੇ ਦਾ ਮਾੜਾਸਾ" ਫ਼ਿਲਮ ਨਾਲ ਫ਼ਿਲਮ ਨਿਰਦੇਸ਼ਕ ਬਣੇ ਅਮਰਪਾਲ

ਥੀਏਟਰ ਦੇ ਲੋਕ ਪ੍ਰਿਅ ਕਲਾਕਾਰ ਰਹੇ ਹਨ ਅਮਰਪਾਲ ਤੇ ਥੀਏਟਰ ਉਹਨਾਂ ਦੀ ਅਭਿਨੈ ਮਾਂ ਕਿਹਾ ਜਾ ਸਕਦਾ ਹੈ ਤੇ ਇਸ ਥੀਏਟਰ ਨਾਲ ਅੱਜ ਵੀ ਉਹ ਪਿਆਰ ਕਰਦੇ ਹਨ ਚਾਹੇ ਇਸ ਸਮੇਂ ਉਹ ਫ਼ਿਲਮ ਡਾਇਰੈਕਟਰ ਹਨ ਤੇ ਵੀਡਿਓ ਐਲਬਮ ਗਾਣੇ ਵੀ






ਕਰਦੇ ਹਨ। ਰਹੀ ਗੱਲ ਅਭਿਨੈ ਦੀ ਤਾਂ ਸਮਾਂ ਮਿਲਣ ਤੇ ਉਹ ਐਕਟਿੰਗ ਕਰਦੇ ਹਨ ਪਰ ਜਿਆਦਾ ਧਿਆਨ ਡਾਇਰੈਕਸ਼ਨ ਵੱਲ ਹੈ। ਐਕਟਰ ਦੀ ਗੱਲ ਤਾਂ ਅਮਰਪਾਲ ਨੇ ਰੇਡੀਓ ਤੇ ਟੀਵੀ ਤੇ ਕੰਮ ਕੀਤਾ ਹੈ। ਫ਼ਿਲਮਾਂ ਦੀ ਗੱਲ ਤਾਂ ਰਵਿੰਦਰ ਰਵੀ ਨਿਰਦੇਸ਼ਤ ਫ਼ਿਲਮ "ਮਜਾਜਣ" ਦਾ ਉਹ ਕਮੇਡੀ ਹੀਰੋ ਸੀ ਤੇ ਇਸ ਵਿੱਚ ਉਸ ਨੇ ਗੁਰਚੇਤ ਚਿੱਤਰਕਾਰ ਨਾਲ ਕੰਮ ਕੀਤਾ। ਪਰਮੋਦ ਪੱਬੀ ਦਾ ਸੀਰੀਅਲ ਕੀਤਾ ਤੇ ਫਿਰ ਕੁੱਝ ਹੋਰ ਫ਼ਿਲਮਾਂ ਤੋਂ ਬਾਅਦ ਅਜਿਹਾ ਸਮਾਂ ਆਇਆ ਕਿ ਅਮਰਪਾਲ ਡਾਇਰੈਕਟਰ ਬਣ ਗਏ। ਆਡੀਓ ਟਚ ਕੰਪਨੀ ਦੇ ਸਾਰੇ ਵੀਡਿਓ ਉਹ ਕਰਨ ਲੱਗੇ। ਅਮਰਪਾਲ ਨੇ ਸ਼ੰਮੀ ਖਾਨ, ਗੁਰਦੀਪ ਸੰਧੂ ਤੇ ਬਲਕਾਰ ਅਣਖੀਲਾ, ਮਨਜਿੰਦਰ ਗੁਲਸ਼ਨ ਦੇ ਵੀਡਿਓ ਕਰ ਕਿ ਖ਼ੂਬ ਨਾਮ ਕਮਾਇਆ। ਇਹੀ ਕੰਮ ਉਹਨਾਂ ਨੂੰ ਫ਼ਿਲਮ ਡਾਇਰੈਕਟਰ ਬਣਾ ਗਿਆ। ਅਮਰਪਾਲ ਦੀ ਸ਼ੋਰਟ ਫ਼ਿਲਮ "ਮੱਸਿਆ" ਖ਼ੂਬ ਚਰਚਿਤ ਹੋਈ। ਇਸ ਦੇ ਬਾਅਦ ਬਹੁਤ ਸਾਰੇ ਪ੍ਰੋਜੈਕਟ ਕਰ ਕਿ ਅਮਰਪਾਲ ਵੱਡੀਆਂ ਫ਼ਿਲਮਜ਼ ਦੇ ਡਾਇਰੈਕਟਰ ਬਣ ਗਏ। ਇਸ ਵਕਤ ਅਮਰਪਾਲ ਦੀਆਂ ਤਿੰਨ ਫ਼ਿਲਮਾਂ ਸੈਟ ਤੇ ਹਨ। ਜਲਦੀ ਹੀ ਅਮਰਪਾਲ ਦੀ ਫ਼ਿਲਮ "ਹਾਸੇ ਦਾ ਮੜਾਸਾ" ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਵਾਲੀ ਹੈ। ਅਮਰਪਾਲ ਦੱਸਦੇ ਨੇ ਕਿ ਰਾਯਲ ਨੇ ਇਸ ਫਿਲਮ ਤੇ ਬਹੁਤ ਮਿਹਨਤ ਕੀਤੀ ਹੈ। ਇਹ ਫ਼ਿਲਮ ਰੋਮਾਂਟਿਕ ਤੇ ਕਮੇਡੀ ਵਾਲੀ ਹੈ। ਇਹ ਫ਼ਿਲਮ ਕੁਆਰਿਆਂ ਦੀ ਦਿਲਚਸਪੀ ਵਾਲੀ ਕਹਾਣੀ ਹੈ। ਅਮਰਪਾਲ ਨੇ ਇਸ ਫਿਲਮ ਵਿੱਚ ਸੁਰਿੰਦਰ ਫਰਿਸ਼ਤਾ, ਚਾਚਾ ਬਿਸ਼ਨਾ ਦੇ ਨਾਲ ਗੁਰਦੀਪ ਸੰਧੂ ਨੂੰ ਲਿਆ ਹੈ। ਨਾਲ ਹੀ ਓਹਨਾਂ ਨੇ ਅੰਮ੍ਰਿਤਾ ਸੇਠੀ ਨੂੰ ਹੀਰੋਇਨ ਦਾ ਮੌਕਾ ਦਿੱਤਾ ਹੈ। ਅਮਰਪਾਲ ਦੀ ਮੰਜ਼ਿਲ ਬਾਲੀਵੁੱਡ ਹੈ ਤੇ ਅਗਲੇ ਮਹੀਨੇ ਹ ਮੁੰਬਈ ਇਸ ਪ੍ਰੋਜੈਕਟ ਲਈ ਜਾ ਰਹੇ ਹਨ।"

ਸਰਹਿੰਦ" ਨਾਟਕ ਹੋਏ ਸਟੇਜ ਦਾ ਜਾਂ ਫਿਰ ਵੱਡੀ ਫ਼ਿਲਮ "ਮਜਾਜਣ" ਉਸ ਐਕਟਰ ਬਣ ਐਕਟਿੰਗ ਦਾ ਟੋਪ ਮੁਜ਼ਹਾਰਾ ਕੀਤਾ ਹੈ ਤੇ ਡਾਇਰੈਕਟਰ ਬਣ ਸੰਦੀਪ ਕੌਰ, ਸਾਨੀਆ ਪੰਨੂ ਤੇ ਮੰਨਤ ਸਿੰਘ ਜਿਹੀਆਂ ਹੀਰੋਇਨਾਂ ਨਾਲ ਕੰਮ ਕੀਤਾ ਹੈ। ਬਹੁਤ ਸਾਰੇ ਐਵਾਰਡ ਹਾਸਿਲ ਕਰ ਚੁੱਕੇ ਅਮਰਪਾਲ ਆਖਦੇ ਨੇ ਕਿ ਥੀਏਟਰ ਨੇ ਓਸ ਨੂੰ ਐਕਟਿੰਗ ਤੇ ਨਿਰਦੇਸ਼ਕ ਬਣ ਕੰਮ ਕਰਨ ਦੇ ਕਾਬਿਲ ਬਣਾਇਆ ਇਸ ਲਈ ਉਹ ਰੰਗਮੰਚ ਨਾਲ ਸਦਾ ਪਿਆਰ ਕਰਦੇ ਰਹਿਣਗੇ। ਅਮਰਪਾਲ ਦੇ ਨਿਰਦੇਸਨ ਕੈਰੀਅਰ ਲਈ ਸ਼ੁਭ ਸੰਕੇਤ ਇਹ ਹਨ ਕਿ ਉਹਨਾਂ ਦੀ ਹਿੰਦੀ ਫਿਲਮ ਵਿੱਚ ਬਾਲੀਵੁੱਡ ਦੇ ਅੰਮ੍ਰਿਤਸਰ ਨਾਲ ਸੰਬੰਧਿਤ ਇੱਕ ਸਟਾਰ ਕਮੇਡੀਅਨ ਕੰਮ ਕਰ ਸਕਦੇ ਹਨ।

**-ਅੰਮ੍ਰਿਤ ਪਵਾਰ**

# ਮਨ ਉੱਤੇ ਮੂਰਤਾਂ ਦਾ ਮਹੱਤਵ !

**- ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

ਇਹ ਕਈ ਦਹਾਕੇ ਪੁਰਾਣੀ ਗੱਲ ਹੈ, ਹੁਣ ਤਾਂ ਸ਼ਾਇਦ ਪੰਜਾਬੀ (ਗੁਰਮੁਖੀ) ਸਿੱਖਣ ਲਈ ਛੋਟੇ ਬੱਚਿਆਂ ਦੇ 'ਕੈਦੇ' ਉਦੋਂ ਵਰਗੇ ਨਹੀਂ ਹੋਣਗੇ, ਜਦੋਂ ਦੀ ਮੈਂ ਇਹ ਅੱਖੀਂ ਦੇਖੀ ਵਾਰਤਾ ਲਿਖਣ ਜਾ ਰਿਹਾ ਹਾਂ।

ਮੈਂ ਆਪਣੇ ਇਕ ਦੋਸਤ ਨੂੰ ਮਿਲਣ ਗਿਆ ਤਾਂ ਉਸਦੀ ਛੋਟੀ ਬੇਟੀ ਕੈਦਾ ਹੱਥ 'ਚ ਲਈ ਬੈਠੀ ਸੀ।

ਮੈਂ ਦੋਸਤ ਨੂੰ ਪੁੱਛਿਆ ਕਿ ਬੇਟੀ ਪੜ੍ਹਨ ਲਾ'ਤੀ ਸਕੂਲੇ? ਉਹ ਥੋੜ੍ਹਾ ਹੱਸ ਕੇ ਕਹਿੰਦਾ-'ਆਹੋ ਜੀ ਪੜ੍ਹਨ ਤਾਂ ਜਾਂਦੀ ਆ ਸਕੂਲੇ ਬੜੇ ਚਾਅ ਨਾ਼ਲ ਪਰ ਇਹਦੀ ਇੱਕੋ ਅੱਖਰ ਉੱਤੇ 'ਗਰਾਰੀ' ਅੜੀ ਹੋਈ ਆ !'

ਸਵਾਲੀਆ-ਚਿੰਨ੍ਹ ਬਣਿਆਂ ਮੇਰਾ ਚਿਹਰਾ ਦੇਖ ਕੇ ਉਹ ਆਪ ਹੀ ਦੱਸਣ ਲੱਗ ਪਿਆ-

"ਕੈਦੇ ਉੱਤੇ 'ਪੈਂਤੀ' ਦੇ ਅੱਖਰ ਪੜ੍ਹਨ ਵੇਲੇ ਇਹ 'ਊੜਾ-ਊਠ, ਐੜਾ-ਅਨਾਰ, ਈੜੀ-ਇੰਜਣ, ਸੱਸਾ-ਸਲੇਟ' ਤੋਂ ਸ਼ੁਰੂ ਕਰਕੇ ਬਾਕੀ 'ਵਾਵੇ' ਤੱਕ ਤਾਂ ਸਾਰੇ ਅੱਖਰ ਬਿਲਕੁਲ ਸਹੀ ਸਹੀ ਬੋਲੀ ਜਾਂਦੀ ਐ ਪਰ ਫੱਫੇ ਅੱਖਰ ਦੀ ਵਾਰੀ ਇਹ 'ਫੱਫਾ-ਕੇਲਾ' ਕਹਿਣੋ ਨੀ ਹਟਦੀ ! ਅਸੀਂ ਬਥੇਰਾ ਕਹੀ ਜਾਨੇ ਆਂ ਕਿ ਪੁੱਤ 'ਫੱਫਾ-ਫ਼ਲ' ਕਹਿ! ਪਰ ਇਸਨੇ 'ਫੱਫੇ' ਅੱਖਰ ਮੋਹਰੇ ਛਪੀ ਹੋਈ ਕੇਲੇ ਦੀ ਮੂਰਤ ਨੂੰ ਐਸਾ ਮਨ 'ਚ ਪੱਕਾ ਵਸਾ ਲਿਆ ਐ ਕਿ ਫੱਫਾ-ਫ਼ਲ ਕਹਿਣ ਦੀ ਬਜਾਏ ਇਹ 'ਫੱਫਾ-ਕੇਲਾ' ਹੀ ਰਟੀ ਜਾਂਦੀ ਐ!"

ਇਹ ਤਾਂ ਹੋਈ ਬਾਲ-ਮਨਾਂ ਉੱਤੇ ਮੂਰਤਾਂ ਦੇ ਪ੍ਰਭਾਵ ਦੀ ਗੱਲ ਪਰ ਇਹ ਵਾਰਤਾ ਇਸ ਨੁਕਤੇ ਦੀ ਵੀ ਵੱਡੀ ਮਿਸਾਲ ਹੈ ਕਿ ਸਾਡੇ ਮਨ-ਮਸਤਿਕ ਵਿਚ ਲਿਖਤਾਂ ਨਾ਼ਲੋਂ ਤਸਵੀਰਾਂ ਕਿਉਂ ਜਿਆਦਾ ਖੁੱਭੀਆਂ ਵਸੀਆਂ ਰਹਿੰਦੀਆਂ ਹਨ !ਜਿਵੇਂ ਗੁਰੂ ਸਾਹਿਬਾਨ ਨੇ ਦੇਹਧਾਰੀ ਪ੍ਰਥਾ ਨੂੰ ਸਦਾ ਸਦਾ ਲਈ ਬੰਦ ਕਰਕੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਪਰ ਅਜੋਕੇ ਸਿੱਖਾਂ ਦੀ ਵੱਡੀ ਗਿਣਤੀ ਸ਼ਬਦ ਦੀ ਥਾਂਹ ਕਿਸੇ ਨਾ ਕਿਸੇ ਦੇਹਧਾਰੀ ਡੇਰੇਦਾਰ ਸੰਤ ਮਹੰਤ ਦੇ ਚੁੰਗ਼ਲ 'ਚ ਫਸੀ ਹੋਈ ਹੈ। ਆਪੋ ਆਪਣੇ ਬਾਬਿਆਂ ਨੂੰ 'ਮਹਾਰਾਜ' ਕਹਿਣ ਵਾ਼ਲੇ ਸਿੱਖ ਵੀ ਫੱਫਾ-ਫ਼ਲ ਕਹਿਣ ਦੀ ਬਜਾਏ 'ਫੱਫਾ-ਕੇਲਾ' ਹੀ ਕਹਿ ਰਹੇ ਸਮਝੋ!

## ਸੁਰਜੀਤ ਪਾਤਰ ਬਾਰੇ



ਸੁਰਜੀਤ ਪਾਤਰ ਸ਼ਾਇਰੀ ਦੇ ਵਿੱਚ ਬੰਦਾ ਸੀ ਬੜਾ ਖ਼ਾਸ
ਵਿਛੜਣ ਪਿੱਛੋਂ ਸਾਹਿਤ ਪ੍ਰੇਮੀਆਂ ਨੂੰ ਕਰ ਗਿਆ ਉਦਾਸ

ਪੰਜਾਬੀ ਮਾਂ ਬੋਲੀ ਦਾ ਸਦਾ ਹੀ ਬਣ ਕੇ ਰਿਹਾ ਉਹ ਦਾਸ
ਪੰਜਾਬੀ ਸ਼ਾਇਰੀ ਪਾਤਰ ਸਾਹਿਬ ਨੂੰ ਆਈ ਬਹੁਤ ਹੀ ਰਾਸ

ਸਾਹਿਤ ਪੜ੍ਹਨਾ ਲਿਖਣਾ ਪਾਤਰ ਸਾਹਿਬ ਦਾ ਸੀ ਅਭਿਆਸ
ਗੱਲ ਕਦੌ ਤੇ ਕਿੱਦਾਂ ਕਰਨੀ ਦਾ ਉਨਾਂ ਨੂੰ ਸੀ ਅਹਿਸਾਸ

ਸ਼ਾਇਰੀ 'ਚੋਂ ਪੂਰੇ ਨੰਬਰ ਲੈ ਕੇ ਪਾਤਰ ਜੀ ਹੋ ਗਏ ਪਾਸ
ਵਧੀਆ ਗ਼ਜ਼ਲ ਗੀਤ ਨਜ਼ਮ ਦੀ ਉਨਾਂ ਤੋਂ ਹੁੰਦੀ ਸੀ ਆਸ

ਰੱਜ ਕੇ ਮਿਲੀ ਸ਼ੌਹਰਤ ਸ਼ਾਇਰੀ ਦੀ ਨਹੀ ਬੁਝੀ ਪਿਆਸ
ਸਾਰੀ ਉਮਰ ਭਟਕਿਆ ਮਨ ਕਿ ਕਿਤਿ ੰ ਮਿਲੇ ਧਰਵਾਸ

ਸ਼ਾਇਰੀ ਦੇ ਜੰਗਲ ਵਿੱਚ ਰਹਿਣ ਦਾ ਮਿਲਿਆ ਸੀ ਬਨਵਾਸ
ਉਮਰ ਦਰਾਜ਼ ਹੋਣ ਕਰਕੇ ਜਿਸਮ ਤੌ ਢਿਲਕ ਰਿਹਾ ਸੀ ਮਾਸ

ਪਾਤਰ ਸਾਹਿਬ ਸੁੱਤੇ ਹੀ ਰਹਿ ਗਏ ਰੂਹ ਕਰ ਗਈ ਪ੍ਰਵਾਸ
ਟੇਰਕਿਆਨੇ ਦੇ ਦਿਲ ਵਿੱਚ ਉਹ ਤਾਂ ਅੱਜ ਵੀ ਕਰਦੇ ਵਾਸ

**ਰਘਵੀਰ ਸਿੰਘ ਟੇਰਕਿਆਨਾ ਐਡਵੋਕੇਟ**
+91 9814173402
raghbirterkiana@yahoo.co.in

# 22 ਜਨਵਰੀ ਲਈ ਜੋੜ ਮੇਲਾ ਸ੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਸਬੰਧੀ ਵਿਸ਼ੇਸ਼

ਭਾਰਤ ਵਿਚ ਸਦੀਆਂ ਤੋ ਚੱਲੀ ਆ ਰਹੀ ਜਾਤ ਆਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਾਨੂੰਨ ਦੀ ਸਖ਼ਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੋਰ ਤੇ ਖ਼ਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਆਦਿਵਾਸੀਆਂ/ਅਨੁਸੂਚਿਤ ਜਾਤੀਆਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ, ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅੱਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਜੋ ਕਿ 1966 ਤੋਂ ਪਹਿਲਾਂ ਪੰਜਾਬ ਦੇ ਹੀ ਜ਼ਿਲ੍ਹਾ ਹੁਸ਼ਿਆਰਪੁਰ ਦਾ ਭਾਗ ਸੀ ਵਿੱਚ 21-22 ਜਨਵਰੀ 2005 ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸਨ ਵੱਲੋਂ ਇਲਾਕੇ ਦੇ ਕੁੱਝ ਮੰਨੂਵਾਦੀਆਂ ਦੇ ਦਬਾਅ ਅਧੀਨ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਇਸਨੂੰ ਬਚਾਉਣ ਲਈ ਸੰਘਰਸ਼ ਕਰਨ ਵਾਲੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਹਜ਼ਾਰਾਂ ਵਿਅਕਤੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਲਗਭਗ 100 ਵਿਅਕਤੀਆਂ ਨੂੰ ਵੱਖ ਵੱਖ ਕੇਸਾਂ ਵਿਚ ਜੇਲ੍ਹ ਅੰਦਰ ਕੀਤਾ ਗਿਆ ਸੀ। ਇਸ ਗੈਰ ਮਨੁਖੀ ਅਤਿਆਚਾਰ ਵਿੱਚ ਮਹਿਲਾਵਾਂ ਅਤੇ ਬੱਚਿਆਂ ਨੂੰ ਵੀ ਜਾਨਵਰਾਂ ਵਾਂਗ ਕੁੱਟਿਆ ਗਿਆ। ਪੰਜਾਬ ਦੇ ਨੰਗਲ ਜ਼ਿਲ੍ਹਾ ਰੂਪਨਗਰ ਅਤੇ ਬੀਣੇਵਾਲ ਝੂੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਲੱਗਦੇ ਸੰਤੋਖਗੜ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ ਜੋਕਿ ਪੰਜਾਬ ਵੰਡ ਤੋਂ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਹੀ ਹਿੱਸਾ ਸੀ ਵਿਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਹਜ਼ਾਰਾਂ ਪੈਰੋਕਾਰਾਂ ਤੇ ਅੰਨਾ ਤਸ਼ੱਦਦ ਕੀਤਾ ਜਿਸ ਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਲੋਕ ਰਾਤਾਂ ਨੂੰ ਡਰਦੇ ਹਨ। 22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਸਵੇਰੇ ਤੜਕਸਾਰ ਲਗਭਗ 4 ਵਜੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ੱਦਦ ਕੀਤਾ ਗਿਆ। ਇਸ ਅੰਦੋਲਨ ਵਿੱਚ ਸ਼ਾਮਿਲ ਰਹੇ ਰਵੀ ਕਾਂਤ ਬਸੀ, ਸੁਲਿੰਦਰ, ਵਿਜੇ ਰੰਗੀਲਾ, ਰਾਜ ਕੁਮਾਰ, ਸੁਰੇਸ਼ ਵਸਣ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਅਮਰੀਕ ਕੁਮਾਰ, ਲੰਬੜਦਾਰ ਬਖ਼ਸ਼ੀ ਰਾਮ ਭੱਟੀ, ਜਤਿੰਦਰ, ਸੋਨੂੰ, ਬਲਬੰਤ ਕੁਮਾਰ, ਬਲਵੀਰ ਬੱਗਾ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਜੋਕਿ ਪਹਿਲਾਂ ਪੰਜਾਬ ਵਿੱਚ ਸ਼ਾਮਿਲ ਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵੱਲੋਂ ਖਾਲੀ ਪਈ ਥਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਬਣਾਇਆ ਗਿਆ ਸੀ ਜਿੱਥੇ ਪਾਠ ਪੂਜਾ ਕੀਤੀ ਜਾਂਦੀ ਸੀ ਅਤੇ ਹਰ ਸਾਲ ਹਜਾਰਾਂ ਇਲਾਕਾ ਵਾਸੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ ਉਤਸਵ ਸ਼ਰਧਾ ਨਾਲ ਮਨਾਂਉਦੇ ਸਨ। ਰਵਿੰਦਰ ਕੁਮਾਰ ਪੁੱਤਰ ਪਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਸੀ। ਇਸ ਕੇਸ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵੱਲੋਂ ਵਤਨਾਂ ਰਾਮ ਪੁੱਤਰ ਨਿੱਕੂ ਰਾਮ ਅਦਾਲਤ ਵਿਚ ਹਾਜ਼ਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਸਾਹਿਬ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਆਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ। ਇਸ ਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਕਾਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੋਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈ ਕੇ ਮਾਣਯੋਗ ਸੁਪਰੀਮ ਕੋਰਟ ਵਿਚ ਵੀ ਪੇਸ਼ ਹੋਏ ਪਰੰਤੂ ਉੱਥੇ ਕੇਸ ਖ਼ਾਰਜ ਹੋ ਗਿਆ। 28 ਦਸੰਬਰ ਨੂੰ ਮਾਣਯੋਗ ਹਿਮਾਚਲ ਹਾਈ ਕੋਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਪ੍ਰਸ਼ਾਸਨਿਕ ਅਧਿਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿਚ ਹੀ ਸਨ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪਿੰਡ ਵਿਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ੱਦਦ ਕੀਤਾ ਗਿਆ। ਲਗਭਗ 100 ਵਿਅਕਤੀਆਂ ਜਿਨ੍ਹਾਂ ਵਿਚ 3 ਨਾਬਾਲਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147, 148, 149, 307, 332, 333, 353 ਅਤੇ 120 ਬੀ ਅਧੀਨ ਗ੍ਰਿਫ਼ਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ ਜਿਨ੍ਹਾਂ ਵਿੱਚ ਗੜਸ਼ੰਕਰ ਤੋਂ ਸਾਬਕਾ ਵਿਧਾਇਕ ਸਵਰਗੀ ਸ਼ਿੰਗਾਰਾ ਰਾਮ ਸਹੂੰਗੜਾ, ਸੁੱਚਾ ਰਾਮ ਭੋਰੀਆ ਆਦਿ ਵੀ ਸ਼ਾਮਿਲ ਸੀ 22 ਜਨਵਰੀ ਤੋਂ ਲੈ ਕੇ 26 ਫਰਵਰੀ, 2005 ਤੱਕ ਲਗਭਗ 35 ਦਿਨ ਕੰਡਾ ਘਾਟ ਜੇਲ੍ਹ, ਊਨਾ ਜੇਲ੍ਹ ਅਤੇ ਸ਼ਿਮਲਾ ਜੇਲ੍ਹ ਵਿਚ ਬੰਦ ਰਹੇ, 3 ਨਾਬਾਲਗ ਬੱਚਿਆਂ ਜਤਿੰਦਰ ਕੁਮਾਰ, ਅੰਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜ਼ਮਾਨਤ ਤੇ ਰਿਹਾ ਕੀਤਾ। ਸਵਰਗੀ ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਬਿੰਦੋ ਦੇਵੀ, ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੋਰਟ ਸ਼ਿਮਲਾ ਤੋਂ ਜ਼ਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈ ਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਜ਼ਿਲ੍ਹਾ ਹੈੱਡ ਕੁਆਰਟਰ ਊਨਾ ਵਿਚ ਲਗਾਤਾਰ ਰੋਸ ਮੁਜ਼ਾਹਰਾ ਕੀਤਾ ਜਿਸ ਵਿੱਚ ਬਾਬਾ ਸੰਤੋਖ ਦਾਸ ਬਿੱਟੂ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ ਹਿਮਾਚਲ, ਡਾਕਟਰ ਕੇ ਆਰ ਆਰਿਆ, ਬਲਬੀਰ ਬੱਗਾ, ਵਿਜੇ ਨਾਇਰ, ਬਲਬੰਤ ਕੁਮਾਰ, ਹਰੀ ਚੰਦ ਸੰਧੂ, ਸਵਰਗੀ ਪ੍ਰੀਤਮ ਚੰਦ ਸੰਧੂ, ਸਵਰਗੀ ਮਾਤੂ ਰਾਮ, ਸਵਰਗੀ ਜਗਤ ਸਿੰਘ, ਡਾਕਟਰ ਲੇਖ ਰਾਜ ਖੰਨਾ, ਸਰਵਣ, ਦਾਸ ਰਾਮ, ਗੁਰਪਾਲ, ਸਤੀਸ਼ ਕੁਮਾਰ, ਤਰਸੇਮ ਲਾਲ ਵੱਸਣ, ਰਾਮ ਆਸਰਾ ਭੀਸੀ, ਤਰਸੇਮ ਸਹੋਤਾ, ਵਤਨ ਚੰਦ ਪਟੇਲ, ਕੁਲਦੀਪ ਚੰਦ ਦੋਭੇਟਾ, ਬਲਵੰਤ ਕੁਮਾਰ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫ਼ਤਾਰ ਵਿਅਕਤੀਆਂ ਨੂੰ ਛੱਡਣ ਲਈ ਮਜਬੂਰ ਕਰ ਦਿਤਾ। ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਬਸਪਾ ਪ੍ਰਮੁੱਖ ਮਾਇਆਵਤੀ ਵੀ ਇਸ ਰੋਸ ਪ੍ਰਦਰਸ਼ਨ ਵਿਚ ਵਿਸ਼ੇਸ਼ ਰੂਪ ਵਿਚ ਪਹੁੰਚੀ ਅਤੇ ਦਲਿਤ ਵਿਰੋਧੀ ਕਾਂਗਰਸ ਸਰਕਾਰ ਨੂੰ ਲਤਾੜਿਆ ਅਤੇ ਇਸ ਮਾਮਲੇ ਦੇ ਹੱਲ ਕਰਨ ਲਈ ਸਰਕਾਰ ਨੂੰ ਚੇਤਾਵਨੀ ਦਿੱਤੀ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਹਿਮਾਚਲ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੌਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿਚ ਹਿਮਾਚਲ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿਚ ਪਹੁੰਚੇ। ਮੰਦਿਰ ਕਮੇਟੀ ਵੱਲੋਂ ਹਰ ਸਾਲ 22 ਜਨਵਰੀ ਨੂੰ ਘੱਲੂਘਾਰਾ ਦਿਵਸ ਮਨਾਇਆ ਜਾਂਦਾ ਹੈ ਜਿਸ ਵਿੱਚ ਹਰ ਸਾਲ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਪਹੁੰਚਦੇ ਹਨ ਅਤੇ ਸਮਾਜ ਦੀਆਂ ਸਮੱਸਿਆਵਾਂ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਜੋੜ ਮੇਲਾ ਆਯੋਜਿਤ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜੋਕਿ ਸਵਰਗੀ ਸ਼੍ਰੀ ਰਾਮ ਦਾਸ ਭਾਟੀਆ ਮੈਂਬਰ ਸ਼੍ਰੀ ਗੁਰੂ ਰਵਿਦਾਸ ਸੰਯੁਕਤ ਸੰਘਰਸ਼ ਸਮਿਤੀ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਨੂੰ ਸਮਰਪਿਤ ਹੈ ਜਿਸ ਵਿੱਚ 20 ਜਨਵਰੀ ਨੂੰ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਆਰੰਭ ਕੀਤਾ ਜਾਵੇਗਾ। 21 ਜਨਵਰੀ ਨੂੰ ਸੰਤ ਸਮਾਜ ਦੀ ਅਗਵਾਈ ਵਿੱਚ ਆਦਿ ਪ੍ਰਕਾਸ਼ ਗ੍ਰੰਥ ਦੀ ਛਤਰ ਛਾਇਆ ਹੇਠ ਇੱਕ ਵਿਸ਼ਾਲ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਸਵੇਰੇ 10 ਵਜੇ ਸੰਤੋਖਗੜ੍ਹ ਤੋਂ ਚੱਲਕੇ ਖਾਨਪੁਰ, ਨੰਗੜਾ, ਊਨਾ, ਵਡਾਲਾ, ਦੇਹਲਾ, ਬਸਦੇਹੜਾ ਆਦਿ ਦੁਆਰਾ ਵਾਪਸ ਸੰਤੋਖਗੜ੍ਹ ਪਹੁੰਚੇਗੀ ਜਿਸ ਵਿੱਚ ਹਿਮਾਚਲ ਤੋਂ ਇਲਾਵਾ ਪੰਜਾਬ ਹਰਿਆਣਾ ਆਦਿ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਭਾਗ ਲੈਣਗੇ। 22 ਜਨਵਰੀ ਨੂੰ ਸਵੇਰੇ 9.30 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ, 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ ਅਤੇ ਸੰਤ ਸਮਾਜ ਵੱਲੋਂ ਪ੍ਰਬਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

ਬਾਦ ਦੁਪਿਹਰ ਮਿਸ਼ਨਰੀ ਗਾਇਕ ਵਿਜੈ ਰੰਗੀਲਾ ਅਤੇ ਕਾਂਸ਼ੀ ਨਾਥ ਆਦਿ ਗੁਰੂ ਮਹਾਰਾਜ ਦਾ ਗੁਣਗਾਣ ਕਰਨਗੇ। ਇਸ ਮੌਕੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਸਮਾਜ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਗੇ। ਇਸ ਮੌਕੇ ਇਸ ਸੰਘਰਸ਼ ਸਬੰਧੀ ਤਿਆਰ ਕੀਤੀ ਗਈ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਸੰਘਰਸ਼ ਵਿੱਚ ਯੋਗਦਾਨ ਪਾਣ ਵਾਲੇ ਅਤੇ ਭਾਗ ਲੈਣ ਵਾਲੇ ਕ੍ਰਾਂਤੀਕਾਰੀਆਂ ਨੂੰ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਜਾਵੇਗਾ।





ਕੁਲਦੀਪ ਚੰਦ
91-9417563054

## 'ਸ਼ੇਰਨੀ ਦਾ ਦੁੱਧ'

"ਸਿੱਖਿਆ ਸ਼ੇਰਨੀ ਦਾ ਦੁੱਧ ਹੈ,
ਜੋ ਪੀਵੇਗਾ ਉਹ ਦਹਾੜੇਗਾ।"
'ਜਿਸਦਾ ਮਤਲਬ ਜਿਸ ਕੋਲ ਸਿਖਿਆ,
ਉਹ 'ਅਨਿਆਂ' ਨੂੰ ਲਲਕਾਰੇ ਗਾ।

ਐਪਰ ਵੇਖਣ ਦੇ ਵਿੱਚ ਆ ਰਿਹਾ,
ਜਿਹਨਾਂ ਇਹ ਦੁੱਧ ਰੱਜਕੇ ਪੀਤਾ ਹੈ।
ਉਹ ਆਪਣੇ ਨਿੱਜੀ ਹਿੱਤਾਂ ਲਈ,
ਬੈਠਾ ਹਾਕਮ ਅੱਗੇ ਚੁੱਪ ਚਪੀਤਾ ਹੈ।

ਇਹ ਸ਼ੇਰਨੀ ਦਾ ਦੁੱਧ ਪੀਕੇ ,
ਫਿਰ ਵੀ ਰਹਿੰਦਾ ਡਰਦਾ ਹੈ।
ਇਸਨੂੰ ਹਾਕਮ ਜੋ ਕਹਿੰਦਾ ਹੈ,
ਬਿਨ ਦਹਾੜੇ ਹੀ ਕਰਦਾ ਹੈ।

ਸ਼ੇਰਨੀ ਦਾ ਦੁੱਧ ਪੀਣ ਵਾਲਿਆਂ ਦੀ,
ਹੈ ਗਿਣਤੀ ਬੇਅੰਤ ਲੱਖਾਂ ਹੀ।
ਤੁਸੀਂ ਲੰਮੀ ਨਿਗਾਹ ਮਾਰ ਲਵੋ,
ਦਹਾੜਨ ਵਾਲੇ ਥੋੜ੍ਹੇ ਜਿਹੇ ਮਸਾਂ ਹੀ।

ਇਹ ਕਥਨ ਗ਼ਲਤ ਸਾਬਤ ਕਰ ਦਿੱਤਾ,
'ਮੇਜਰ' ਵੇਖ ਲ ਬਹੁਤੇ ਲੋਕਾਂ ਨੇ,
'ਸ਼ੇਰਨੀ ਦਾ ਦੁੱਧ' ਪੀ ਜਿਹਨਾਂ ਦਹਾੜਨਾ ਸੀ।
ਉਹ ਫਿਰਦੇ ਮਾਰਦੇ ਮੋਕਾਂ ਨੇ।

- ਮੇਜਰ ਸਿੰਘ ਬੁਢਲਾਡਾ
91-94176 42327

# ਮਾਹਿਲਪੁਰ ਆਈ ਲੀਗ ਫੁੱਟਬਾਲ ਮੁਕਾਬਲਾ ਚਰਚਲ ਬ੍ਰਦਰਜ਼ ਗੋਆ ਨੇ ਜਿੱਤਿਆ

ਮਾਹਿਲਪੁਰ ਦੇ ਕੋਚ ਅਲੀ ਹਸਨ ਸਟੇਡੀਅਮ ਵਿੱਚ ਖੇਡੀ ਜਾ ਰਹੀ ਆਈ ਲੀਗ ਦਾ ਇੱਕ ਮੁਕਾਬਲਾ ਐਫਸੀ ਦਿੱਲੀ ਅਤੇ ਚਰਚਲ ਬ੍ਰਦਰਜ਼ ਗੋਆ ਵਿਚਕਾਰ ਖੇਡਿਆ ਗਿਆ। ਇਸ ਮੁਕਾਬਲੇ ਵਿੱਚ ਦੋਨਾਂ ਟੀਮਾਂ ਨੇ ਸ਼ਾਨਦਾਰ ਮੁਕਾਬਲੇ ਦਾ ਪ੍ਰਦਰਸ਼ਨ ਕੀਤਾ। ਪਹਿਲੇ ਹਾਫ ਵਿੱਚ ਚਰਚਲ ਬਰਦਰਸ ਗੋਆ ਨੇ ਦੋ ਦੀ ਲੀਡ ਹਾਸਲ ਕਰ ਲਈ। ਦੂਜੇ ਅੱਧ ਵਿੱਚ ਦਿੱਲੀ ਐਫਸੀ ਨੇ ਆਪਣੀ ਖੇਡ ਤਕਨੀਕ ਨੂੰ ਬਦਲਦਿਆਂ ਇੱਕ ਗੋਲ ਕਰਨ ਵਿੱਚ ਸਫ਼ਲਤਾ ਪ੍ਰਾਪਤ ਕਰ ਲਈ। ਇਸ ਤਰ੍ਹਾਂ ਇਹ ਮੁਕਾਬਲਾ ਦੋ ਇੱਕ ਦੇ ਫਰਕ ਨਾਲ ਸਮਾਪਤ ਹੋਇਆ।ਫੁੱਟਬਾਲ ਕਲੱਬ ਦਿੱਲੀ ਵੱਲੋਂ ਇਸ ਸਟੇਡੀਅਮ ਨੂੰ ਆਪਣੀ ਹੋਮ ਗਰਾਊਂਡ ਬਣਾਇਆ ਗਿਆ ਹੈ। ਕਲੱਬ ਦੇ ਮਾਲਕ ਰਣਜੀਤ ਬਜਾਜ ਵੱਲੋਂ ਇਸ ਖੇਡ ਸਟੇਡੀਅਮ ਨੂੰ ਆਧੁਨਿਕ ਦਿੱਖ ਦੇ ਕੇ ਇੱਥੇ ਇੱਕ ਅਕੈਡਮੀ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਹੋਇਆ ਹੈ। ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ ਵਿੱਚ ਇੱਥੇ ਖੇਡੀ ਜਾ ਰਹੀ ਲੀਗ ਫੁੱਟਬਾਲ ਦੀ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਨਵੇਂ ਖਿਡਾਰੀ ਨਵੀਆਂ ਜੁਗਤਾਂ ਸਿੱਖ ਰਹੇ ਹਨ ਅਤੇ ਅੱਗੇ ਵਧਣ ਦੀ ਪ੍ਰੇਰਨਾ ਲੈ ਰਹੇ ਹਨ।

ਇਸ ਮੁਕਾਬਲੇ ਦੇ ਮੁੱਖ ਮਹਿਮਾਨ ਰਣਬੀਰ ਸਚਦੇਵਾ ਸਨ ਜਿਨ੍ਹਾਂ ਵੱਲੋਂ ਇਸ ਖੇਡ ਮੈਦਾਨ ਦੀ ਉਸਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ। ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ, ਜੋਇਆ ਸਦੀਕੀ ਡੀਡੀਐਫ, ਆਦਿਤਿਆ ਮੈਦਾਨ ਸਲਾਹਕਾਰ, ਅਮਿਤ ਸੱਭਰਵਾਲ ਐਕਸੀਅਨ, ਹਰਪ੍ਰੀਤ ਕੌਰ ਰੋਜ਼ੀ ਡਾਇਰੈਕਟਰ, ਐਸਪੀ ਸ਼ਵਿੰਦਰਜੀਤ ਸਿੰਘ ਬੈਂਸ, ਪ੍ਰਦੀਪ ਡੋਗਰਾ, ਰੋਸ਼ਨਜੀਤ ਸਿੰਘ ਪਨਾਮ, ਡਾ. ਪਰਮਪ੍ਰੀਤ ਰਾਓ ਕੈਂਡੋਵਾਲ, ਲੈਫਟੀਨੈਂਟ ਅਰਸ਼ਦੀਪ ਸਿੰਘ, ਚੈਂਚਲ ਸਿੰਘ ਬੈਂਸ, ਪ੍ਰਿੰਸੀਪਲ ਗੁਰਾਂ ਦਾਸ, ਮਾਸਟਰ ਬਨਿੰਦਰ ਸਿੰਘ ਅਤੇ ਖੇਡ ਲੇਖਕ ਬਲਜਿੰਦਰ ਮਾਨ ਆਦਿ ਸ਼ਾਮਿਲ ਹੋਏ।

ਆਈ ਲੀਗ ਦੇ ਮੁਕਾਬਲਿਆਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਕੋਚ ਆਸਿਮ ਹਸਨ, ਹਰਮਨਜੋਤ ਸਿੰਘ ਖਾਬੜਾ, ਸੁਮਿਤ ਅਤੇ ਡੇਵਿਡ ਸਮੇਤ ਕਲੱਬ ਦੇ ਪ੍ਰਬੰਧਕਾਂ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ। ਇਸ ਮੌਕੇ ਉੱਘੇ ਫੁੱਟਬਾਲਰ ਮਨਜਿੰਦਰ ਸਿੰਘ, ਹਰਦੀਪ ਸਿੰਘ ਸੈਣੀ, ਅਮਰੀਕ ਸਿੰਘ ਮਾਨ, ਪ੍ਰਦੀਪ ਡੋਗਰਾ, ਹਰਜਿੰਦਰ ਸਿੰਘ, ਯਸ਼ਪਾਲ ਜੱਸੀ, ਮਦਨ ਲਾਲ ਮੱਦੋ ਨੂੰ ਕਲੱਬ ਪ੍ਰਧਾਨ ਕੁਲਵੰਤ ਸਿੰਘ ਸੰਘਾ ਅਤੇ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਦੇ ਸਕੱਤਰ ਹਰਨੰਦਨ ਸਿੰਘ ਖਾਬੜਾ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੰਚ ਸੰਚਾਰਨ ਕਰਦਿਆਂ ਬਲਜਿੰਦਰ ਮਾਨ ਨੇ ਮਾਹਿਲਪੁਰ ਦੇ ਸ਼ਾਨਾਮੱਤੇ ਫੁੱਟਬਾਲ ਇਤਿਹਾਸ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਹਨਾਂ ਮੈਦਾਨਾ ਨੇ ਦੋ ਅਰਜਨ ਅਵਾਰਡੀ ਜਰਨੈਲ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਵਰਗੇ ਅਨੇਕਾਂ ਫੁੱਟਬਾਲਰ ਪੈਦਾ ਕੀਤੇ ਹਨ। ਪੁਰਾਣੇ ਸਮੇਂ ਵਾਲੀ ਆਨ ਬਾਨ ਅਤੇ ਸ਼ਾਨ ਨੂੰ ਬਰਕਰਾਰ ਕਰਨ ਲਈ ਆਈ ਲੀਗ ਦਾ ਆਯੋਜਨ ਇਹਨਾਂ ਮੈਦਾਨਾਂ ਵਿੱਚ ਹੋ ਰਿਹਾ ਹੈ। ਜਿਸ ਵਾਸਤੇ ਰਣਜੀਤ ਬਜਾਜ ਦਾ ਪੂਰਾ ਇਲਾਕਾ ਰਿਣੀ ਹੈ। ਹੁਣ ਉਹ ਦਿਨ ਦੂਰ ਨਹੀਂ ਲੱਗਦਾ ਜਦੋਂ ਦੁਬਾਰਾ ਇਥੋਂ ਫੁੱਟਬਾਲ ਦੇ ਜਰਨੈਲ ਪੈਦਾ ਹੋਣਗੇ। 10 ਹਜ਼ਾਰ ਦੇ ਕਰੀਬ ਫੁੱਟਬਾਲ ਪ੍ਰੇਮੀਆਂ ਵਿੱਚ ਖੇਡ ਕਲੱਬਾਂ ਦੇ ਨੁਮਾਇੰਦੇ, ਕੋਚ, ਸਕੂਲ ਮੁਖੀ, ਬੱਚੇ ,ਗੱਭਰੂ ਅਤੇ ਬਜ਼ੁਰਗ ਹਾਜ਼ਰ ਹੋਏ। ਖੇਡ ਨੂੰ ਪਿਆਰਨ, ਸਤਿਕਾਰਨ ਤੇ ਨਿਖਾਰਨ ਵਾਲਿਆਂ ਵਿੱਚ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ, ਬੀ ਐਸ ਬਾਗਲਾ, ਅਰਵਿੰਦਰ ਸਿੰਘ ਹਵੇਲੀ, ਸਤਪਾਲ ਸੰਘਾ ਕਨੇਡੀਅਨ, ਤਨਵੀਰ ਮਾਨ, ਠਾਕੁਰ ਕਰਨ ਮਹਿਤਾ, ਝਰਮਣ ਸਿੰਘ ਤਰਲੋਚਨ ਸਿੰਘ ਸੰਧੂ, ਹਰਭਜਨ ਸਿੰਘ, ਹਰਜਿੰਦਰ ਸਿੰਘ, ਰਾਜੂ ਚੰਡੀਗੜ੍ਹ, ਹਰਵੀਰ ਮਾਨ, ਜਮਸ਼ੇਰ ਸਿੰਘ ਤੰਬੜ, ਤਕਦੀਰ ਸਿੰਘ, ਹਰਦਿਆਲ ਸਿੰਘ ਆਦਿ ਜ਼ਿਕਰਯੋਗ ਹਨ।








ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਧੀਰਾ ਗਿੱਲ ਆਖੇ ਫ਼ਿਲਮੀ ਦੁਨੀਆਂ ਵਿੱਚ "ਲੁੱਟੀ ਦੇ ਨਜ਼ਾਰੇ"

ਪੰਜਾਬੀ ਫ਼ਿਲਮਾਂ ਦੇ ਹੀਰੋ ਬਣ ਚੁੱਕੇ



ਜਵਾਨ ਗਾਇਕ ਧੀਰਾ ਗਿੱਲ ਦੇ ਨਵੇਂ ਗਾਣੇ ਇਸ ਸਾਲ ਆਉਣੇ ਸ਼ੁਰੂ ਹੋ ਗਏ ਹਨ। ਚਿਮਟਾ ਰਿਕਾਰਡ ਨੇ ਇਸ ਸਮੇਂ ਉਸ ਦਾ ਬੀਟ ਗੀਤ "ਲੁੱਟੀ ਦੇ ਨਜ਼ਾਰੇ" ਟਾਈਟਲ ਨਾਲ ਰਲੀਜ਼ ਕਰ ਦਿੱਤਾ ਹੈ। ਧੀਰਾ ਗਿੱਲ ਜਿਸ ਦੇ ਇਸ ਸਮੇਂ ਇੰਗਲੈਂਡ ਸ਼ੋਅ ਜ਼ਾਰੀ ਨੇ ਕਨੇਡਾ ਉਸ ਦੇ ਬਹੁਤ ਫੈਂਨ ਹਨ ਨੇ ਇਸ ਐਲਬਮ "ਲੁੱਟੀ ਦੇ ਨਜ਼ਾਰੇ" ਲਈ ਹਰਭਜਨ ਹੈਰੀ ਦਾ ਲਿਖਿਆ ਗੀਤ ਗਾਇਆ ਹੈ। ਇਸ ਦਾ ਵੀਡਿਓ ਸਿਮਰਨਜੀਤ ਐਸ ਸਿੰਘ ਨੇ ਡਾਇਰੈਕਟ ਕੀਤਾ ਹੈ। ਅਗਲੀ ਫਿਲਮ ਤੋਂ ਪਹਿਲੇ ਧੀਰੇ ਗਿੱਲ ਨੇ "ਲੁੱਟੀ ਦੇ ਨਜ਼ਾਰੇ" ਐਲਬਮ ਗੀਤ ਦੇ ਕਿ ਆਪਣੇ ਪਸੰਸ਼ਕਾਂ ਨੂੰ ਦੱਸ ਦਿੱਤਾ ਹੈ ਕਿ ਨਾਇਕੀ ਦੇ ਨਾਲ ਨਾਲ ਗਾਇਕੀ ਵਿੱਚ ਵੀ ਉਹ ਲਗਾਤਾਰ ਸਰਗਰਮ ਰਹੇਗਾ।

## ਸੁਦੇਸ਼ ਕੁਮਾਰੀ ਤੇ ਗੁਰਦੀਪ ਸੰਧੂ ਕੋਲ "ਥਾਰ ਰੋਕਸ ਮਹਿੰਦਰਾ"

ਗੁਰਦੀਪ ਸੰਧੂ ਲਈ ਇਹ ਸਾਲ ਬਹੁਤ ਵਧੀਆ ਰਹਿਣ ਵਾਲਾ ਹੈ ਕਿਉਂ ਕਿ ਵਿਸ਼ਵ ਦੀ ਪੰਜਾਬੀ ਸਟਾਰ ਗਾਇਕਾ ਸੁਦੇਸ਼ ਕੁਮਾਰੀ ਨਾਲ ਉਸ ਦਾ ਗੀਤ "ਥਾਰ ਰੋਕਸ ਮਹਿੰਦਰਾ" ਆ ਕਿ ਹਿੱਟ ਹੋ ਰਿਹਾ ਹੈ। ਅਸ਼ੋਕ ਕੁਮਾਰ ਤੇ ਰਾਜਕੁਮਾਰ ਦੀ ਤਜ਼ਰਬੇਕਾਰ ਜੋੜੀ ਨੇ ਇਹ ਗੀਤ ਲੋਕ ਸਨਮੁੱਖ ਕੀਤਾ ਹੈ। ਜਸਕਰਨ ਦੀ ਸਿਫਤ




ਕਿ ਉਸ ਨੇ ਸੁਦੇਸ਼ ਕੁਮਾਰੀ ਦੇ ਹਿਸਾਬ ਨਾਲ ਗੁਰਦੀਪ ਸੰਧੂ ਤੋਂ ਗੀਤ ਕਰਵਾ ਲਿਆ ਹੈ। ਇਸ ਦਾ ਵੀਡਿਓ ਕੀ ਪੂਰੀ "ਸ਼ੋਲੇ" ਫਿਲਮ ਹੀ ਹੈ। ਸੰਧੂ ਤੇ ਰੁਪਾਲੀ ਜਚੇ ਰਹੇ ਰੱਬ ਦਾ ਨਾਮ ਤੇ ਨੀਟੂ ਸ਼ਟਰਾਂ ਵਾਲਾ ਤੇ ਪੂਰਨ ਪੱਡਾ ਤੇ ਸ਼ਵੇਤਾ ਨੇ ਬੱਲੇ ਬੱਲੇ "ਥਾਰ ਰੋਕਸ ਮਹਿੰਦਰਾ" ਗਾਣੇ ਵਿੱਚ ਕਰਵਾ ਦਿੱਤੀ ਹੈ। ਗੁਰਦੀਪ ਸੰਧੂ ਦਾ ਇਹ ਗੀਤ ਸੰਗੀਤ ਦੀ ਹਰ ਸਾਈਟ ਤੇ ਨ੍ਹੇਰੀਆਂ ਲਿਆ ਰਿਹਾ ਹੈ। ਸਰੋਤੇ ਤਾਂ ਵੇਲਨਟਾਈਨ ਡੇ ਤੇ ਸ ਦੇ ਨਵੇਂ ਗਾਣੇ ਦੀ ਮੰਗ ਕਰਨ ਵੀ ਲੱਗ ਪਏ ਹਨ।

## ਨਸੀਬ ਰੰਧਾਵਾ ਦੇ "ਰਿਸ਼ਤੇ ਨਾਤੇ" ਇਸ ਸ਼ੁੱਕਰਵਾਰ ਦੇਖੋ

ਨੌਜਵਾਨ ਨਿਰਦੇਸ਼ਕ ਨਸੀਬ ਰੰਧਾਵਾ ਦੀ ਇਸ ਸਾਲ "ਚੋਰਾਂ ਨਾਲ ਯਾਰੀਆਂ" ਬਾਅਦ ਦੂਜੀ ਫ਼ਿਲਮ "ਰਿਸ਼ਤੇ ਨਾਤੇ" ਇਸ ਸ਼ੁੱਕਰਵਾਰ ਆ ਰਹੀ ਹੈ। ਕਸ਼ਮੀਰ ਸਿੰਘ ਸੋਹਲ ਨੇ ਸੋਹਲ ਰਿਕਾਰਡਜ਼ ਵਾਲਿਆਂ ਇਹ ਫ਼ਿਲਮ ਬਣਾਈ ਹੈ। ਲਵ ਗਿੱਲ ਦੇ ਨਾਲ ਫਿਲਮ ਵਿੱਚ ਰਘਬੀਰ ਸੋਹਲ ਹੀਰੋ ਏ ਜਦ ਕਿ ਸੁਨੀਤਾ ਧੀਰ ਤੇ ਮਲਕੀਤ ਰੌਣੀ ਜਿਹੇ ਦਿੱਗਜ ਇਸ ਫ਼ਿਲਮ ਦੀ ਸ਼ਾਨ ਹਨ। ਦੁਰਗਾ ਰੰਗੀਲਾ ਦਾ ਗਾਇਆ ਗੀਤ ਵੀ ਇਸ ਫ਼ਿਲਮ ਵਿੱਚ ਹੈ।ਯੂ




ਕੇ ਵਿਖੇ ਵੀ ਇਹ ਫ਼ਿਲਮ ਫਿਲਮਾਈ ਗਈ ਹੈ। ਪਰਮਿੰਦਰ ਗਿੱਲ ਦਾ ਕਿਰਦਾਰ ਵੀ ਖਾਲਸਾ ਤੇ ਸੋਹਲ ਸਾਬ ਦੀ ਇਸ ਫ਼ਿਲਮ ਵਿੱਚ ਸ਼ਾਨਦਾਰ ਹੈ।ਆਸ ਹੈ ਨਸੀਬ ਰੰਧਾਵਾ ਦੇ ਨਸੀਬ ਸੋਹਣੇ ਇਹ ਫ਼ਿਲਮ "ਰਿਸ਼ਤੇ ਨਾਤੇ" ਲਿਖ ਦੇਵੇਗੀ ਤੇ ਪਾਲੀਵੁੱਡ ਨਾਲ ਨਸੀਬ ਰੰਧਾਵਾ, ਕਸ਼ਮੀਰ ਸਿੰਘ ਸੋਹਲ, ਕੁਲਜੀਤ ਸਿੰਘ ਖਾਲਸਾ, ਲਵ ਗਿੱਲ, ਰਘਵੀਰ ਸੋਹਲ ਦੇ "ਰਿਸ਼ਤੇ ਨਾਤੇ" ਮਜ਼ਬੂਤ ਉਂਜ ਹੋਣਗੇ ਜਿਵੇਂ ਸੁਨੀਤਾ ਧੀਰ ਤੇ ਮਲਕੀਤ ਰੌਣੀ ਦੇ ਹਨ। ਫ਼ਿਲਮ ਦੇ ਸੰਗੀਤਕਾਰ ਗੁਰਮੀਤ ਸਿੰਘ ਹਨ।

## ਗੁਰਦੀਪ ਕੌਰ ਬੰਗਾ ਚਾਹੇ ਜੱਸੀ ਬਣਾਉਣ ਫ਼ਿਲਮ

ਗੁਰਦੀਪ ਕੌਰ ਬੰਗਾ ਦਾ ਉਤਸ਼ਾਹ ਹੀ ਰਿਹੈ ਕਿ ਗੁਰਦਾਸ ਮਾਨ, ਅਮਰਿੰਦਰ ਗਿੱਲ ਜਿਹੇ ਸਟਾਰ ਲੋਕਾਂ ਦੇ ਸ਼ੋਅ ਜੱਸੀ ਬੰਗਾ ਨੇ ਦੁਨੀਆਂ ਦੀ ਮਹਾਂ ਸ਼ਕਤੀ ਅਮਰੀਕਾ ਵਿਖੇ ਕਰਵਾਏ ਹਨ। ਗੁਰਦੀਪ ਕੌਰ ਦੇ ਸਲਾਹ ਮਸ਼ਵਰੇ ਨੇ ਕਿ ਜੱਸੀ ਬੰਗਾ ਨੇ ਧਾਰਮਿਕ ਗੀਤਕਾਰੀ ਤੇ ਸੰਗੀਤ ਪੇਸ਼ਕਸ਼ ਵਿੱਚ ਨਾਮ ਸਥਾਪਿਤ ਕੀਤਾ ਹੈ। ਜੱਸੀ ਬੰਗਾ ਦੇ ਧਾਰਮਿਕ ਤੇ ਸਮਾਜਿਕ ਭਲਾਈ ਕੰਮਾਂ ਦੀ ਮਜ਼ਬੂਤ ਦੀਵਾਰ ਵੀ ਗੁਰਦੀਪ ਬੰਗਾ ਹੀ ਹੈ। ਮਨ ਕੀ ਬਾਤ ਗੁਰਦੀਪ ਕੌਰ ਬੰਗਾ ਨੇ ਦੱਸੀ ਕਿ ਪੰਜਾਬੀ ਵਿਰਾਸਤ ਤੇ ਪਰਦੇਸੀ ਪੰਜਾਬੀਆਂ ਤੇ ਉਹ ਚਾਹੇਗੀ ਕਿ ਉਹਨਾਂ ਦੇ ਜੀਵਨ ਸਾਥੀ ਜੱਸੀ ਬੰਗਾ ਕੋਈ ਫ਼ਿਲਮ ਕਰਨ। ਯਾਦ ਰਹੇ ਜੱਸੀ ਬੰਗਾ ਦੇ ਕਲਾਕਾਰਾਂ ਨਾਲ



ਅੱਛੇ ਸੰਬੰਧ ਹਨ ਤੇ ਉਹ ਕਿਸੇ ਵੀ ਵਕਤ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਲਈ ਆਪਣੇ ਨਾਲ ਬਹੁਤ ਸਾਰੇ ਸੰਗੀਤ ਪ੍ਰਮੋਟਰ ਜੋੜ ਸਕਦੇ ਹਨ। ਗੁਰਦੀਪ ਕੌਰ ਬੰਗਾ ਜਲਦੀ ਜੱਸੀ ਬੰਗਾ ਦੇ ਕਿਸੇ ਗੀਤ ਨੂੰ ਪੇਸ਼ ਕਰਦੇ ਇਸ ਸਾਲ ਨਜ਼ਰ ਆਉਣਗੇ ਤੇ ਸੰਗੀਤ ਪੇਸ਼ਕਾਰ ਵਜੋਂ ਵੀ ਆਪਣਾ ਵਜੂਦ ਬਣਾਉਣਗੇ।

## ਧੀਰਾ ਮਾਨ "ਕੋਹਰਾ" ਦੇਖਿਆ ਹੁਣ ਕੰਗ ਦੀਆਂ" "ਮੁਰਗਾਬੀਆਂ"

ਧੀਰੇ ਮਾਨ ਦੀ ਕੱਲ ਤੱਕ ਜੈ ਸਿੰਘ ਵਾਲਾ ਬਠਿੰਡਾ ਵਿਖੇ ਜੈ ਹੋ ਸੀ ਤੇ ਅੱਜ ਫ਼ਿਲਮ ਨਗਰੀ ਵਿੱਚ ਹੈ। ਗੁੱਗੂ ਗਿੱਲ ਤੋਂ ਅੱਜ ਦੀ ਇੰਡਸਟਰੀ



ਦੇ ਕਲਾਕਾਰਾਂ ਨਾਲ ਕੰਮ ਕਰ ਰਹੇ ਐਕਟਰ ਧੀਰਾ ਮਾਨ ਦੇ ਕੈਰੀਅਰ ਵਿੱਚ ਇਸ ਵਕਤ ਚੰਗੇ ਦਿਨ ਜ਼ਾਰੀ ਹਨ। ਵੱਡੇ ਪੱਧਰ ਦੀ ਸੀਰੀਜ਼ "ਕੋਹਰਾ" ਦੇ ਬਾਅਦ ਉਸ ਨੂੰ ਭਗਵੰਤ ਕੰਗ ਨੇ ਆਪਣੀ ਵੈੱਬ ਸੀਰੀਜ਼ "ਮੁਰਗਾਬੀਆਂ" ਵਿੱਚ ਲਿਆ ਹੈ। ਕੰਗ ਆਖਦੇ ਨੇ ਕਿ ਧੀਰੇ ਮਾਨ ਵਿੱਚ ਬਹੁਤ ਮਜ਼ਬੂਤ ਅਭਿਨੈ ਅਜੇ ਬਾਕੀ ਹੈ ਤੇ "ਮੁਰਗਾਬੀਆਂ" ਵਿੱਚ ਉਸ ਦਾ ਕਿਰਦਾਰ ਅੱਛਾ ਰੱਖਿਆ ਹੈ। ਧੀਰਾ ਮਾਨ "ਕਾਰਪੇਂਟਰ " ਵਿੱਚ ਵੀ ਕੰਮ ਕਰ ਚੁੱਕੇ ਹਨ ਤੇ ਉਮੀਦ ਹੈ ਕਿ ਉਹ ਗਿੱਪੀ ਗਰੇਵਾਲ, ਐਮੀ ਵਿਰਕ ਆਦਿ ਲੋਕਾਂ ਨਾਲ ਵੀ ਫਿਲਮਾਂ ਕਰਨਗੇ ਤੇ ਮਲਕੀਤ ਰੌਣੀ, ਮਹਾਂਵੀਰ ਗਿੱਲ, ਅੰਮ੍ਰਿਤਪਾਲ ਸਿੰਘ ਬਿੱਲਾ ਦੀ ਤਰਾਂ ਧੀਰੇ ਮਾਨ ਦਾ ਫਿਲਮੀ ਰੁਤਬਾ ਵਧੇਗਾ। ਧੀਰਾ ਮਾਨ ਨੇ "ਮਿਰਜ਼ਾ ਜੱਟ" ਤੋਂ "ਜੱਟ ਜਿਓਣਾ ਮੌੜ," ਤੱਕ ਬਹੁਤ ਸਾਰੀਆਂ ਫ਼ਿਲਮਜ਼ ਕੀਤੀਆਂ ਹਨ।

## ਗੋਗੀ ਘੁਮਾਣ ਦੀ"ਲੋਰ" ਸਟਾਰ ਗਾਇਕ ਬਣਨਾ ਹੈ

ਕੁਲਦੀਪ ਪਾਰਸ ਦੇ ਇਕਲੌਤੇ ਲਾਡਲੇ ਵੀਰਾਂ ਜਿਹੇ ਸ਼ਗਿਰਦ ਪੁੱਤਰ ਗੋਗੀ ਘੁਮਾਣ ਦਾ ਟਿਕਾਣਾ ਅੱਜ ਕਲ ਯੂ ਐਸ ਏ ਹੈ ਤੇ ਗਾਇਕੀ ਉਥੇ ਵੀ ਜ਼ਾਰੀ ਜਿਵੇਂ ਇਥੇ ਸੀ। ਪੰਜਾਬੀ ਫ਼ਿਲਮਾਂ ਕਰਨ ਲਈ ਪਾਰਸ ਨੇ ਮੁੰਬਈ ਤੋਰਿਆ ਸੀ ਪਰ ਤਕਦੀਰ ਅਮਰੀਕਾ ਦਿਖਾ ਗਈ,ਖੈਰ "ਲਾੜਾ ਵਾਰਸਿਜ ਲਾੜੀ" ਦੇ ਬਾਅਦ ਗੋਗੀ ਘੁਮਾਣ ਦਾ ਨਵਾਂ ਟਰੈਕ "ਲੋਰ" ਆਇਆ ਹੈ ਤੇ ਗੋਗੀ ਘੁਮਾਣ ਸਰੋਤਿਆਂ ਦੀ ਆਸ ਤੇ ਸਹੀ ਜਾ ਰਿਹਾ ਹੈ।




ਪੰਜਾਬ ਕਿੰਗ ਮਿਊਜ਼ਿਕ ਵਾਲੇ ਆਖਦੇ ਨੇ ਕਿ "ਲੋਰ" ਇੱਕ ਮਿਠਾਸ ਭਰੀ ਲੋਰ ਹੈ ਤੇ ਸੰਸਾਰ ਭਰ ਵਿੱਚ ਪੰਜਾਬ ਕਿੰਗਜ਼ ਨੇ ਇਸ ਨੂੰ ਸ਼ਾਨਾਂ ਨਾਲ ਜ਼ਾਰੀ ਕੀਤਾ ਹੈ। ਗਾਣੇ ਨੂੰ ਪਵਨ ਨੇ ਸ਼ਿੰਗਾਰ ਕਿ ਲੋਕਾਂ ਤੱਕ ਪਹੁੰਚਾਉਣਾ ਸੀ ਤੇ ਆਪਣੇ ਕੰਮ ਵਿੱਚ ਉਹ ਕਾਮਯਾਬ ਰਿਹਾ ਹੈ। ਗੋਗੀ ਘੁਮਾਣ ਦੀ ਐਲਬਮ "ਲੋਰ" ਵਧੀਆ ਜਾ ਰਹੀ ਹੈ ਤੇ ਐਲਬਮਾਂ ਬਾਅਦ ਫ਼ਿਲਮ ਉਸ ਨੂੰ ਆਪਣੀ ਚਾਹਤ ਯਾਦ ਹੈ ਤੇ ਇਸ "ਲੋਰ" ਨੂੰ ਪੁਗਾਉਣ ਲਈ ਗੋਗੀ ਘੁਮਾਣ ਇਸ ਵੇਲੇ ਸਰਗਰਮ ਹੈ।

# ਬਾਲੀਵੁੱਡ ਖਬਰਨਾਮਾ



ਫ਼ਿਲਮ 'ਪੁਸ਼ਪਾ 2: ਦਿ ਰੂਲ' ਦੀ ਅਦਾਕਾਰਾ ਰਸ਼ਮਿਕਾ ਮੰਦਾਨਾ ਨੇ ਕਿਹਾ ਕਿ ਹੁਣੇ ਜਿਹੇ ਉਸ ਦੇ ਪੈਰ 'ਤੇ ਸੱਟ ਵੱਜ ਗਈ ਸੀ। ਉਸ ਨੂੰ ਉਮੀਦ ਹੈ ਕਿ ਉਹ ਜਲਦੀ ਹੀ ਠੀਕ ਹੋ ਕੇ ਕੰਮ 'ਤੇ ਆਵੇਗੀ। 'ਐਨੀਮਲ', 'ਭੀਸ਼ਮਾ' ਅਤੇ 'ਗੀਤਾ ਗੋਵਿੰਦਮ' ਵਰਗੀਆਂ ਫ਼ਿਲਮਾਂ ਵਿੱਚ ਕੰਮ ਕਰਕੇ ਆਪਣੀ ਪਛਾਣ ਬਣਾਉਣ ਵਾਲੀ ਮੰਦਾਨਾ (28) ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਨੂੰ ਆਪਣੇ ਚਾਹੁਣ ਵਾਲਿਆਂ ਨਾਲ ਸਾਂਝਾ ਕੀਤਾ ਹੈ। ਇਸ ਵਿੱਚ ਉਸ ਨੇ ਦੱਸਿਆ ਕਿ ਉਸ ਦੇ ਪੈਰ 'ਤੇ ਸੱਟ ਵੱਜ ਗਈ ਹੈ। ਉਸ ਨੇ ਇਹ ਜਾਣਕਾਰੀ ਉਸ ਸਮੇਂ ਸਾਂਝੀ ਕੀਤੀ ਜਦੋਂ ਸ਼ੋਸ਼ਲ ਮੀਡੀਆ 'ਤੇ ਉਸ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਪ੍ਰਸਾਰਿਤ ਹੋ ਰਹੀਆਂ ਹਨ। ਮੰਦਾਨਾ ਨੇ ਇੰਸਟਾਗ੍ਰਾਮ 'ਤੇ ਆਪਣੇ ਸੱਜੇ ਪੈਰ 'ਤੇ ਪਲੱਸਤਰ ਲੱਗੀ ਹੋਈ ਤਸਵੀਰ ਸਾਂਝੀ ਕੀਤੀ ਹੈ। ਉਸ ਨੇ ਲਿਖਿਆ ਹੈ ਕਿ ਜਿਮ ਵਿੱਚ ਉਸ ਨੇ ਆਪਣੇ ਆਪ ਸੱਟ ਖਾ ਲਈ। ਇਸ ਲਈ ਉਹ ਕਿਸੇ ਨੂੰ ਦੋਸ਼ ਨਹੀਂ ਦਿੰਦੀ। ਮੰਦਾਨਾ ਨੇ ਸੱਟ ਵੱਜਣ ਕਾਰਨ ਅਗਾਮੀ ਫ਼ਿਲਮਾਂ 'ਥਾਮਾ', 'ਸਿਕੰਦਰ' ਅਤੇ 'ਕੁਬੇਰ' ਦੀ ਸ਼ੂਟਿੰਗ ਵਿੱਚ ਹੋ ਰਹੀ ਦੇਰੀ ਲਈ ਫ਼ਿਲਮ ਨਿਰਦੇਸ਼ਕਾਂ ਤੋਂ ਮੁਆਫ਼ੀ ਮੰਗੀ ਹੈ। ਉਸ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਉਹ ਜਲਦੀ ਹੀ ਸ਼ੂਟਿੰਗ 'ਤੇ ਹਾਜ਼ਰ ਹੋਵੇਗੀ।



ਅਕਸ਼ੈ ਕੁਮਾਰ ਦੀ ਆਉਣ ਵਾਲੀ ਫਿਲਮ 'ਭੂਤ ਬੰਗਲਾ' ਨੂੰ ਲੈ ਕੇ ਉਨ੍ਹਾਂ ਦੇ ਪ੍ਰਸ਼ੰਸਕ ਕਾਫੀ ਉਤਸ਼ਾਹਿਤ ਹਨ। ਇਸ ਡਰਾਉਣੀ-ਕਾਮੇਡੀ ਫਿਲਮ ਦੀ ਸਟਾਰਕਾਸਟ ਵਿੱਚ ਹੁਣ ਅਦਾਕਾਰਾ ਤੱਬੂ ਵੀ ਸ਼ਾਮਲ ਹੋ ਗਈ ਹੈ ਜਿਸ ਤੋਂ ਬਾਅਦ ਪ੍ਰਸ਼ੰਸਕਾਂ ਦੀ ਉਤ-ਸੁਕਤਾ ਹੋਰ ਵਧ ਗਈ ਹੈ। ਇਸ ਸਬੰਧੀ ਤੱਬੂ ਨੇ ਸੋਸ਼ਲ ਮੀਡੀਆ 'ਤੇ ਤਸਵੀਰ ਸ਼ੇਅਰ ਕੀਤੀ ਹੈ ਜਿਸ ਵਿੱਚ ਇਸ ਫਿਲਮ ਦਾ ਸਿਰਲੇਖ ਨਜ਼ਰ ਆ ਰਿਹਾ ਹੈ। ਇਸ ਦੀ ਕੈਪਸ਼ਨ ਵਿੱਚ ਤੱਬੂ ਨੇ ਲਿਖਿਆ, 'ਹਮ ਯਹਾਂ ਬੰਦ ਹੈਂ।' ਇਸ ਫਿਲਮ ਦਾ ਨਿਰਦੇਸ਼ਨ ਪ੍ਰਿਯਦਰਸ਼ਨ ਨੇ ਕੀਤਾ ਹੈ। ਫਿਲਮ ਵਿੱਚ ਅਕਸ਼ੈ ਕੁਮਾਰ ਅਤੇ ਪ੍ਰਿਯਦਰਸ਼ਨ 14 ਸਾਲਾਂ ਬਾਅਦ ਇਕੱਠੇ ਕੰਮ ਕਰਨਗੇ। ਇਸ ਜੋੜੀ ਨੇ ਪਹਿਲਾਂ ਹਿੱਟ ਫਿਲਮਾਂ 'ਹੇਰਾ ਫੇਰੀ', 'ਗਰਮ ਮਸਾਲਾ', 'ਭਾਗਮ ਭਾਗ' ਅਤੇ 'ਭੂਲ ਭੁਲੱਈਆ' ਦਿੱਤੀਆਂ ਹਨ। 'ਭੂਤ ਬੰਗਲਾ' ਦਾ ਨਿਰਮਾਣ ਸ਼ੋਭਾ ਕਪੂਰ ਅਤੇ ਏਕਤਾ ਆਰ ਕਪੂਰ ਦੀ ਬਾਲਾਜੀ ਟੈਲੀਫ਼ਿਲਮਜ਼ ਅਤੇ ਅਕਸ਼ੈ ਕੁਮਾਰ ਦੇ ਪ੍ਰੋਡਕਸ਼ਨ ਹਾਊਸ ਕੇਪ ਆਫ਼ ਗੁੱਡ ਫ਼ਿਲਮਜ਼ ਨੇ ਕੀਤਾ ਹੈ। ਇਹ ਫਿਲਮ ਅਗਲੇ ਸਾਲ 2 ਅਪਰੈਲ ਨੂੰ ਰਿਲੀਜ਼ ਹੋਵੇਗੀ। ਇਸ ਦੌਰਾਨ ਹੌਲੀਵੁੱਡ ਵੈੱਬ ਸੀਰੀਜ਼ 'ਡੂਨ: ਪ੍ਰੋਫੈਂਸ਼ੀ' ਵਿੱਚ ਤੱਬੂ ਨੂੰ ਸਿਸਟਰ ਫ੍ਰਾਂਸਿਸਕਾ ਦੇ ਕਿਰਦਾਰ ਵਿਚ ਖਾਸਾ ਪਸੰਦ ਕੀਤਾ ਜਾ ਰਿਹਾ ਹੈ। ਇਹ ਲੜੀ ਫ੍ਰਾਂਸਿਸਕਾ ਦੇ ਅਤੀਤ ਨੂੰ ਦਰਸਾਉਂਦੀ ਹੈ

## ਡੇਲਨਾਜ਼ ਦੀ 'ਮੰਨਤ' ਨਾਲ ਵਾਪਸੀ



ਅਭਿਨੇਤਰੀ ਡੇਲਨਾਜ਼ ਈਰਾਨੀ ਜਲਦੀ ਹੀ 'ਮੰਨਤ' ਨਾਮਕ ਸ਼ੋਅ ਵਿੱਚ ਹਰਨੀਤ ਦੀ ਭੂਮਿਕਾ ਵਿੱਚ ਨਜ਼ਰ ਆਵੇਗੀ। ਟੀਵੀ ਤੇ ਫਿਲਮ ਸਨਅਤ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਬਿਤਾ ਚੁੱਕੀ ਡੇਲਨਾਜ਼ ਨੇ ਕਿਹਾ ਕਿ ਉਹ ਕਿਸੇ ਵੀ ਸ਼ੋਅ ਵਿੱਚ ਕੰਮ ਕਰਨ ਤੋਂ ਪਹਿਲਾਂ ਚੰਗੀ ਕਹਾਣੀ ਅਤੇ ਭੂਮਿਕਾ ਦੀ ਭਾਲ ਕਰਦੀ ਹੈ, ਪਰ ਇਸ ਤੋਂ ਇਲਾਵਾ, ਹੋਰ ਵੀ ਕਈ ਕਾਰਕ ਹਨ। ਉਸ ਨੇ ਕਿਹਾ, ''ਮੈਂ ਆਪਣੇ ਆਪ ਵਿੱਚ ਸਪੱਸ਼ਟ ਹਾਂ ਕਿ ਜ਼ਿੰਦਗੀ ਦੇ ਇਸ ਪੜਾਅ 'ਤੇ, ਮੈਂ ਸਿਰਫ਼ ਉਹੀ ਕੰਮ ਕਰਨਾ ਚਾਹੁੰਦੀ ਹਾਂ ਜੋ ਮੈਨੂੰ ਖ਼ੁਸ਼ ਕਰੇ।''

ਉਸ ਨੇ ਕਿਹਾ ਕਿ ਉਸ ਨੇ ਬਹੁਤ ਸਾਰੇ ਸ਼ੋਅ ਠੁਕਰਾ ਦਿੱਤੇ ਕਿਉਂਕਿ ਉਨ੍ਹਾਂ ਦੀ ਸ਼ੂਟਿੰਗ ਦੂਰ ਦੀਆਂ ਥਾਵਾਂ 'ਤੇ ਹੋ ਰਹੀ ਸੀ, ਪਰ 'ਮੰਨਤ' ਦੀ ਸ਼ੂਟਿੰਗ ਉਸ ਦੇ ਘਰ ਦੇ ਨਜ਼ਦੀਕ ਹੀ ਇੱਕ ਸਟੂਡੀਓ ਵਿੱਚ ਹੋ ਰਹੀ ਹੈ। ''ਮੈਂ ਸੱਚਮੁੱਚ ਮੁਕਤਾ ਢੋਂਡ ਨਾਲ ਕੰਮ ਕਰਨਾ ਚਾਹੁੰਦੀ ਸੀ। ਮੈਂ ਉਸ ਦੇ ਪਿਛਲੇ ਸ਼ੋਅ ਦੇਖੇ ਹਨ ਜੋ ਸੱਚਮੁੱਚ ਵਧੀਆ ਰਹੇ ਹਨ। ਜਦੋਂ ਮੈਨੂੰ ਇਸ ਸ਼ੋਅ ਲਈ ਸੱਦਾ ਮਿਲਿਆ ਤਾਂ ਮੈਂ ਇਸ ਨੂੰ ਪੱਕੇ ਇਰਾਦੇ ਨਾਲ ਹਾਂ ਕਰ ਦਿੱਤੀ।'

## ਲਵਲੀ ਤੋਂ ਵੱਖਰੀ ਈਸ਼ਾ ਮਾਲਵੀਆ



ਰਵੀ ਦੂਬੇ ਅਤੇ ਸਰਗੁਣ ਮਹਿਤਾ ਆਪਣੇ ਬੈਨਰ ਡ੍ਰੀਮੀਆਤਾ ਡਰਾਮਾ ਦੇ ਅਧਿਕਾਰਤ ਯੂਟਿਊਬ ਪੇਜ 'ਤੇ ਆਪਣਾ ਨਵਾਂ ਵੈੱਬ ਸ਼ੋਅ 'ਲਵਲੀ ਲੋਲਾ' ਰਿਲੀਜ਼ ਕਰਨ ਲਈ ਤਿਆਰ ਹਨ। ਈਸ਼ਾ ਮਾਲਵੀਆ ਸ਼ੋਅ ਵਿੱਚ ਲਵਲੀ ਦੀ ਭੂਮਿਕਾ ਨਿਭਾ ਰਹੀ ਹੈ। ਉਸ ਨੇ ਕਿਹਾ, ''ਉਹ ਬਹੁਤ ਹੀ ਸਾਦੀ ਅਤੇ ਸਿੱਧੀ ਕੁੜੀ ਹੈ ਜੋ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਤੋਂ ਹੀ ਸਿਰਫ਼ ਇੱਕ ਵਿਅਕਤੀ ਨੂੰ ਪਿਆਰ ਕਰਦੀ ਹੈ ਅਤੇ ਉਹ ਵਿਅਕਤੀ ਉਸ ਦੀ ਨਾਨੀ ਹੈ, ਇਸ ਲਈ ਨਾਨੀ ਅਤੇ ਲਵਲੀ ਦੀ ਜੋੜੀ ਸਭ ਤੋਂ ਉੱਪਰ ਹੈ, ਪਰ ਮੈਂ ਲਵਲੀ ਤੋਂ ਬਿਲਕੁਲ ਵੱਖਰੀ ਹਾਂ।''

ਈਸ਼ਾ ਨੇ ਇਹ ਵੀ ਖੁਲਾਸਾ ਕੀਤਾ ਕਿ ਦਰਸ਼ਕਾਂ ਨੂੰ ਲਵਲੀ ਅਤੇ ਲੋਲਾ ਵਿਚਕਾਰ ਬਹੁਤ ਹੀ ਵੱਖਰੀ ਕਿਸਮ ਦਾ ਰਿਸ਼ਤਾ ਦੇਖਣ ਨੂੰ ਮਿਲੇਗਾ - ਇੱਕ ਮਾਂ-ਧੀ ਦੀ ਜੋੜੀ ਜੋ ਇਕੱਠੇ ਨਹੀਂ ਰਹਿ ਰਹੀ ਅਤੇ ਇੱਕ ਆਮ ਮਾਂ-ਧੀ ਦੀ ਜੋੜੀ ਤੋਂ ਬਿਲਕੁਲ ਵੱਖਰੀ ਹੈ। ਉਸ ਨੇ ਕਿਹਾ, ''ਪਿਆਰ ਤੋਂ ਬਿਨਾਂ ਪਹਿਲੀ ਮਾਂ-ਧੀ ਦੀ ਜੋੜੀ, ਪਰ ਹੌਲੀ-ਹੌਲੀ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਅਸਲ ਸਸਪੈਂਸ ਕੀ ਹੈ।'' ਆਪਣੇ ਸਹਿ-ਅਦਾਕਾਰ ਨਿਖਿਲ ਖੁਰਾਨਾ ਨਾਲ ਆਪਣੇ ਸਬੰਧ ਬਾਰੇ ਗੱਲ ਕਰਦਿਆਂ, ਉਸ ਨੇ ਕਿਹਾ ਕਿ ਉਹ ਉਸ ਦਾ ਬਹੁਤ ਚੰਗਾ ਦੋਸਤ ਬਣ ਗਿਆ ਹੈ। ਮੈਨੂੰ ਲੱਗਦਾ ਹੈ ਕਿ ਇਹ ਪਾਗਲਪਨ ਹੋਣ ਵਾਲਾ ਹੈ ਕਿਉਂਕਿ ਕੈਮਰੇ 'ਤੇ ਅਤੇ ਕੈਮਰੇ ਤੋਂ ਬਾਹਰ, ਸਭ ਕੁੱਝ ਅਸੀਂ ਇੱਕ ਪਾਗਲ ਤਿੱਕੜੀ ਵਾਂਗ ਕਰਦੇ ਹਾਂ। ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਦਰਸ਼ਕਾਂ ਲਈ ਅਤੇ ਸਾਡੇ ਲਈ ਵੀ ਕੰਮ ਕਰੇਗਾ।'

**- ਤਰਸੇਮ ਬੱਧਣ**

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





**209-239-1551**

**1003 MOFFAT BLVD., MANTECA, CA 95336**

# HAPPY BAZAAR

## Indian, Pakistani & Fijjian Groceries

**WE ARE OPEN**
**7 DAYS A WEEK**
**9:00 am to 8:30 pm**

RENT DVDS & BUY CLOTHES
ENJOY YOUR DAY WITH HOPES

**We sell Air Tickets**

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

**CALL US**
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

**1304 E Hammer Lane # 7 Stockton CA 95212**

EMAIL : indiabazaar08@yahoo.com